ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 43 | 14 November 2018 to 20 November 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਬਾਦਲਕਿਆਂ ਦੇ ਲਾਡਲੇ ਲੌਂਗੋਵਾਲ ਕੋਲ ਹੀ ਰਹੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ

## • ਸੁਖਬੀਰ ਵਲੋਂ ਐਸਜੀਪੀਸੀ ਮੈਂਬਰਾਂ ਤੇ ਦਮਦਮੀ ਟਕਸਾਲ ਨੂੰ ਪਤਿਆਉਣ ਦੀ ਕੋਸ਼ਿਸ਼ • ਬਾਗੀਆਂ ਦੇ ਨਜ਼ਦੀਕੀਆਂ ਨੂੰ ਵੰਡੀਆਂ ਅਹੁਦਿਆਂ ਦੀਆਂ ਰਿਉੜੀਆਂ

**ਅੰਮ੍ਰਿਤਸਰ ਤੋਂ ਅਮਨਦੀਪ ਕੌਰ ਹਾਂਸ ਦੀ ਵਿਸ਼ੇਸ਼ ਰਿਪੋਰਟ**

ਐਤਕੀਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦਾ ਗੁਣਾ ਕਾਬਜ਼ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬੇਹੱਦ ਕਰੀਬੀ, ਜਾਂ ਜੀ ਹਜ਼ੂਰੀਆ ਵੀ ਕਹਿ ਸਕਦੇ ਹਾਂ, ਭਾਈ ਗੋਬਿੰਦ ਸਿੰਘ ਲੌਂਗੋਵਾਲ ਉਤੇ ਹੀ ਪਿਆ ਹੈ। ਇਸ ਬਾਰੇ ਪਹਿਲਾਂ ਹੀ ਚਰਚਾ ਸੀ ਅਤੇ ਵਧੇਰੇ ਉਮੀਦ ਵੀ ਸੀ, ਕਿਉਂਕਿ ਮਾਝੇ ਅਤੇ ਮਾਲਵੇ ਵਿੱਚ ਟਕਸਾਲੀਆਂ ਦੀ ਬਗਾਵਤ ਮਗਰੋਂ ਅਜਿਹਾ ਕੋਈ ਚਿਹਰਾ ਫਿਲਹਾਲ ਬਾਦਲਾਂ ਨੂੰ ਨਹੀਂ ਦਿਖ ਰਿਹਾ ਸੀ ਜੋ ਉਨ੍ਹਾਂ ਪ੍ਰਤੀ ਵਫਾਦਾਰੀ ਦੇ ਨਾਲ-ਨਾਲ ਕੋਈ ਵਿਵਾਦ ਖੜ੍ਹੇ ਕਰਨ ਵਾਲਾ ਵੀ ਨਾ ਹੋਵੇ। ਲੌਂਗੋਵਾਲ ਦੀ ਦੁਬਾਰਾ ਨਿਯੁਕਤੀ ਨਾਲ ਸੁਖਬੀਰ ਸਿੰਘ ਬਾਦਲ ਨੇ ਇਕ ਤੀਰ ਨਾਲ ਕਈ ਨਿਸ਼ਾਨੇ ਵਿੰਨ੍ਹੇ ਜਾਪਦੇ ਹਨ। ਲੌਂਗੋਵਾਲ ਨੂੰ ਦੁਬਾਰਾ ਜ਼ਿਮੇਵਾਰੀ ਸੌਂਪ ਕੇ ਸੰਗਰੂਰ ਹਲਕੇ 'ਚ ਸੁਖਦੇਵ ਸਿੰਘ ਢੀਂਡਸਾ ਦੇ ਅਸਤੀਫੇ ਨਾਲ ਹੋਣ ਵਾਲੇ ਨੁਕਸਾਨ ਦੀ ਪੂਰਤੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਦੂਜਾ ਭਾਈ ਲੌਂਗੋਵਾਲ ਨੂੰ ਨਾ ਹਟਾ ਕੇ ਇਸ ਅਹੁਦੇ ਲਈ ਹੱਥ-ਪੈਰ ਮਾਰ ਰਹੇ ਦੂਜੇ ਆਗੂਆਂ ਵਿਚੋਂ ਕਿਸੇ ਦੀ ਨਿਯੁਕਤੀ ਕਰਨਾ ਜੋਖਿਮ ਭਰਿਆ ਹੋ ਸਕਦਾ ਸੀ, ਇਸ ਕਰਕੇ ਫਿਲਹਾਲ ਮੁੜ ਲੌਂਗੋਵਾਲ ਦੀ ਨਿਯੁਕਤੀ

ਬਾਕੀ ਸਫ਼ਾ 30 'ਤੇ



**ਕੁਝ ਜਾਣਕਾਰੀ ਭਾਈ ਲੌਂਗੋਵਾਲ ਬਾਰੇ :** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਇਸ ਤੋਂ ਪਹਿਲਾਂ ਤਿੰਨ ਵਾਰ ਵਿਧਾਨ ਸਭਾ ਚੋਣਾਂ ਵਿਚ ਹਾਰ ਦਾ ਸਾਹਮਣਾ ਕਰ ਚੁੱਕੇ ਹਨ। ਸੰਤ ਹਰਚਨ ਸਿੰਘ ਲੌਂਗੋਵਾਲ ਨਾਲ ਸਿਆਸੀ ਜੀਵਨ ਦੀ ਸ਼ੁਰੂਆਤ ਕਰਨ ਵਾਲੇ ਗੋਬਿੰਦ ਸਿੰਘ ਸਾਲ 2000 ਦੌਰਾਨ ਬਾਦਲ ਸਰਕਾਰ ਵਿਚ ਸੂਬੇ ਦੇ ਸਿੰਚਾਈ ਮੰਤਰੀ ਵੀ ਰਹਿ ਚੁੱਕੇ ਹਨ। ਪ੍ਰਾਈਵੇਟ ਤੌਰ 'ਤੇ ਗ੍ਰੈਜੂਏਸ਼ਨ ਕਰ ਚੁੱਕੇ ਗੋਬਿੰਦ ਸਿੰਘ ਲੌਂਗੋਵਾਲ ਸਾਲ 1987 ਵਿਚ ਮਾਰਕਫੈਡ ਪੰਜਾਬ ਦੇ ਚੇਅਰਮੈਨ ਅਤੇ ਸਾਲ 2009 ਵਿਚ ਸੰਗਰੂਰ ਦੇ ਜ਼ਿਲਾ ਯੋਜਨਾ ਬੋਰਡ ਦੇ ਚੇਅਰਮੈਨ ਵੀ ਰਹੇ ਹਨ। ਲੌਂਗੋਵਾਲ ਸਾਲ 1985, 1997 ਅਤੇ 2002 ਵਿਚ ਧਨੌਲਾ ਤੋਂ ਜਿੱਤ ਪ੍ਰਾਪਤ ਕਰਕੇ ਵਿਧਾਇਕ ਰਹੇ। ਇਸ ਤੋਂ ਬਾਅਦ ਸੰਨ 2007 ਅਤੇ 2012 ਵਿਚ ਲਗਾਤਾਰ ਦੋ ਵਾਰ ਚੋਣਾਂ ਹਾਰ ਗਏ। ਇਸ ਦਰਮਿਆਨ ਸੰਨ 2015 ਵਿਚ ਸੰਗਰੂਰ ਵਿਚ ਜ਼ਿਮਨੀ ਚੋਣ ਹੋਈ। ਇਥੇ ਫਿਰ ਅਕਾਲੀ ਦਲ ਵਲੋਂ ਲੌਂਗੋਵਾਲ 'ਤੇ ਕਿਸਮਤ ਅਜ਼ਮਾਈ ਗਈ ਅਤੇ ਇਸ ਚੋਣ ਵਿਚ ਲੌਂਗੋਵਾਲ ਨੇ ਫਤਿਹ ਹਾਸਲ ਕੀਤੀ। ਸੰਨ 2017 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਵਲੋਂ ਭਾਈ ਲੌਂਗੋਵਾਲ ਨੂੰ ਸੁਨਾਮ ਹਲਕੇ ਤੋਂ ਚੋਣ ਮੈਦਾਨ ਵਿਚ ਉਤਾਰਿਆ ਗਿਆ। ਸੂਬੇ ਵਿਚ ਹੋਈਆਂ ਬੇਅਦਬੀਆਂ ਦਾ ਸੇਕ ਭਾਈ ਲੌਂਗੋਵਾਲ ਤੱਕ ਵੀ ਪਹੁੰਚਿਆ ਅਤੇ ਉਹ ਚੋਣ ਹਾਰ ਗਏ।

## ਬਾਗ਼ੀ ਅਕਾਲੀ ਖੋਲ੍ਹਣਗੇ ਜੀਜੇ-ਸਾਲੇ ਦੀਆਂ ਪੋਲਾਂ

### *ਮਜੀਠੀਆ ਦੀ ਨਸ਼ਾ ਤਸਕਰਾਂ ਨਾਲ ਸਾਂਝ : ਬੋਨੀ*

ਚੰਡੀਗੜ੍ਹ : ਆਖਰ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਉੱਤੇ ਸਵਾਲ ਚੁੱਕਣ ਵਾਲੇ ਮਾਝੇ ਦੇ ਦੋ ਟਕਸਾਲੀ ਆਗੂਆਂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਜਥੇਦਾਰ ਡਾ. ਰਤਨ ਸਿੰਘ ਅਜਨਾਲਾ ਨੂੰ ਪੁੱਤਰਾਂ ਸਮੇਤ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਵਿੱਚੋਂ ਛੇ ਸਾਲਾਂ ਲਈ ਕੱਢ ਦਿੱਤਾ ਹੈ। ਪਿਛਲੇ ਹਫ਼ਤੇ ਪਾਰਟੀ ਲੀਡਰਸ਼ਿਪ ਖਿਲਾਫ਼ ਬਗ਼ਾਵਤ ਦਾ ਬਿਗਲ ਵਜਾਉਣ ਵਾਲੇ ਟਕਸਾਲੀ ਆਗੂ ਜਥੇਦਾਰ ਸੇਵਾ ਸਿੰਘ ਸੇਖਵਾਂ ਨੂੰ ਵੀ ਪਾਰਟੀ ਵਿਚੋਂ ਕੱਢ ਦਿੱਤਾ ਸੀ।

ਕੋਰ ਕਮੇਟੀ ਦੇ ਇਸ ਫੈਸਲੇ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਜਿਥੇ ਮਾਝੇ ਵਿਚ ਵੱਡੀ ਢਾਹ ਲੱਗਣ ਦੇ ਆਸਾਰ ਹਨ, ਉਥੇ ਇਨ੍ਹਾਂ ਆਗੂਆਂ ਕੋਲ ਹੁਣ ਨਵੀਂ ਪਾਰਟੀ ਬਣਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿ ਗਿਆ।

**ਅਕਾਲੀ ਸੀ-ਅਕਾਲੀ ਹੀ ਰਹਾਂਗੇ :** ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਫ਼ੈਸਲੇ ਦਾ ਉਸ ਦਿਨ ਹੀ ਪਤਾ ਸੀ ਜਦੋਂ ਉਨ੍ਹਾਂ ਨੇ ਅਹੁਦਿਆਂ ਤੋਂ ਅਸਤੀਫੇ ਦਿੱਤੇ ਸਨ। ਅਸੀਂ ਕੁਝ ਦਿਨਾਂ ਵਿਚ ਮੀਟਿੰਗ ਕਰ ਕੇ ਅਗਲੀ ਰਣਨੀਤੀ ਤੈਅ ਕਰਾਂਗੇ। ਸਾਡੇ ਪੱਲੇ ਸੱਚ ਹੈ ਤੇ ਪਾਪੀਆਂ ਕੋਲ ਕੋਈ ਜੁਆਬ ਨਹੀਂ ਹੈ। ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੱਡੀ ਢਾਹ ਲਾਉਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਥਾਰਿਟੀ ਦਾ ਸਤਿਆਨਾਸ ਕਰਨ ਵਿਰੁਧ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਬਿਕਰਮ ਮਜੀਠੀਆ ਦਾ ਅਸਤੀਫ਼ਾ ਮੰਗਿਆ । ਉਨ੍ਹਾਂ ਆਖਿਆ ਕਿ ਉਹ ਅਕਾਲੀ ਪੈਦਾ ਹੋਏ ਸਨ, ਅਕਾਲੀ ਹਨ ਅਤੇ ਅਕਾਲੀ ਹੀ ਰਹਿਣਗੇ।

ਸਾਬਕਾ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ ਨੇ ਆਖਿਆ ਕਿ ਉਨ੍ਹਾਂ ਨੂੰ ਤਾਂ ਪਾਰਟੀ ਨੇ ਪੰਜ ਸਾਲ ਪਹਿਲਾਂ ਹੀ ਵਿਸਾਰ ਦਿੱਤਾ ਸੀ। ਉਨ੍ਹਾਂ ਆਖਿਆ ਕਿ ਪਾਰਟੀ 'ਤੇ ਇਸ ਵੇਲੇ ਇਕ ਪਰਿਵਾਰ ਦਾ ਰਾਜ ਬਣਿਆ ਹੋਇਆ ਹੈ ਅਤੇ ਤਾਨਾਸ਼ਾਹੀ ਫ਼ੈਸਲੇ ਕੀਤੇ ਜਾ ਰਹੇ ਹਨ ਜਿਸ ਦਾ ਉਨ੍ਹਾਂ ਪਾਰਟੀ ਹਿੱਤ ਕਾਰਨ ਵਿਰੋਧ ਕੀਤਾ ਹੈ।

**ਮਜੀਠੀਆ ਦੀ ਨਸ਼ਾ ਤਸਕਰਾਂ ਨਾਲ ਸਾਂਝ :** ਬ੍ਰਹਮਪੁਰਾ, ਅਜਨਾਲਾ ਤੇ ਸੇਖਵਾਂ ਨੇ ਕਿਹਾ ਕਿ ਸੁਖਬੀਰ ਤੇ ਮਜੀਠੀਆ ਨੇ ਅਕਾਲੀ ਦਲ ਨੂੰ ਹਾਈਜੈੱਕ ਕੀਤਾ ਹੈ। ਉਹ ਸੁਖਬੀਰ, ਮਜੀਠੀਆ ਨੂੰ ਲੋਕਾਂ ਦੀ ਕਚਹਿਰੀ ਵਿੱਚ ਬੇਨਕਾਬ ਕਰਨਗੇ।

ਬਾਕੀ ਸਫ਼ਾ 30 'ਤੇ

## ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

**ਵੈਨਕੂਵਰ/ਬਿਊਰੋ ਨਿਊਜ਼ :** ਕੈਨੇਡਾ ਦੇ ਸ਼ਹਿਰ ਐਬਟਸਫੋਰਡ 'ਚ ਇਕ 19 ਸਾਲਾ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ



ਹੱਤਿਆ ਕਰ ਦਿੱਤੀ ਗਈ ਹੈ। ਮ੍ਰਿਤਕ ਦੀ ਪਛਾਣ ਜੰਗਵੀਰ ਸਿੰਘ ਮੱਲੀ ਵਜੋਂ ਹੋਈ ਹੈ। ਐਬਟਸਫੋਰਡ ਪੁਲੀਸ ਦੇ ਬੁਲਾਰੇ ਸਾਰਜੈਂਟ ਜੂਡੀ ਬਰਡ ਅਨੁਸਾਰ ਹਮਲਾਵਰਾਂ ਨੇ ਜੰਗਵੀਰ ਸਿੰਘ ਮੱਲੀ ਨੂੰ ਸਿੰਪਸਨ ਰੋਡ ਅਤੇ ਰੌਸ ਰੋਡ ਦੇ ਚੌਕ 'ਚ ਘੇਰ ਲਿਆ ਅਤੇ ਉਸ ਦੇ ਕਈ ਗੋਲੀਆਂ ਮਾਰੀਆਂ। ਗੰਭੀਰ ਜ਼ਖ਼ਮੀ ਹਾਲਤ 'ਚ ਉਸ ਨੂੰ ਏਅਰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ, ਜਿੱਥੇ ਜ਼ਖ਼ਮਾਂ ਦੀ ਤਾਬ ਨਾ ਸਹਿੰਦੇ ਹੋਏ ਉਹ ਦਮ ਤੋੜ ਗਿਆ। ਦੱਸਿਆ ਜਾਂਦਾ ਹੈ ਕਿ ਜੰਗਵੀਰ ਬਾਸਕਟਬਾਲ ਦਾ ਉਘਾ ਖਿਡਾਰੀ ਸੀ।

## ਦੱਖਣੀ ਕੈਲੀਫੋਰਨੀਆ 'ਚ ਅੱਗ ਨਾਲ ਭਾਰੀ ਤਬਾਹੀ

### ਰਾਸਟਰਪਤੀ ਡੋਨਾਲਡ ਟਰੰਪ ਵਲੋਂ ਵੱਡੀ ਤਬਾਹੀ ਦਾ ਐਲਾਨ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਦੱਖਣੀ ਕੈਲੀਫੋਰਨੀਆ ਦੇ ਜੰਗਲਾਂ ਵਿਚ ਦੋ ਥਾਈਂ ਲੱਗੀ ਅੱਗ ਨੇ ਆਪਣਾ ਭਿਆਨਕ ਰੂਪ ਅਖਤਿਆਰ ਕਰ ਲਿਆ। ਹੁਣ ਤਕ ਪੁਲੀਸ ਤੇ ਖੋਜੀ ਟੀਮਾਂ ਨੇ 44 ਵਿਆਕਤੀਆਂ ਦੀਆਂ ਲਾਸ਼ਾਂ ਬਰਾਮਦ ਹੋਣ ਦੀ ਪੁਸ਼ਟੀ ਕੀਤੀ ਹੈ। ਇਹ ਕੈਲੀਫੋਰਨੀਆ ਰਾਜ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਜਦੋਂ ਇਕ ਜੰਗਲੀ ਅੱਗ ਤੋਂ ਮਨੁੱਖੀ ਜੀਵਨ ਦਾ ਇੰਨਾ ਵੱਡਾ ਨੁਕਸਾਨ ਹੋਇਆ ਹੋਵੇ। ਇਸ ਤੋਂ ਪਹਿਲਾਂ ਲਾਸ ਏਂਜਲਸ ਦੇ ਗਰਿੱਫਿਥ ਪਾਰਕ ਵਿਚ ਸੰਨ 1933 ਵਿਚ 29 ਵਿਆਕਤੀ ਮਰੇ ਸਨ। ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਦੀ ਮੰਗ ਉਤੇ ਇਕ ਵੱਡੀ ਤਬਾਹੀ ਦੀ ਘੋਸ਼ਣਾ ਕੀਤੀ ਹੈ। ਇਸ ਨਾਲ ਸੂਬੇ ਦੇ



ਫਾਇਰ ਬ੍ਰਿਗੇਡ ਖੇਤਰਾਂ ਲਈ ਫੈਡਰਲ ਐਮਰਜੈਂਸੀ ਸਹਾਇਤਾ ਉਪਲਬਧ ਹੋ ਗਈ ਹੈ। ਚਸ਼ਮਦੀਦਾਂ ਮੁਤਾਬਕ ਕੈਂਪ ਫਾਇਰ ਪੀੜਤਾਂ ਦੇ ਕੁਝ ਵਾਹਨ ਗਲੀਆਂ ਵਿਚ ਹੀ

ਬਾਕੀ ਸਫ਼ਾ 30 'ਤੇ

## ਮੋਦੀ ਮਾਰਕਾ ਰਾਜਨੀਤੀ ਦਾ ਝੂਠੀਆਂ ਖਬਰਾਂ ਨਾਲ ਗਹਿਰਾ ਸਬੰਧ

**ਲੰਡਨ/ਬਿਊਰੋ ਨਿਊਜ਼ :**

ਅੰਤਰਰਾਸ਼ਟਰੀ ਮੀਡੀਆ ਜਗਤ ਵਿਚ ਇਕ ਭਰੋਸੇਯੋਗ ਤੇ ਅਹਿਮ ਸ਼ਾਖ ਰੱਖਣ ਵਾਲੀ ਸੰਸਥਾ ਬ੍ਰਿਟਿਸ਼ ਬਰਾਡਕਾਸਟਿੰਗ ਕਾਰਪੋਰੇਸ਼ਨ (ਬੀਬੀਸੀ) ਵਲੋਂ ਕੀਤੀ ਘੋਖ ਦੀ ਮੰਨੀਏ ਤਾਂ ਭਾਰਤ ਵਿਚ ਫੇਕ ਨਿਊਜ਼ ਦਾ ਭਗਵਾਂ ਕੱਟੜਵਾਦ ਨਾਲ ਗਹਿਰਾ ਸਬੰਧ ਹੈ। ਬਹੁਤੇ ਲੋਕ ਫ਼ਰਜ਼ੀ ਖ਼ਬਰਾਂ ਅਤੇ ਸੁਨੇਹਿਆਂ ਨੂੰ ਬਿਨਾ ਸੋਚੇ-ਸਮਝੇ ਅਤੇ ਛਾਣਬੀਣ ਕੀਤੇ ਦੂਜੇ ਲੋਕਾਂ ਨੂੰ ਭੇਜ ਦਿੰਦੇ ਹਨ। ਭਾਰਤ ਵਿਚ ਅਜਿਹੇ ਬਹੁਤੇ ਸੁਨੇਹਿਆਂ ਨੂੰ ਕੱਟੜ ਕੌਮਪ੍ਰਸਤੀ

ਬਾਕੀ ਸਫ਼ਾ 30 'ਤੇ




















COVERED CALIFORNIA
ਆਸਾਨ। ਸਥਾਨਕ।
ਕਿਫਾਇਤੀ ਸਹਿਤ-ਸੰਭਾਲ।
VHP
ਆਪਣੀ ਜ਼ਿੰਦਗੀ ਜੋਸ਼ ਨਾਲ ਜੀਓ — ਅਸੀ ਤੁਹਾਡਾ ਪੂਰਾ ਧਿਆਨ ਰੱਖਾਂਗੇ। ਇਕ ਸਥਾਨੀ ਸਹਿਤ ਯੋਜਨਾ ਜਸਿ ਉੱਤੇ ਤੁਸੀ ਭਰੋਸਾ ਕਰ ਸਕਦੇ ਹੋ; ਉਸ ਤੋ ਭਰੋਸੇਯੋਗ, ਕਿਫਾਇਤੀ ਸਹਿਤ ਬੀਮਾ ਪਾਓ। VHP ਤੁਹਾਨੂੰ ਦੇਖਭਾਲ ਅਤੇ ਮਨ ਦੀ ਸਾਂਤੀ ਪ੍ਰਦਾਨ ਕਰਦੇ ਹਨ:
✔ Santa Clara County ਵਿੱਚ ਸਭ ਤੋ ਘੱਟ ਕੀਮਤ ਦੇ bronze, silver, gold, ਅਤੇ platinum ਪਲਾਨ
✔ ਭਰੋਸੇਯੋਗ, ਉੱਚ-ਗੁਣਵੱਤਾ ਵਾਲੀ ਕਵਰੇਜ
✔ ਡਾਕਟਰਾਂ ਅਤੇ ਮਾਹਰਿਾਂ ਦਾ ਇਕ ਵੱਡਾ ਪ੍ਰਦਾਤਾ ਨੈੱਟਵਰਕ
✔ ਵਧੀਆ ਗਾਹਕ ਸੇਵਾ — ਤੁਹਾਡੀ ਭਾਸ਼ਾ ਵਿੱਚ
ਹੁਣੇ ਨਾਮਾਂਕਣ ਕਰਾਓ। dukana1.myvhp.org 'ਤੇ ਜਾਓ ਜਾਂ 669.236.2263 'ਤੇ ਫੋਨ ਕਰੋ
VHP is a proud partner of Covered California. Owned and operated by Santa Clara County. Covered California is a registered trademark of the State of California.
3150_NONMEM_NEWS_P


GP THE GOLD PROGRAM
NATIONAL ACCOUNT TIRE SAVINGS AND BENEFITS
As a Trans-Alliance customer, you have access to our national accounts with most major tire brands.
The Gold Program allows you to purchase premium tires at deep discounts. In addition to stock purchases, you also have access to your pricing over-the-road. Save an average of $40/tire.
Consistent Nationwide Pricing
Pay the same low price whether you buy over-the-road or at your local dealer.
24/7/365 Coverage
Call us around the clock, and get access to our emergency roadside service program.
No Minimum Purchases
Buy only the number of tires you want at any given time.
Retain Your Local Service
Buy and receive service from your local dealer, and receive our national account service pricing.
— Save on top brands, like —
MICHELIN
Continental
GOODYEAR
BFGoodrich
DUNLOP
YOKOHAMA
KUMHO TIRES
ROADMASTER TIRES
TRANS-ALLIANCE
Trans-Alliance knows that every dollar counts.
That's why they want to help you save on your tire purchases. Trans-Alliance customers receive nationwide discounts and benefits with most major tire brands.
Don't overpay for your tires. Contact Trans-Alliance today to learn more and request a free quote.
sales@trans-alliance.com
(855) 641-6955


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and
INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

# ਗੁਰਦੁਆਰਾ ਸਾਹਿਬ ਪਿਲਪੀਟਸ 'ਚ ਹੋਈ ਸਿੱਖ ਨਸਲਕੁਸ਼ੀ ਤੇ ਪੈਨਸਿਲਵੇਨੀਆ ਸਾਇਨਾਗਾਗ ਕਤਲੇਆਮ ਨੂੰ ਸਮਰਪਿਤ ਵਿਚਾਰ-ਗੋਸ਼ਟੀ








**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ :**
ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦੇ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਸੈਮੀਨਾਰ ਹਾਲ ਵਿਚ ਇਕ ਵਿਚਾਰ ਗੋਸ਼ਟੀ ਸਿੱਖ ਨਸਲਕੁਸ਼ੀ-1984 ਉਤੇ ਕਰਵਾਈ ਗਈ, ਜਿਸ ਵਿਚ ਪਿਛਲੇ ਹਫਤੇ ਪੈਨਸਿਲਵੇਨੀਆ ਦੇ ਸ਼ਹਿਰ ਪਿਟਸਬਰਗ ਵਿਚ ਯਹੂਦੀਆਂ ਦੇ ਧਾਰਮਿਕ ਸਥਾਨ ਸਇਨਾਗਾਗ ਵਿਚ ਇਕ ਨਸਲਵਾਦੀ ਬੰਦੂਕਧਾਰੀ ਵੱਲੋਂ 11 ਯਹੂਦੀਆਂ ਦੇ ਕਤਲੇਆਮ ਉਤੇ ਵੀ ਦੁਖ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਦੱਸਿਆ ਗਿਆ ਕਿ ਭਾਰਤ







ਸਰਕਾਰ ਦੁਆਰਾ ਵਹਿਸ਼ੀਆਨਾ ਢੰਗ ਨਾਲ ਹਜ਼ਾਰਾਂ ਸਿੱਖ ਕਤਲ ਕਰ ਦਿੱਤੇ ਗਏ ਸਨ, ਜਿਨਾਂ ਵਿਚ ਨੌਜਵਾਨ, ਬਜ਼ੁਰਗ, ਬੀਬੀਆਂ, ਬੱਚੇ ਭਾਵ ਹਰ ਉਮਰ ਦੇ ਸਿੱਖਾਂ ਦਾ ਬੜੀ ਦਰਿੰਦਗੀ ਨਾਲ ਕਤਲੇਆਮ ਕਰਵਾਇਆ ਗਿਆ ਸੀ। ਉਸ ਕਤਲੇਆਮ ਦੀ ਯਾਦ ਹਰ ਸਾਲ ਪੂਰੇ ਸੰਸਾਰ ਵਿਚ ਸਿੱਖ ਕੌਮ ਵੱਲੋਂ ਮਨਾਈ ਜਾਂਦੀ ਹੈ। ਅਮਰੀਕਾ, ਕੈਨੇਡਾ ਤੇ ਹੋਰ ਦੇਸ਼ਾਂ ਨੇ ਇਸ ਕਤਲੇਆਮ ਨੂੰ ਨਸਲਘਾਤ ਦਾ ਨਾਮ ਦਿੱਤਾ ਹੈ, ਜਿਸ ਵਿਚ ਅਮਰੀਕਾ ਦੇ ਕਈ ਰਾਜਾਂ ਦੀਆਂ ਵਿਧਾਨ ਸਭਾਵਾਂ ਤੇ ਕਈ ਅਮਰੀਕੀ ਸ਼ਹਿਰਾਂ ਦੀਆਂ ਸਰਕਾਰਾਂ ਸ਼ਾਮਲ ਹਨ।ਆਪਣੇ ਆਪਣੇ ਤੌਰ ਤੇ ਗੁਰਦੁਆਰਾ ਸਾਹਿਬਾਨਾਂ ਵਿਚ ਵੀ ਇਸ ਨਸਲਘਾਤ ਨੂੰ ਯਾਦ ਕੀਤਾ ਜਾਂਦਾ ਹੈ ਤੇ ਕਈ ਥਾਂ ਸੈਮੀਨਾਰ ਹੁੰਦੇ ਹਨ।

ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦੇ ਪ੍ਰਬੰਧਕਾਂ ਨੇ ਮਰਹੂਮ ਗਿਆਰਾਂ ਯਹੂਦੀਆਂ ਤੇ ਸਿੱਖ ਨਸਲਕੁਸ਼ੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਇਲਾਕੇ ਦੇ ਸਟੇਟ ਅਸੈਂਬਲੀ ਮੈਂਬਰ ਜਨਾਬ ਕੈਨਸਨ ਚੂ ਨੂੰ ਵਿਸ਼ੇਸ਼ ਤੌਰ 'ਤੇ ਸੱਦਿਆ ਸੀ। ਤਜਿੰਦਰ ਸਿੰਘ ਧਾਮੀ ਦੇ ਵਿਸ਼ੇਸ਼ ਯਤਨਾਂ ਸਕਦਾ ਵਿਧਾਨ ਸਭਾ ਮੈਂਬਰ, ਗੁਰਦੁਆਰਾ ਸਾਹਿਬ ਆਏ ਸਨ। ਸਟੇਜ ਦੀ ਕਾਰਵਾਈ ਸ੍ਰ. ਹਰਪੀਤ ਸਿੰਘ ਸੰਧੂ ਨੇ ਨਿਭਾਈ

ਬਾਕੀ ਸਫ਼ਾ 32 'ਤੇ

# ਕੈਨੇਟਿਕਟ ਆਗੂਆਂ ਵੱਲੋਂ ਸਿੱਖ ਨਸਲਕੁਸ਼ੀ ਕਨੂੰਨ ਦੀ ਹਮਾਇਤ ਤੇ ਸਿੱਖਾਂ ਦੇ ਹੱਕ ਵਿਚ ਖੜ੍ਹਨ ਦਾ ਫੈਸਲਾ

## ਸਵਰਨਜੀਤ ਸਿੰਘ ਖਾਲਸਾ ਦੇ ਉਦਮ ਸਦਕਾ ਸਮਾਗਮ ਨੇਪਰੇ ਚੜ੍ਹਿਆ






**ਕੈਨੈਟਿਕਟ/ਬਿਊਰੋ ਨਿਊਜ਼ :**
ਸੰਨ 1984 ਦੇ ਸਿੱਖ ਕਤਲੇਆਮ ਦੀ 34 ਵਰੇਗੰਢ ਕੈਨੈਟਿਕਟ ਸਟੇਟ ਦੀ ਰਾਜਧਾਨੀ ਹਾਰਡਫੋਰਟ ( ਅਮਰੀਕਾ ) ਵਿਚ ਸਟੇਟ ਕੈਪੀਟਲ ਬਿਲਡਿੰਗ ਵਿਚ ਮਨਾਈ ਗਈ ਤੇ ਇਹ ਪ੍ਰੋਗਰਾਮ 12 ਤੋਂ 3 ਅਰਥਾਤ ਤਿੰਨ ਘੰਟੇ ਚੱਲਿਆ।ਸ਼ੁਰੂਆਤ ਅਰਦਾਸ ਕਰਕੇ ਕੀਤੀ ਗਈ ਤੇ ਪ੍ਰੋਗਰਾਮ ਦਾ ਅੰਤ ਦੇਹਿ ਸ਼ਿਵਾ ਨਾਲ ਕੀਤਾ ਗਿਆ। ਯਾਦ ਰਹੇ ਪਿਛਲੇ ਦਿਨੀ ਕੈਨੈਟਿਕਟ ਦੀ ਅਸੰਬਲੀ ਵਿਚ 1984 ਦੇ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਵਜੋਂ ਸਰਕਾਰੀ ਤੌਰ ਤੇ ਐਲਾਨਿਆ ਗਿਆ ਸੀ ।ਸਿਖ ਨਸਲਕੁਸ਼ੀ ਪੀੜਤ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਇੰਡੀਆ ਪ੍ਰਧਾਨ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਆਪਣੀ ਬੀਤੀ ਦਾਸਤਾਨ ਪ੍ਰਗਟ ਕਰਦਿਆਂ ਦਸਿਆ ਕਿ ਅਸੀਂ ਭਾਵੇਂ ਬਚ ਗਏ ,ਪਰ ਸਾਡੇ ਕਾਰੋਬਾਰ ਤਬਾਹ ਕਰ ਦਿਤੇ ਗਏ । ਸਿੱਖਾਂ ਦੀ ਜਾਇਦਾਦ ਦੀ ਸਾੜ-ਫੂਕ ਅਤੇ ਲੁੱਟਮਾਰ ਦੀਆਂ ਇਕੱਲੇ ਨਵੀਂ ਦਿੱਲੀ ਵਿਚ ਹੀ 10,897 ਘਟਨਾਵਾਂ ਵਾਪਰੀਆਂ ਪਰ ਏਨੀਆਂ ਘਟਨਾਵਾਂ ਬਦਲੇ ਜੇਕਰ ਤੁਛ ਗਿਣਤੀ ਦੋਸ਼ੀਆਂ ਨੂੰ ਮਾਮੂਲੀ ਸਜ਼ਾਵਾਂ ਵੀ ਹੋਈਆਂ ਤਾਂ ਉਹ ਤੁਰੰਤ ਜ਼ਮਾਨਤਾਂ 'ਤੇ ਰਿਹਾਅ ਹੋ ਗਏ । ਉਹਨਾਂ ਦਸਿਆ ਕਿ ਹੁਣ ਅਮਰੀਕਾ ਦੇ ਕਨੈਕਟੀਕਟ ਸਟੇਟ ਵਿਚ ਹਰ ਸਾਲ ਰਹਿੰਦੀ ਦੁਨੀਆਂ ਤਕ ਇਕ ਨਵੰਬਰ ਨੂੰ ਸਿੱਖ ਜੈਨੋਸਾਈਡ ਰਿਮੈਂਬਰੈਂਸ ਡੇਅ ਵਜੋਂ ਮਨਾਇਆ ਜਾਇਆ ਕਰੇਗਾ। ਇਹ ਬਿੱਲ ਕਨੈਕਟੀਕੱਟ ਸਟੇਟ ਦੀ ਜਨਰਲ ਅਸੈਂਬਲੀ ਵਿਚ ਪਾਸ ਹੋ ਚੁਕਾ ਹੈ। ਹੁਣ ਇਹ ਕਨੂੰਨ ਬਣ ਗਿਆ ਹੈ।ਇਹ ਵਿਲੱਖਣ ਤੇ ਚੁਣੌਤੀ ਭਰਪੂਰ ਕਾਰਜ ਖਾਲਸਾ ਪੰਥ ਦੇ ਝੰਡੇ ਹੇਠ ਸਵਰਨਜੀਤ ਸਿੰਘ ਖਾਲਸਾ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ , ਹਿੰਮਤ ਸਿੰਘ, ਗੁਰਨਿੰਦਰ ਸਿੰਘ ਧਾਲੀਵਾਲ

ਬਾਕੀ ਸਫ਼ਾ 32 'ਤੇ



# ਭਾਰਤੀ ਮੂਲ ਦੇ ਪ੍ਰਮਿਲਾ ਜੈਪਾਲ, ਰੋ ਖੰਨਾ, ਐਮੀ ਬੇਰਾ ਅਤੇ ਰਾਜਾ ਕ੍ਰਿਸ਼ਨਾਮੂਰਥੀ ਨੇ ਮੁੜ ਚੋਣ ਜਿੱਤੀ









**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :**
ਕਾਂਗਰਸ ਦੇ ਚਾਰ ਅਮਰੀਕਨ ਮੈਂਬਰਾਂ, ਪ੍ਰਮਿਲਾ ਜੈਪਾਲ, ਰੋ ਖੰਨਾ, ਐਮੀ ਬੇਰਾ ਅਤੇ ਰਾਜਾ ਕ੍ਰਿਸ਼ਨਾਮੂਰਥੀ ਸਾਰੇ ਮੱਧਕਾਲੀ ਚੋਣਾਂ ਵਿਚ ਮੁੜ ਚੁਣੇ ਗਏ ਹਨ।ਯੂਐਸ ਪ੍ਰਤੀਨਿਧਾਂ ਦੀ ਤਿੱਕੜੀ ਜੈਪਾਲ, ਖੰਨਾ ਅਤੇ ਕ੍ਰਿਸ਼ਨਾਮੂਰਥੀ ਸਾਰੇ ਆਪੋ-ਆਪਣੀਆਂ ਸੀਟਾਂ 'ਤੇ ਜਿੱਤੇ ਹੀ ਉਥੇ ਨਾਲ ਹੀ ਕੈਲੀਫੋਰਨੀਆ ਦੇ ਸੈਕਰਾਮੈਂਟੋ ਦੇ 7ਵੇਂ ਕਾਂਗਰੇਸ਼ਨਲ ਡਿਸਟ੍ਰਿਕਟ ਵਿਚ ਲੰਮੇ ਸਮੇਂ ਤੋਂ ਯੂਐਸ ਦੇ ਨੁਮਾਇੰਦੇ ਐਮੀ ਬੇਰਾ ਨੇ ਇਸ ਵਾਰ ਵੀ ਨਜ਼ਦੀਕੀ ਮੁਕਾਬਲੇ ਵਿਚ ਜਿੱਤ ਪ੍ਰਾਪਤ ਕੀਤੀ। ਡੈਮੋਕਰੇਟਿਕ ਪਾਰਟੀ ਨੇ ਪ੍ਰਤੀਨਿਧੀ ਹਾਊਸ ਦੇ ਨਿਯੰਤਰਣ 'ਤੇ ਮੁੜ ਕਬਜ਼ਾ ਕਰਦਿਆਂ 225 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ, ਜਦਕਿ ਅਮਰੀਕੀ ਸੈਨੇਟ ਚ ਰਿਪਬਲਿਕਨ ਦਾ ਕੰਟਰੋਲ ਹੈ। ਜੈਪਾਲ, ਜੋ ਵਾਸ਼ਿੰਗਟਨ ਡੀਸੀ. ਵਿਚ ਆਪਣੇ ਪਹਿਲੇ ਦੋ ਸਾਲਾਂ ਵਿਚ ਬਹੁਤ ਸਰਗਰਮ ਰਹੀ ਹੈ, ਨੇ ਸਿਆਟਲ ਖੇਤਰ 'ਚ ਵਾਸ਼ਿੰਗਟਨ ਦੇ 7ਵੇਂ ਕਾਂਗਰੇਸ਼ਨਲ ਜ਼ਿਲ੍ਹੇ ਵਿਚ ਜਿੱਤ ਪ੍ਰਾਪਤ ਕੀਤੀ। ਰਿਪਬਲਿਕਨ ਕਰੈਗ ਕੈਲੇਰ ਦੁਆਰਾ ਚੁਣੌਤੀ ਦੇਣ ਵਾਲੇ ਜੈਪਾਲ ਨੂੰ 224,351 ਵੋਟਾਂ ਨਾਲ 83.4 ਫੀਸਦੀ ਵੋਟਾਂ ਮਿਲੀਆਂ। ਕੈਲੇਰ ਨੂੰ ਸਿਰਫ 16.6 ਫੀ ਸਦੀ ਵੋਟਾਂ ਨਾਲ 44,732 ਅੰਕ ਪ੍ਰਾਪਤ ਹੋਏ। ਜੈਪਾਲ ਨੇ ਇਕ ਬਿਆਨ ਵਿਚ ਕਿਹਾ, ਕਿ "ਮੈਂ ਵਾਸ਼ਿੰਗਟਨ ਦੇ 7ਵੇਂ ਡਿਸਟ੍ਰਿਕ ਦੇ ਨਿਰਣਾਇਕ ਸਮਰਥਨ ਨਾਲ ਕਾਂਗਰਸ ਚ ਵਾਪਸ ਆਉਣ ਅਤੇ ਇਸ ਪ੍ਰਗਤੀਸ਼ੀਲ ਅਤੇ ਉਮੀਦ ਭਰੇ ਜ਼ਿਲ੍ਹੇ ਦੀਆਂ ਕਦਰਾਂ-ਕੀਮਤਾਂ ਨਾਲ ਖੜ੍ਹੇ ਹੋਣ ਲਈ ਬਹੁਤ ਮਾਣ ਮਹਿਸੂਸ ਕਰ ਰਹੀ ਹਾਂ। ਹੁਣ ਅਸੀਂ ਸਰਕਾਰ ਦੀਆਂ ਸ਼ਾਖਾਵਾਂ ਵਿਚਕਾਰ ਸ਼ਕਤੀ ਦਾ ਸੰਤੁਲਨ ਬਹਾਲ ਕਰਨਾ ਸ਼ੁਰੂ ਕਰ ਰਹੇ ਹਾਂ ਅਤੇ ਟਰੰਪ ਪ੍ਰਸ਼ਾਸਨ ਦੀਆਂ ਡੂੰਘੀਆਂ ਵਿਨਾਸ਼ਕਾਰੀ ਨੀਤੀਆਂ ਵਿਰੁੱਧ ਹੋਰ ਜ਼ਿਆਦਾ ਮਜ਼ਬੂਤੀ ਨਾਲ ਕੰਮ ਰਹੇ ਰਹੇ ਹਾਂ।"

ਸਦਨ ਦੇ ਨਵੇਂ ਮੈਂਬਰਾਂ ਦੀ ਗਿਣਤੀ ਦਾ ਜ਼ਿਕਰ ਕਰਦੇ ਹੋਏ ਜੈਪਾਲ ਨੇ ਕਿਹਾ, ਕਿ ਅਸੀਂ ਅਜਿਹੀ ਲਹਿਰ ਬਣਾ ਰਹੇ ਹਾਂ ਜੋ ਸੱਚਮੁੱਚ ਇਸ ਦੇਸ਼ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦੀ ਹੋਵੇਗੀ। ਹਰ ਦਿਨ ਅਸੀਂ ਇਸ ਤੇਜ਼ੀ ਨਾਲ ਯਤਨ ਜਾਰੀ ਰੱਖਾਂਗੇ। ਨਵੇਂ ਵਿਚਾਰਾਂ ਅਤੇ ਨੀਤੀਆਂ ਨੂੰ ਉਠਾਵਾਂਗੇ, ਜੋ ਕਿਰਤ ਕਰਨ ਵਾਲੇ ਪਰਿਵਾਰਾਂ ਦੀ ਆਰਥਿਕ ਸੁਰੱਖਿਆ ਵਧਾਉਣਗੇ, ਹਰੇਕ ਅਮਰੀਕੀ ਨੂੰ ਸਿਹਤ ਸੰਭਾਲ ਮੁਹਈਆ ਕਰਾਉਣਗੇ ਅਤੇ ਦੇਸ਼ ਨੂੰ ਇਨਸਾਫ ਅਤੇ ਸਾਰਿਆਂ ਲਈ ਤਰੱਕੀ ਦੇ ਵਾਅਦੇ ਨੂੰ ਪੂਰਾ ਕਰਨ ਲਈ ਤਿਆਰ ਕਰਨਗੇ।"

ਕੈਲੀਫੋਰਨੀਆ ਦੇ 17ਵੇਂ ਕਾਂਗਰੇਸ਼ਨਲ ਡਿਸਟ੍ਰਿਕਟ ਵਿਚ, ਜਿਸ ਵਿਚ ਸਿਲੀਕੋਨ ਵੈਲੀ ਦਾ ਇਕ ਵੱਡਾ ਹਿੱਸਾ ਹੈ, ਖੰਨਾ ਦੂਜੀ ਵਾਰ ਵੀ ਜੇਤੂ ਰਿਹਾ। ਉਨਾਂ ਨੂੰ ਰਿਪਬਲਿਕਨ ਰੌਨ ਕੋਹੇਨ ਨੇ ਚੁਣੌਤੀ ਦਿੱਤੀ ਸੀ। ਖੰਨਾ ਨੂੰ 72,765 ਵੋਟ ਮਿਲੇ, ਜੋ 72.5 ਫੀਸਦੀ ਵੋਟਾਂ ਦੇ ਬਰਾਬਰ ਸਨ, ਜਦਕਿ ਕੋਹੇਨ ਨੇ 27.5 ਫੀਸਦੀ ਵੋਟਾਂ ਲਈ 27,590 ਵੋਟਾਂ ਪ੍ਰਾਪਤ ਕੀਤੀਆਂ।ਖੰਨਾ ਨੇ ਟਵੀਟ ਵਿਚ ਕਿਹਾ ਕਿ ਮੈਂ ਡਿਸਟ੍ਰਿਕ 17 ਦੇ ਮਹਾਨ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਬਹੁਤ ਮਾਣ ਮਹਿਸੂਸ ਕਰ ਰਿਹਾ ਹਾਂ ਅਤੇ ਤੁਹਾਡੇ ਲਈ ਲੜਨਾ ਜਾਰੀ ਰੱਖਾਂਗਾ ਤੇ ਵੋਟਰਾਂ ਦਾ ਸ਼ੁਕਰਗੁਜ਼ਾਰ ਹਾਂ ਕਿ ਮੈਨੂੰ ਕਾਂਗਰਸ ਵਿਚ ਤੁਹਾਡੀ ਨੁਮਾਇੰਦਗੀ ਕਰਨ ਦਾ ਮੌਕਾ ਤੇ ਸਨਮਾਨ ਮਿਲਿਆ ਹੈ।ਇਲੀਨਾਇ ਦੇ 8ਵੇਂ ਕਾਂਗਰੇਸ਼ਨਲ ਡਿਸਟ੍ਰਿਕਟ ਵਿਚ ਭਾਰਤੀ ਅਮਰੀਕੀ ਰਿਪਬਲਿਕਨ ਜੇਡੀ. ਡਿਗਨਵਕਰ ਦੇ ਵਿਰੁੱਧ ਖੜ੍ਹੇ ਰਾਜਾ ਕ੍ਰਿਸ਼ਨਾਮੂਰਥੀ ਸ਼ਿਕਾਗੋ ਇਲਾਕੇ ਵਿਚ ਪਹਿਲੀ ਵਾਰ ਵੋਟਰਾਂ ਦਾ ਸਮਰਥਨ ਜਿੱਤ ਕੇ ਕਾਰਜਕਾਲ ਸ਼ੁਰੂ ਕਰ ਰਹੇ ਹਨ।ਕ੍ਰਿਸ਼ਨਾਮੂਰਥੀ ਨੂੰ 65.6 ਪ੍ਰਤੀਸ਼ਤ ਦੇ ਹਿਸਾਬ ਨਾਲ 124908 ਵੋਟ ਮਿਲੇ ਜਦੋਂ ਕਿ ਦਿਗਨਵਾਕਰ ਨੂੰ 65476 ਵੋਟਾਂ ਨਾਲ 34.4 ਫ਼ੀਸਦੀ ਵੋਟਾਂ ਮਿਲੀਆਂ।ਕ੍ਰਿਸ਼ਨਾਮੂਰਥੀ ਨੇ ਕਿਹਾ ਕਿ "ਮੈਨੂੰ ਇਲੀਨੋਇਸ ਦੇ 8ਵੀਂ ਕਾਂਗਰੇਸ਼ਨਲ ਡਿਸਟ੍ਰਿਕਟ ਦੇ ਕਾਂਗਰਸ ਮੈਂਬਰ ਦੇ ਤੌਰ ਤੇ ਹੋਰ ਦੋ ਸਾਲ ਦੇ ਕਾਰਜਕਾਲ ਦੀ ਸੇਵਾ ਲਈ ਮੁੜ ਚੁਣੇ ਜਾਣ ਦਾ ਮਾਣ ਹੈ। ਹੋਰ ਦੋ ਸਾਲਾਂ ਲਈ ਮੇਰਾ ਇਕਰਾਰਨਾਮਾ ਵਧਾਉਣ ਲਈ ਮੇਰੇ ਹਲਕੇ ਦੇ ਲੋਕਾਂ ਦਾ ਬਹੁਤ ਜਿਆਦਾ ਧੰਨਵਾਦ। ਕ੍ਰਿਸ਼ਨਾਮੂਰਥੀ ਨੇ ਫੇਸਬੁੱਕ ਪੋਸਟ 'ਤੇ ਕਿਹਾ,ਕਿ "ਹੁਣ ਮੈਂ ਪੂਰੇ ਦੇਸ਼ ਵਿਚ ਚੁਣੇ ਹੋਏ ਡੈਮੋਕ੍ਰੇਟਸ ਦੇ ਨਾਲ ਵਾਸ਼ਿੰਗਟਨ ਵਾਪਸ ਆਉਣ ਲਈ ਉਤਸ਼ਾਹਿਤ ਹਾਂ।" ਐਮੀ ਬੈਰਾ, ਸੈਕਰਾਮੈਂਟੋ (ਕੈਲੀਫੋਰਨੀਆ) ਦੇ 7ਵੀਂ ਕਾਂਗਰੇਸ਼ਨਲ ਡਿਸਟ੍ਰਿਕਟ ਵਿਚ ਲੰਮੇ ਸਮੇਂ ਵਾਲੇ ਯੂਐਸ ਦੇ ਨੁਮਾਇੰਦੇ ਹਨ, ਜਿਸ ਵਿਚ ਸੈਕਰਾਮੈਂਟੋ ਕਾਊਂਟੀ ਦੇ ਖੇਤਰ ਨੂੰ ਸ਼ਾਮਲ ਕੀਤਾ ਗਿਆ ਸੀ। ਉਹ ਰਿਪਬਲਿਕਨ ਐਂਡਰਿਊ ਗ੍ਰਾਂਟ ਖਿਲਾਫ ਇਕ ਜ਼ਬਰਦਸਤ ਮੁਕਾਬਲੇ ਵਿਚ ਜਿੱਤੇ।ਬੇਰਾ ਨੂੰ ਕੁੱਲ 54,097 ਵੋਟਾਂ ਨਾਲ 52.7 ਫੀਸਦੀ ਵੋਟ ਮਿਲੇ, ਗ੍ਰਾਂਟ ਨੂੰ 48,597 ਵੋਟਾਂ ਨਾਲ 47.3 ਫੀਸਦੀ ਸਮਰਥਨ ਹੀ ਮਿਲ ਸਕਿਆ। ਕਾਂਗਰਸ ਦੇ ਉਕਤ ਚਾਰ ਚੁਣੇ ਗਏ ਭਾਰਤੀ ਮੈਂਬਰਾਂ ਤੋਂ ਇਲਾਵਾ ਭਾਰਤੀ ਅਮਰੀਕਨਾਂ ਨੇ ਦੇਸ਼ ਭਰ ਵਿਚ ਕੇਂਦਰ, ਰਾਜ ਅਤੇ ਮਿਊਂਸਪਲ ਸੀਟਾਂ ਉਤੇ ਵੀ ਜਿੱਤਾਂ ਪ੍ਰਾਪਤ ਕੀਤੀਆਂ ਹਨ।

## ਗੁਰੂ ਨਾਨਕ ਸਾਹਿਬ ਜੀ ਦਾ 550ਵਾਂ ਪ੍ਰਕਾਸ਼ ਪੁਰਬ ਵਿਸ਼ਵ ਵਿਆਪੀ ਭਾਈਚਾਰਕ ਵਰ੍ਹੇ ਵਜੋਂ ਮਨਾਇਆ ਜਾਵੇਗਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਅਧੀਨ ਕੌਮੀ ਅਮਲ ਕਮੇਟੀ (ਐਨਆਈਸੀ) ਦੀ ਬੈਠਕ ਦੌਰਾਨ ਗੁਰੂ ਨਾਨਕ ਸਾਹਿਬ ਜੀ ਦਾ 550ਵਾਂ ਪ੍ਰਕਾਸ਼ ਪੁਰਬ "ਵਿਸ਼ਵ ਵਿਆਪੀ ਭਾਈਚਾਰਕ ਵਰ੍ਹੇ" ਵਜੋਂ ਮਨਾਉਣ ਦੇ ਫੈਸਲੇ ਉਤੇ ਮੋਹਰ ਲਗਾਈ ਗਈ ਹੈ। ਗ੍ਰਹਿ ਮੰਤਰਾਲੇ ਦੇ ਅਧਿਕਾਰੀ ਨੇ ਕਿਹਾ ਕਿ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ "ਵਿਸ਼ਵ ਵਿਆਪੀ ਭਾਈਚਾਰਕ ਵਰ੍ਹੇ" ਵਜੋਂ ਮਨਾਇਆ ਜਾਵੇਗਾ ਅਤੇ ਸਭਿਆਚਾਰਕ ਸਬੰਧਾਂ ਬਾਰੇ ਭਾਰਤੀ ਪ੍ਰੀਸ਼ਦ (ਆਈਸੀਸੀਆਰ) ਵੱਲੋਂ ਭਾਰਤੀ ਮਿਸ਼ਨਾਂ ਰਾਹੀਂ ਇਸ ਬਾਬਤ ਦੁਨੀਆ ਭਰ 'ਚ ਵਿਸ਼ੇਸ਼ ਸਮਾਗਮ ਕੀਤੇ ਜਾਣਗੇ। ਐਨਆਈਸੀ ਨੇ ਜਲਿਆਂਵਾਲਾ ਬਾਗ ਕਾਂਡ ਦੇ ਸ਼ਤਾਬਦੀ ਵਰ੍ਹੇ ਨੂੰ ਵੀ ਮਨਾਉਣ ਦਾ ਫ਼ੈਸਲਾ ਲਿਆ ਹੈ। ਇਸ ਬੈਠਕ 'ਚ ਹਾਜ਼ਰ ਪੰਜਾਬ ਦੇ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਅੰਮ੍ਰਿਤਸਰ 'ਚ ਕੌਮੀ ਅੰਤਰ ਧਰਮ ਅਧਿਐਨ ਇੰਸਟੀਚਿਊਟ ਸਥਾਪਤ ਕਰਨ ਦੀ ਤਜਵੀਜ਼ ਹੈ । ਗ੍ਰਹਿ ਮੰਤਰੀ ਨੇ ਇਸ ਬਾਬਤ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ। ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਬਾਰੇ ਪੁੱਛੇ ਗਏ ਸਵਾਲ ਦਾ ਸ੍ਰੀ ਸਿੱਧੂ ਜਵਾਬ ਦੇਣ ਤੋਂ ਬਚਦੇ ਦਿਖਾਈ ਦਿੱਤੇ। ਉਨ੍ਹਾਂ ਇਹ ਜ਼ਰੂਰ ਕਿਹਾ ਕਿ ਸ਼ਰਧਾਲੂਆਂ ਨੂੰ ਅਸਾਨੀ ਨਾਲ ਦਰਸ਼ਨਾਂ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ। ਮੀਟਿੰਗ ਦੌਰਾਨ ਉਨ੍ਹਾਂ ਜਲਿਆਂਵਾਲਾ ਬਾਗ ਵਿਚ ਆਉਣ ਵਾਲੇ ਲੋਕਾਂ ਨੂੰ ਦੇਸ਼ ਭਗਤੀ ਦੀ ਭਾਵਨਾ ਨਾਲ ਜੋੜਨ ਵਾਸਤੇ ਆਵਾਜ਼ ਅਤੇ ਰੌਸ਼ਨੀ 'ਤੇ ਆਧਾਰਿਤ ਸ਼ੋਅ ਸ਼ੁਰੂ ਕਰਨ ਦਾ ਸੁਝਾਅ ਦਿੱਤਾ। ਉਨ੍ਹਾਂ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਡਾਕ ਟਿਕਟ ਅਤੇ ਸਿੱਕੇ ਜਾਰੀ ਕਰਨ ਲਈ ਵੀ ਕਿਹਾ ਹੈ।

# ਭਾਰਤੀ ਏਜੰਸੀਆਂ ਨੇ ਫੇਰ ਦਿਖਾਇਆ ਖਾਲਿਸਤਾਨੀ ਮੂਵਮੈਂਟ ਦਾ ਹਊਆ

*✪ ਅਖੇ ਦੁਬਈ 'ਚ ਖਾਲਿਸਤਾਨੀਆਂ ਨੇ ਬੇਸ ਬਣਾਇਆ ✪ ਪੰਜਾਬ 'ਚ ਸਿੱਖ ਤੇ ਮੁਸਲਮ ਗੱਭਰੂਆਂ ਦੀ ਗਿਰਫਤਾਰੀ ਮਗਰੋਂ ਕੀਤੇ ਕਈ ਦਾਅਵੇ*

**ਜਲੰਧਰ/ਬਿਊਰੋ ਨਿਊਜ਼ :**
ਭਾਰਤੀ ਫੌਜ ਦੇ ਮੁਖੀ ਵਿਪਨ ਰਾਵਤ ਅਤੇ ਖੁਫੀਆ ਏਜੰਸੀਆਂ ਨੇ ਇਕ ਵਾਰ ਫੇਰ ਜ਼ੋਰਸ਼ੋਰ ਨਾਲ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਬਾਹਰੀ ਤਾਕਤਾਂ ਭਾਰਤ, ਖਾਸ ਕਰਕੇ ਪੰਜਾਬ ਵਿੱਚ ਗੜਬੜ ਕਰਨ ਦੀ ਫਿਰਾਕ ਵਿੱਚ ਹਨ, ਇਸ ਵਾਸਤੇ ਭਾਰਤ ਤੋਂ ਬਾਹਰ ਵਸਦੇ ਖਾਲਿਸਤਾਨੀ ਸੰਗਠਨ ਸਰਗਰਮ ਦੱਸੇ ਜਾ ਰਹੇ ਹਨ। ਖੁਫੀਆ ਏਜੰਸੀਆਂ ਨੇ ਦਾਅਵਾ ਕੀਤਾ ਹੈ ਕਿ ਉਹਨਾਂ ਨੂੰ ਰਿਪੋਰਟਾਂ ਮਿਲੀਆਂ ਹਨ ਕਿ ਦੁਬਈ ਵਿੱਚ ਤਾਂ ਖਾਲਿਸਤਾਨੀਆਂ ਨੇ ਬੇਸ ਬਣਾ ਲਿਆ ਹੈ, ਜਿੱਥੋਂ ਪੰਜਾਬ 'ਚ ਮੂਵਮੈਂਟ ਚਲਾਉਣ ਲਈ ਸਰਗਰਮੀ ਚਲਾਈ ਜਾਵੇਗੀ, ਤੇ ਮੁਸਲਮ ਜੇਹਾਦੀਆਂ ਦੀ ਵੀ ਮਦਦ ਲਈ ਜਾਵੇਗੀ। ਹਾਲਾਂਕਿ ਇਸ ਬਾਰੇ ਕੋਈ ਪੁਖਤਾ ਸਬੂਤ ਜਾਂ ਜਾਣਕਾਰੀ ਏਜੰਸੀਆਂ ਨੇ ਮੀਡੀਆ ਹਲਕਿਆਂ ਨਾਲ ਸਾਂਝੀ ਨਹੀਂ ਕੀਤੀ। ਪਰ ਇਲੈਕਟਰਾਨਿਕ ਤੇ ਪ੍ਰਿੰਟ ਮੀਡੀਆ ਜ਼ਰੀਏ ਇਕ ਵਾਰ ਫੇਰ ਇਹ ਹਊਆ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੰਜਾਬ 'ਚ ਬੀਤਿਆ ਕਾਲਾ ਦੌਰ ਇਕ ਵਾਰ ਫੇਰ ਵਾਪਸ ਪਰਤ ਸਕਦਾ ਹੈ। ਉਪਰੋਥਲੀ ਪੰਜਾਬ ਚ ਹਥਿਆਰਾਂ ਸਣੇ ਗਿਰਫਤਾਰ ਕੀਤੇ ਮੁਸਲਮ ਪਾੜ੍ਹੇ ਅਤੇ ਸਿੱਖ ਗੱਭਰੂਆਂ ਦੀਆਂ ਖਬਰਾਂ ਘੱਟਗਿਣਤੀ ਭਾਈਚਾਰਿਆਂ ਵਿੱਚ ਸਹਿਮ ਤੇ ਬੇਚੈਨੀ ਪੈਦਾ ਕਰ ਰਹੀਆਂ ਹਨ।

**ਖਾਲਿਸਤਾਨੀ ਗਦਰ ਫੋਰਸ ਦਾ ਪਰਦਾਫਾਸ਼ ਕਰਨ ਦਾ ਕੀਤਾ ਦਾਅਵਾ :** ਪਟਿਆਲਾ ਪੁਲੀਸ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਖਾਲਿਸਤਾਨ ਕਮਾਂਡੋ ਫੋਰਸ ਦੇ ਕਾਰਕੁੰਨਾਂ ਨੂੰ ਗਿਰਫਤਾਰ ਕਰਕੇ ਪੰਜਾਬ ਨੂੰ ਬਹੁਤ ਵੱਡੀ ਅਣਹੋਣੀ ਵਾਪਰਨ ਤੋਂ ਬਚਾਅ ਲਿਆ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਆਈਐਸਆਈ ਦੀ ਹਮਾਇਤ ਪ੍ਰਾਪਤ ਅਤੇ ਸਿੱਖਸ ਫਾਰ ਜਸਟਿਸ ਦੇ ਹਮਾਇਤੀ ਨੌਜਵਾਨ ਸ਼ਬਨਮਦੀਪ ਸਿੰਘ ਉਰਫ਼ ਮਨਿੰਦਰ ਲਾਹੌਰੀਆ ਸ਼ੇਰੂ ਉਰਫ਼ ਦੀਪ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿਚੋਂ ਪਿਸਤੌਲ ਤੇ



ਕਾਰਤੂਸਾਂ ਸਮੇਤ ਇੱਕ ਹੈਂਡ ਗ੍ਰਨੇਡ ਬਰਾਮਦ ਕੀਤਾ ਹੈ। ਪਿੰਡ ਦਫਤਰੀਵਾਲਾ (ਜ਼ਿਲ੍ਹਾ ਪਟਿਆਲਾ) ਵਾਸੀ ਸ਼ਬਨਮਦੀਪ ਦੀ ਪਟਿਆਲਾ ਸ਼ਹਿਰ ਦੇ ਭੀੜ ਭੜੱਕੇ ਵਾਲੇ ਇਲਾਕੇ ਵਿਚ ਦੀਵਾਲੀ ਮੌਕੇ ਧਮਾਕਾ ਕਰਨ ਦੀ ਯੋਜਨਾ ਸੀ। ਇਸ ਵਾਸਤੇ ਉਸ ਨੂੰ ਕਥਿਤ ਤੌਰ 'ਤੇ ਵਿਦੇਸ਼ ਤੋਂ ਦਸ ਲੱਖ ਰੁਪਏ ਮਿਲਣੇ ਸਨ ਅਤੇ ਪੰਜਾਹ ਹਜ਼ਾਰ ਰੁਪਏ ਪੇਸ਼ਗੀ ਮਿਲ ਚੁੱਕੇ ਸਨ। ਪੁਲਸ ਦਾਅਵਾ ਕਰ ਰਹੀ ਹੈ ਕਿ ਸ਼ਬਨਮਦੀਪ ਸਿੰਘ 'ਖਾਲਿਸਤਾਨ ਗਦਰ ਫੋਰਸ' ਦਾ ਆਗੂ ਹੈ। ਉਸ ਖ਼ਿਲਾਫ਼ ਰਾਜਸਥਾਨ ਵਿਚ ਵੀ ਇਕ ਕੇਸ ਦਰਜ ਹੈ, ਜਿਸ ਵਿਚੋਂ ਉਹ ਜ਼ਮਾਨਤ 'ਤੇ ਰਿਹਾਅ ਹੋ ਕੇ ਆਇਆ ਹੈ।

ਪੁਲੀਸ ਮੁਤਾਬਕ ਸ਼ਬਨਮਦੀਪ ਨੇ 'ਜਰਨੈਲ ਸਿੰਘ ਭਿੰਡਰਾਂਵਾਲਾ' ਦੀ ਪ੍ਰੋਫਾਈਲ ਤਸਵੀਰ ਨਾਲ 'ਲਾਹੌਰੀਆ ਜੱਟ ਗਿੱਲ' ਦੇ ਨਾਮ ਹੇਠ ਫੇਸਬੁੱਕ ਅਕਾਊਂਟ ਵੀ ਬਣਾਇਆ ਹੋਇਆ ਹੈ। ਪੁਲੀਸ ਦੇ ਦਾਅਵੇ ਅਨੁਸਾਰ ਉਸ ਨੇ ਜੁਲਾਈ 2018 ਵਿਚ ਇੱਕ ਸ਼ੱਕੀ ਪਾਕਿਸਤਾਨੀ ਖ਼ੁਫ਼ੀਆ ਅਧਿਕਾਰੀ ਨਾਲ ਸੰਪਰਕ ਸਾਧਿਆ ਤੇ ਉਸ ਨੂੰ ਪਾਕਿਸਤਾਨੀ ਸਿੱਖ ਆਗੂ ਗੋਪਾਲ ਸਿੰਘ ਚਾਵਲਾ ਨਾਲ ਮਿਲਾਇਆ। ਸ਼ਬਨਮਦੀਪ ਨੇ ਨਿਹਾਲ ਸਿੰਘ ਨਾਮ ਦੇ ਵਿਅਕਤੀ ਨਾਲ ਵੀ ਰਾਬਤਾ ਬਣਾਇਆ ਹੋਇਆ ਸੀ। ਉਸ ਨੂੰ ਸ਼ਰਾਬ ਦੇ ਠੇਕੇ ਸਾੜਨ ਲਈ ਵੀ ਦਿਸ਼ਾ ਨਿਰਦੇਸ਼ ਦਿੱਤੇ ਗਏ ਸਨ ਅਤੇ ਟਾਰਗੈਟ ਪੂਰਾ ਕਰਨ ਉਤੇ ਪੈਸੇ ਵੀ ਮਿਲੇ ਸਨ। ਸ਼ਬਨਮਦੀਪ ਸਿੰਘ ਵਟਸਐਪ ਅਤੇ ਸੋਸ਼ਲ ਮੀਡੀਆ ਰਾਹੀਂ ਆਪਣੇ ਵਿਦੇਸ਼ੀ ਆਕਾਵਾਂ ਦੇ ਸੰਪਰਕ ਵਿਚ ਸੀ।

ਪਟਿਆਲਾ ਦੇ ਐਸਐਸਪੀ. ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਸ਼ਬਨਮਦੀਪ ਸਿੰਘ ਦੀ ਨਿਸ਼ਾਨਦੇਹੀ 'ਤੇ ਉਸ ਦੇ ਸਾਥੀ ਗੁਰਸੇਵਕ ਸਿੰਘ ਸੇਵਕ ਵਾਸੀ ਰਤਨਗੜ੍ਹ ਦਿੜ੍ਹਬਾ ਨੂੰ ਵੀ ਕੇਸ ਵਿਚ ਨਾਮਜ਼ਦ ਕੀਤਾ ਹੈ, ਉਹ ਉਕਤ ਸੰਗਠਨ ਦੇ ਲੈਟਰਪੈਡ ਤੇ ਲੋਗੋ ਤਿਆਰ ਕਰਦਾ ਸੀ।


ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਭਾਰਤੀ ਮੂਲ ਦੀ ਪੱਤਰਕਾਰ ਸੀਬੀਸੀ ਵੈਨਕੂਵਰ-ਨਿਊਜ਼ ਵਿਚ ਪੜ੍ਹੇਗੀ ਖਬਰਾਂ

**ਐਬਟਸਫੋਰਡ/ਬਿਊਰੋ ਨਿਊਜ਼ :** ਅਨੀਤਾ ਬੇਥ ਨਾਂ ਦੀ ਭਾਰਤੀ ਮੂਲ ਦੀ ਪੱਤਰਕਾਰ ਨੂੰ ਮਸ਼ਹੂਰ ਨਿਊਜ਼ ਨੈਟਵਰਕ ਸੀਬੀਸੀ ਵੈਨਕੂਵਰ-ਨਿਊਜ਼ ਵਿਚ ਕੋ-ਹੋਸਟ ਵੱਜੋਂ ਸੇਵਾ ਕਰਨ ਦੀ ਜ਼ਿੰਮੇਵਾਰੀ ਮਿਲੀ ਹੈ। ਰੋਜ਼ਾਨਾ 6 ਵਜੇ ਦੇ ਨਿਊਜ਼ ਬੁਲੇਟਿਨ ਵਿਚ ਉਹ ਆਪਣੇ ਕੁਲੀਗ ਪੱਤਰਕਾਰ



ਮਾਈਕ ਕਿਲੀਨ ਨਾਲ ਸਹਾਇਕ ਦੇ ਤੌਰ 'ਤੇ ਖਬਰਾਂ ਪੇਸ਼ ਕਰਿਆ ਕਰੇਗੀ। ਐਬਟਸਫੋਰਡ ਦੇ ਪੈਦਾ ਹੋਈ ਇਸ ਪੱਤਰਕਾਰ ਨੂੰ ਸੀਬੀਸੀ ਵੈਨਕੂਵਰ ਨਿਊਜ਼ ਦੇ ਸਹਿ-ਮੇਜ਼ਬਾਨ ਦਾ ਵਕਾਰੀ ਅਹੁਦਾ ਦਿੱਤਾ ਗਿਆ ਹੈ।

ਸੀਬੀਸੀ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਇਹ ਕਦਮ "ਇੱਕ ਨਵੀਂ ਮੇਜ਼ਬਾਨ ਟੀਮ ਦੀ ਸ਼ੁਰੂਆਤ" ਹੈ।

ਪ੍ਰੈਸ ਰਿਲੀਜ਼ ਮੁਤਾਬਕ ਅਨੀਤਾ ਬਾਥੇ ਖਬਰ ਸਲੌਟ ਦੀ ਮੇਜ਼ਬਾਨੀ ਦੇ ਨਾਲ-ਨਾਲ ਅਦਾਰੇ ਦੇ ਮੂਹਰਲੀ ਕਤਾਰ ਦੇ ਖੋਜੀ ਰਿਪੋਰਟਰ ਵਜੋਂ ਵੀ ਕੰਮ ਕਰਨਗੇ। ਐਬਟਸਫੋਰਡ ਵਿਚ ਉਹ ਇੱਕ ਮਸ਼ਹੂਰ ਪੱਤਰਕਾਰ ਵੱਜੋਂ ਜਾਣੀ ਜਾਂਦੀ ਹੈ। ਉਹ ਨੂੰ ਆਮ ਨਾਗਰਿਕਾਂ ਦੀ ਅਵਾਜ਼ ਨੂੰ ਚੁੱਕਣ ਵਾਲੀ ਪੱਤਰਕਾਰ ਦੇ ਤੌਰ 'ਤੇ ਸਥਾਪਤ ਹੈ। ਉਸਨੇ 'ਬੀਸੀ ਵਿਲਡਫਾਇਰ-2017 ' ਵਰਗੀਆਂ ਖਬਰਾਂ ਕੱਢਣ ਵਿਚ ਮੁੱਖ ਭੂਮਿਕਾ ਨਿਭਾਈ ਹੈ। ਪਿਛਲੇ ਸਾਲ ਜਹੌਨ ਡੇਵਿਡਸਨ ਦੀ ਗੋਲੀਬਾਰੀ ਵਿਚ ਮੌਤ ਅਤੇ 2017 ਦੀਆਂ ਬੀਸੀ. ਸੂਬਾਈ ਚੋਣਾਂ ਵਿਚ ਉਸ ਨੇ ਉਮਦਾ ਰਿਪੋਰਟਿੰਗ ਕੀਤੀ ਸੀ। ਉਸ ਦਾ ਪੱਤਰਕਾਰੀ ਦਾ ਕਾਰਜਕਾਲ 10 ਸਾਲ ਤੋਂ ਵੱਧ ਸਮੇਂ ਦਾ ਹੈ, ਜਿਸ ਵਿਚ ਰੇਡੀਓ ਉਤੇ ਪ੍ਰਿੰਸ ਜੌਰਜ, ਸਕੂਆਮਿਸ਼, ਵਿਕਟੋਰੀਆ, ਮੈਟਰੋ ਵੈਨਕੂਵਰ ਅਤੇ ਫਰੇਜ਼ਰ ਵੈਲੀ ਵਰਗੇ ਖੇਤਰਾਂ ਵਿਚ ਸਥਾਨਕ ਖਬਰਾਂ ਪ੍ਰਸਾਰਿਤ ਕਰਨ ਤੋਂ ਲੈ ਕੇ ਰੇਡੀਓ-ਟੈਲੀਵਿਜ਼ਨ ਡਿਜੀਟਲ ਨਿਊਜ਼ ਐਸੋਸੀਏਸ਼ਨ ਅਤੇ ਬੀਸੀ. ਦੀ ਐਸੋਸੀਏਸ਼ਨ ਆਫ ਬਰਾਡਕਾਸਟਰਜ਼ ਤੋਂ 2015 ਵਿਚ ਫੈਲੋਸ਼ਿਪ ਪੁਰਸਕਾਰ ਪ੍ਰਾਪਤ ਕਰਨਾ ਵੀ ਸ਼ਾਮਿਲ ਹਨ।

## ਗੁਰੂ ਨਾਨਕ ਦੇਵ ਜੀ ਦਾ 549ਵਾਂ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਧੂਮ-ਧਾਮ ਨਾਲ ਮਨਾਇਆ ਜਾਵੇਗਾ

**ਫਰੀਮਾਂਟ/ਬਿਊਰੋ ਨਿਊਜ਼ :** ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 549ਵੇਂ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਪ੍ਰਬੰਧਕਾਂ ਵੱਲੋਂ ਪ੍ਰਕਾਸ਼ ਦਿਹਾੜੇ ਦੀਆਂ ਸਮੁੱਚੀ ਲੋਕਾਈ ਨੂੰ ਲੱਖ ਲੱਖ ਵਧਾਈਆਂ ਦਿੰਦਿਆਂ ਜਾਣਕਾਰੀ ਦਿੱਤੀ ਗਈ ਹੈ ਕਿ 21 ਨਵੰਬਰ, ਦਿਨ ਬੁੱਧਵਾਰ ਨੂੰ ਸਵੇਰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੀ ਸੰਪੂਰਨਤਾ 23 ਨਵੰਬਰ, ਦਿਨ ਸ਼ੁੱਕਰਵਾਰ ਨੂੰ ਹੋਵੇਗੀ। ਇਸ ਤੋਂ ਇਲਾਵਾ 51 ਸ੍ਰੀ ਸਹਿਜ ਪਾਠਾਂ ਦੇ ਭੋਗ 03:00 ਵਜੇ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਪੈਣਗੇ। ਪ੍ਰਬੰਧਕਾਂ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਗਈ ਹੈ ਕਿ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਅਪਾਰ ਰਹਿਮਤ ਅਤੇ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਸਦਕਾ ਖ਼ਾਲਸਾ ਸਕੂਲ ਅਤੇ ਕਿਚਨ ਦੀ ਨਵੀਂ ਬਣੀ ਇਮਾਰਤ ਦਾ ਸ਼ੁਭ ਮਹੂਰਤ ਵੀ 23 ਨਵੰਬਰ, ਦਿਨ ਸ਼ੁੱਕਰਵਾਰ ਨੂੰ ਹੀ ਕੀਤਾ ਜਾਵੇਗਾ। ਨਵੀਂ ਬਿਲਡਿੰਗ ਵਿਚ 21 ਨਵੰਬਰ, ਦਿਨ ਬੁੱਧਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 23 ਨਵੰਬਰ ਨੂੰ ਸੰਪੂਰਨਤਾ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਇਸ ਲਈ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦਿਆਂ ਵੱਧ-ਚੜ੍ਹ ਕੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰੀਆਂ ਜਾਣ। ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ ਦੇ ਫੋਨ ਨੰ : 510-790-0177 ਉਤੇ ਸੰਪਰਕ ਕੀਤਾ ਜਾ ਸਕਦਾ ਹੈ।



## ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥਕ ਮਾਮਲਿਆਂ 'ਤੇ ਸਿੱਖਾਂ ਦੇ ਆਪਸੀ ਤਣਾਅ ਨੂੰ ਘਟਾਉਣ ਲਈ ਯਤਨਸ਼ੀਲ

**ਫਰੀਮਾਂਟ/ਬਿਊਰੋ ਨਿਊਜ਼ :**

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਸੈਕਰਾਮੈਂਟੋ ਵਿਚ ਬਹੁਤ ਸਾਰੇ ਗੁਰਦੁਆਰਿਆਂ ਤੇ ਪੰਥਕ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਵਿਚ ਹਿੱਸਾ ਲੈਂਦਿਆਂ ਸਿੱਖ ਭਾਈਚਾਰੇ ਵਿਚ ਪੰਥਕ ਮਾਮਲਿਆਂ 'ਤੇ ਵਧ ਰਹੇ ਆਪਸੀ ਤਣਾਅ ਦੇ ਮਾਹੌਲ ਉਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

ਇਸ ਬਾਰੇ ਏਜੀਪੀਸੀ ਵੱਲੋਂ ਮੁੱਖ ਸੇਵਾਦਾਰ ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਦੁਆਰਾ ਜਾਰੀ ਪ੍ਰੈਸ ਬਿਆਨ ਵਿਚ ਆਪਣੀ ਰਾਏ ਦਿੰਦਿਆਂ ਕਿਹਾ ਕਿ ਮੌਜੂਦਾ ਸਮੇਂ ਗੁਰਦੁਆਰਾ ਸਾਹਿਬਾਨਾਂ ਵਿਚ ਕਿਸੇ ਨਾ ਕਿਸੇ ਕਾਰਨ ਨੂੰ ਲੈ ਕੇ ਆਪਸੀ ਤਣਾਅ ਪੈਦਾ ਹੋਏ ਹਨ ਤੇ ਵਧ ਰਹੇ ਹਨ। ਇਹ ਅਤਿ ਮੰਦਭਾਗੇ ਹਨ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਦਿਨਾਂ ਵਿਚ ਵੱਖ-ਵੱਖ ਮੁਖੀਆਂ ਨਾਲ ਤੇ ਸੁਹਿਰਦ ਪ੍ਰਬੰਧਕਾਂ ਨਾਲ ਇਸ ਬਾਬਤ ਵਿਚਾਰ-ਵਟਾਂਦਰਾ ਵੀ ਕੀਤਾ ਗਿਆ ਹੈ। ਇਸ ਸਬੰਧੀ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਦੀ ਪ੍ਰਬੰਧਕ ਕਮੇਟੀ ਨਾਲ ਵੀ ਵਿਚਾਰ-ਵਟਾਂਦਰਾ ਹੋਇਆ ਹੈ। ਅਸੀਂ ਸਾਰੀਆਂ ਸਬੰਧਿਤ ਧਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਕਿਸੇ ਉਸਾਰੂ ਅਤੇ ਪ੍ਰਵਾਨਿਤ ਹੱਲ ਵਾਸਤੇ ਯਤਨਸ਼ੀਲ ਹਾਂ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਕਿਰਪਾ ਕਰਨ ਤੇ ਸਮੁੱਚੇ ਪੰਥ ਵਿਚ ਏਕਤਾ ਵਧੇ ਤੇ ਪਰਸਪਰ ਪਿਆਰ ਬਣਿਆ ਰਹੇ।

## ਐਨਾਹੀਮ 'ਚ ਪਹਿਲਾ ਅਮਰੀਕਨ ਸਿੱਖ ਮੇਅਰ ਬਣਿਆ

**ਐਨਾਹੀਮ/ਹੁਸਨ ਲੜੋਆ ਬੰਗਾ :** ਦੱਖਣੀ ਕੈਲੀਫੋਰਨੀਆ ਵਿਚ ਪੈਂਦੇ ਸ਼ਹਿਰ ਐਨਾਹੀਮ ਸ਼ਹਿਰ ਦੇ ਇਤਿਹਾਸ ਵਿਚ ਪਹਿਲੀ ਵਾਰ ਇਕ ਸਿੱਖ ਹੈਰੀ ਸਿੱਧੂ ਨੂੰ ਵੋਟਾਂ ਚ ਪੂਰਨ ਬਹੁਮਤ ਦੇ ਕੇ ਨਵਾਂ ਮੇਅਰ ਚੁਣ ਲਿਆ ਗਿਆ । ਸਿੱਧੂ ਨੇ ਲਗਭਗ 40 ਫੀਸਦੀ ਵੋਟ ਨਾਲ ਅੱਠ ਉਮੀਦਵਾਰਾਂ ਨੂੰ ਹਰਾਇਆ ਤੇ ਇਸ ਸ਼ਹਿਰ ਦਾ



ਪਹਿਲਾ ਪੰਜਾਬੀ ਸਿੱਖ ਮੇਅਰ ਬਣਿਆ।ਹੈਰੀ ਸਿੰਘ ਸਿੱਧੂ ਨੇ ਜਿੱਤਣ ਤੋਂ ਬਾਅਦ ਕਿਹਾ ਕਿ, "ਮੈਂ ਆਪਣੇ ਪਰਿਵਾਰ, ਮੇਰੇ ਸਮਰਥਕਾਂ ਅਤੇ ਸਭ ਤੋਂ ਮਹੱਤਵਪੂਰਨ ਐਨਾਹੀਮ ਕਮਿਊਨਿਟੀ ਨੂੰ ਆਪਣਾ ਵੋਟ ਦੇਣ ਤੇ ਸਮਾਂ ਦੇਣ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ। ਐਨਾਹੀਮ ਦੇ ਭਵਿੱਖ ਲਈ ਅਸੀਂ ਜੋ ਕੁਝ ਵੀ ਕਰ ਸਕਦੇ ਹਾਂ, ਇਕੱਠੇ ਹੋ ਕੇ ਸਾਂਝੇ ਤੌਰ 'ਤੇ ਹੀ ਕਰ ਸਕਦੇ ਹਾਂ। ਸਿੱਧੂ ਨੇ ਆਪਣੀ ਜਿੱਤ ਦੇ ਭਾਸ਼ਣ ਵਿਚ ਕਿਹਾ, ਕਿ "ਮੈਂ ਆਪਣੇ ਸ਼ਹਿਰ ਨੂੰ ਇਕ ਵਾਰ ਫਿਰ ਇਕਜੁੱਟ ਕਰਨ ਵਿਚ ਬਹੁਤ ਮਾਣ ਮਹਿਸੂਸ ਕਰ ਰਿਹਾ ਹਾਂ। ਐਨਹਾਈਮ ਨੂੰ ਵਧਣ-ਫੁੱਲਣ ਲਈ, ਸਾਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ।"

ਨੈਸ਼ਨਲ ਸਿੱਖ ਕੰਪੇਨ, ਨੈਸ਼ਨਲ ਸਿੱਖ ਮੁਹਿੰਮ ਲਈ ਪਬਲਿਕ ਪਾਲਿਸੀ ਦੇ ਨਿਰਦੇਸ਼ਕ ਜਸ ਸੱਜਨ ਸਮੇਤ ਕਈ ਸਿੱਖ ਸੰਸਥਾਵਾਂ ਨੇ ਇਸ ਮੌਕੇ ਹੈਰੀ ਸਿੱਧੂ ਦੀ ਜਿੱਤ ਉਤੇ ਵਧਾਈ ਸੰਦੇਸ਼ ਭੇਜੇ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਦੇ ਸਿੱਖ ਮੇਅਰਜ਼ ਬਣ ਚੁੱਕੇ ਹਨ, ਜਿਨ੍ਹਾਂ ਵਿਚ ਮੇਜਰ ਰਵਿੰਦਰ ਸਿੰਘ ਭੱਲਾ, ਹੋਬੋਕਨ, ਨਿਊ ਜਰਸੀ , ਯੂਬਾ ਸਿਟੀ, ਕੈਲੀਫੋਰਨੀਆ ਦੀ ਮੇਅਰ ਪ੍ਰੀਤ ਡਿਡਬਾਲ ਤੇ ਸੁਖਮਿੰਦਰ ਸਿੰਘ ਧਾਲੀਵਾਲ ਲੈਥਰੋਪ (ਕੈਲੀਫੋਰਨੀਆ) ਸ਼ਾਮਲ ਸਨ। ਜਦੋਂ ਤੋਂ ਸਿੱਖ ਸੰਗਠਨਾਂ ਤੇ ਸਿੱਖ ਭਾਈਚਾਰੇ ਨੇ ਅਮਰੀਕਾ ਦੀ ਸਿਆਸਤ ਵਿਚ ਸਰਗਰਮੀ ਸ਼ੁਰੂ ਕੀਤੀ ਹੈ, ਉਦੋਂ ਤੋਂ ਪੰਜਾਬੀ ਸਿੱਖ ਭਾਈਚਾਰੇ ਦੀ ਅਮਰੀਕੀ ਸਿਆਸਤ ਵਿਚ ਨਾਮਜ਼ਦਗੀ ਵਧੀ ਹੈ। 9-11 ਤੋਂ ਬਾਅਦ ਅਮਰੀਕੀ ਪੰਜਾਬੀ ਸਿੱਖ ਭਾਈਚਾਰਾ ਅਮਰੀਕੀ ਸਿਆਸਤ ਵਿਚ ਵਿਚਰਨਾ ਸ਼ੁਰੂ ਹੋਇਆ ਸੀ, ਜਿਸ ਦੇ ਉਸਾਰੂ ਨਤੀਜੇ ਨਿਕਲ ਰਹੇ ਹਨ।

CIS
CALIFORNIA
IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਪੰਜਾਬ ਨੂੰ 52 ਸਾਲਾਂ ਬਾਅਦ ਵੀ ਨਾ ਮਿਲਿਆ ਚੰਡੀਗੜ੍ਹ

### *60:40 ਦੇ ਅਨੁਪਾਤ ਨੂੰ ਖੋਰਾ ਨਾ ਲਾਇਆ ਜਾਵੇ: ਕੈਪਟਨ*

**ਚੰਡੀਗੜ੍ਹ/ਬਿਊਰੋ ਨਿਊਜ਼ :** ਸਾਲ 1966 ਵਿਚ ਭਾਸ਼ਾ ਦੇ ਆਧਾਰ 'ਤੇ ਬਣਾਏ ਗਏ ਪੰਜਾਬੀ ਸੂਬੇ ਨੂੰ ਲੈ ਕੇ ਜੋ ਮੁੱਦੇ ਉਲਝੇ ਸਨ, ਉਹ ਅੱਜ 52 ਸਾਲਾਂ ਬਾਅਦ ਵੀ ਬਰਕਰਾਰ ਹਨ। ਇਨ੍ਹਾਂ ਮੁੱਦਿਆਂ ਨੂੰ ਸੁਲਝਾਉਣ ਲਈ ਹਰ ਸਾਲ ਵਿਧਾਨ ਸਭਾ ਵਿਚ ਇਨ੍ਹਾਂ ਬਾਰੇ ਇਕ-ਇਕ ਲਾਈਨ ਪਾ ਕੇ ਰਸਮ ਅਦਾਇਗੀ ਕਰ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਪੂਰਾ ਸਾਲ ਕਦੇ ਇਨ੍ਹਾਂ ਮੁੱਦਿਆਂ ਦੀ ਗੱਲ ਤੱਕ ਨਹੀਂ ਕੀਤੀ ਜਾਂਦੀ ਤੇ ਨਾ ਹੀ ਇਨ੍ਹਾਂ ਨੂੰ ਸੁਲਝਾਉਣ ਲਈ ਕੋਈ ਪੈਰਵੀ ਕੀਤੀ ਜਾਂਦੀ ਹੈ। ਸਭ ਤੋਂ ਵੱਡਾ ਮਸਲਾ ਪੰਜਾਬ ਨੂੰ ਉਸ ਦੀ ਰਾਜਧਾਨੀ ਦੇਣ ਦਾ ਹੀ ਹੈ। ਭਾਰਤ-ਪਾਕਿ ਵੰਡ ਤੋਂ ਬਾਅਦ ਪੰਜਾਬ ਲਈ ਨਵੀਂ ਰਾਜਧਾਨੀ ਦੇ ਰੂਪ ਵਿਚ ਚੰਡੀਗੜ੍ਹ ਜੋ ਵਿਕਸਿਤ ਕੀਤਾ ਗਿਆ, ਪਰ ਇਹ ਅੱਜ ਵੀ ਯੂ. ਟੀ. ਦੇ ਰੂਪ ਵਿਚ ਕੰਮ ਕਰ ਰਿਹਾ ਹੈ। ਇਸ ਕਾਰਨ ਇਕ ਸੂਬੇ ਨੂੰ ਰਾਜਧਾਨੀ ਹੋਣ ਦਾ ਜੋ ਆਰਥਿਕ ਰੂਪ ਨਾਲ ਫਾਇਦਾ ਹੁੰਦਾ ਹੈ, ਉਹ ਪੰਜਾਬ ਨੂੰ ਨਹੀਂ ਮਿਲ ਰਿਹਾ। ਇਨ੍ਹਾਂ ਸਾਰੇ ਮੁੱਦਿਆਂ ਨੂੰ ਲੈ ਕੇ ਸਿਆਸੀ ਪਾਰਟੀਆਂ ਵੀ ਗੰਭੀਰ ਨਹੀਂ ਹਨ।

**ਕੈਪਟਨ ਵਲੋਂ ਕੇਂਦਰ ਨੂੰ ਅਪੀਲ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ ਪ੍ਰਸ਼ਾਸਕੀ ਅਸਾਮੀਆਂ ਲਈ ਪੰਜਾਬ ਅਤੇ ਹਰਿਆਣਾ ਵਿੱਚ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਨੂੰ ਯਕੀਨੀ ਬਣਾਉਣ ਵਾਸਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਪ੍ਰਧਾਨ ਮੰਤਰੀ ਦੇ ਨਿੱਜੀ ਦਖਲ ਦੀ ਮੰਗ ਕਰਦੇ ਹੋਏ ਬੇਨਤੀ ਕੀਤੀ ਹੈ ਕਿ ਉਹ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਯੂਟੀ ਵਿੱਚ ਸਿਵਲ ਅਸਾਮੀਆਂ ਪੁਰ ਕਰਨ ਲਈ ਪੰਜਾਬ ਤੇ ਹਰਿਆਣਾ ਵਿਚਕਾਰ 60:40 ਦਾ ਅਨੁਪਾਤ ਬਣਾਈ ਰੱਖਣ ਲਈ ਜਲਦੀ ਕਦਮ ਚੁੱਕਣ ਵਾਸਤੇ ਅਧਿਕਾਰੀਆਂ ਨੂੰ ਸਲਾਹ ਦੇਣ ਕਿਉਂਕਿ ਇਹ ਸਥਿਤੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਹੈ। ਆਪਣੇ ਪੱਤਰ ਵਿੱਚ ਕੈਪਟਨ ਨੇ ਕਿਹਾ ਹੈ ਕਿ ਇਹ ਢਾਰਸ ਦੇਣ ਵਾਲੀ ਗੱਲ ਸੀ ਕਿ ਇਸ ਸਾਲ ਪਹਿਲੀ ਅਕਤੂਬਰ ਨੂੰ ਲਿਖੇ ਉਨ੍ਹਾਂ ਦੇ ਪੱਤਰ ਦੇ ਜਵਾਬ ਵਿਚ ਭਾਰਤ ਸਰਕਾਰ ਨੇ ਚੰਡੀਗੜ੍ਹ ਪੁਲੀਸ ਦੇ ਡੀਐਸਪੀਜ਼ ਦੀਆਂ ਅਸਾਮੀਆਂ ਦਾ ਦਿੱਲੀ, ਅੰਡੇਮਾਨ, ਨਿਕੋਬਾਰ ਆਈਲੈਂਡਜ਼ ਪੁਲੀਸ ਸਰਵਿਸ (ਡੀਏਐਨ ਆਈਪੀਐਸ) ਵਿੱਚ ਰਲੇਵਾਂ ਕਰਨ ਸਬੰਧੀ 25 ਸਤੰਬਰ, 2018 ਦੇ ਨੋਟੀਫਿਕੇਸ਼ਨ 'ਤੇ ਆਰਜ਼ੀ ਰੋਕ ਲਾਉਣ 'ਤੇ ਸਹਿਮਤੀ ਜਤਾਈ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮੇਂ ਚੰਡੀਗੜ੍ਹ ਪ੍ਰਸ਼ਾਸਨ ਵਿੱਚ 14 ਆਈਏਐਸ ਅਫਸਰ ਤਾਇਨਾਤ ਹਨ ਅਤੇ ਇਨ੍ਹਾਂ ਵਿੱਚੋਂ ਸਿਰਫ ਤਿੰਨ ਪੰਜਾਬ ਨਾਲ ਅਤੇ ਦੋ ਹਰਿਆਣਾ ਨਾਲ ਸਬੰਧਤ ਹਨ ਜਦਕਿ ਬਾਕੀ ਅਧਿਕਾਰੀ ਯੂਟੀ ਕਾਡਰ ਦੇ ਹਨ। ਇਸ ਤਰ੍ਹਾਂ ਹੀ ਚੰਡੀਗੜ੍ਹ ਵਿੱਚ 7 ਆਈਪੀਐਸ ਅਧਿਕਾਰੀ ਤਾਇਨਾਤ ਹਨ ਇਨ੍ਹਾਂ ਵਿੱਚੋਂ ਸਿਰਫ 1-1 ਅਧਿਕਾਰੀ ਪੰਜਾਬ ਅਤੇ ਹਰਿਆਣਾ ਨਾਲ ਸਬੰਧਤ ਹੈ ਜਦਕਿ ਬਾਕੀ 5 ਅਧਿਕਾਰੀ ਯੂ.ਟੀ ਕਾਡਰ ਦੇ ਹਨ। ਚੰਡੀਗੜ੍ਹ ਪ੍ਰਸ਼ਾਸਨ ਵਿੱਚ ਅਧਿਕਾਰੀਆਂ ਨੂੰ ਲਾਉਣ ਵਾਸਤੇ 60:40 ਦੇ ਅਨੁਪਾਤ ਨੂੰ ਬਰਕਰਾਰ ਨਹੀਂ ਰੱਖਿਆ ਜਾ ਰਿਹਾ। ਇਹੋ ਸਥਿਤੀ ਹੋਰ ਸ਼੍ਰੇਣੀਆਂ ਦੇ ਮੁਲਾਜ਼ਮਾਂ ਬਾਰੇ ਹੈ ਜਿਨ੍ਹਾਂ ਵਿੱਚ ਅਧਿਆਪਕ, ਡਾਕਟਰ ਅਤੇ ਹੋਰ ਸਿਵਲ ਅਧਿਕਾਰੀ ਸ਼ਾਮਲ ਹਨ।

## ਸ਼੍ਰੋਮਣੀ ਕਮੇਟੀ ਨੇ ਡਾ. ਕਿਰਪਾਲ ਸਿੰਘ ਨੂੰ ਸਿੱਖ ਇਤਿਹਾਸ ਪ੍ਰਾਜੈਕਟ ਤੋਂ ਕੀਤਾ ਲਾਂਭੇ

### *ਇਕਤਰਫ਼ਾ ਫ਼ੈਸਲਾ, ਮੇਰਾ ਕੋਈ ਪੱਖ ਨਹੀਂ ਲਿਆ ਗਿਆ-ਡਾ. ਕ੍ਰਿਪਾਲ ਸਿੰਘ*

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਸਿੱਖ ਇਤਿਹਾਸ ਨਾਲ ਛੇੜਛਾੜ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੇ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੇ ਸਿੱਖ ਇਤਿਹਾਸ ਸਰੋਤ ਸੰਪਾਦਨਾ ਪ੍ਰਾਜੈਕਟ ਦੇ ਚੇਅਰਮੈਨ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਇਸ ਸਬੰਧ ਵਿਚ ਅਗਲੀ ਰਣਨੀਤੀ ਉਲੀਕਣ ਵਾਸਤੇ ਸ਼੍ਰੋਮਣੀ ਕਮੇਟੀ ਵਲੋਂ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨਾਲ ਅਹਿਮ ਮੀਟਿੰਗ ਕੀਤੀ ਗਈ। ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਿੱਖ ਜਥੇਬੰਦੀਆਂ ਨਾਲ ਹੋਈ ਮੀਟਿੰਗ ਵਿਚ ਸਮੂਹ ਸਿੱਖ ਜਥੇਬੰਦੀਆਂ ਵਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਗਿਆਰਵੀਂ ਤੇ ਬਾਰਵੀਂ ਜਮਾਤ ਦੀਆਂ ਇਤਿਹਾਸ ਦੀਆਂ ਪੁਸਤਕਾਂ ਵਿਚ ਸਿੱਖ ਇਤਿਹਾਸ ਨਾਲ ਛੇੜਛਾੜ ਕੀਤੇ ਜਾਣ ਦੀ ਸਮੂਹਿਕ ਰੂਪ ਵਿਚ ਨਿੰਦਾ ਕੀਤੀ ਗਈ। ਸਮੂਹ ਜਥੇਬੰਦੀਆਂ ਨੇ ਇਸ ਮਾਮਲੇ ਵਿਚ ਪੰਜਾਬ ਸਰਕਾਰ ਦੀ ਨਿੰਦਾ ਕਰਦਿਆਂ ਮੁੱਖ ਮੰਤਰੀ ਨੂੰ ਸਿੱਖ ਜਗਤ ਤੋਂ ਮੁਆਫੀ ਮੰਗਣ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨੂੰ ਵਿਗਾੜਨ ਵਾਲਿਆਂ ਖਿਲਾਫ ਤੁਰੰਤ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਲਗਪਗ ਤਿੰਨ ਘੰਟੇ ਚੱਲੀ ਮੀਟਿੰਗ ਵਿਚ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਬਿਧੀਚੰਦ ਸੰਪਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ, ਬਾਬਾ ਜਗਜੀਤ ਸਿੰਘ, ਬਾਬਾ ਤੇਜਾ ਸਿੰਘ ਨਿਰਮਲੇ ਸੰਪਰਦਾ, ਬੁੱਢਾ ਦਲ ਵਲੋਂ ਭਾਈ ਸੁਖਜੀਤ ਸਿੰਘ, ਭਾਈ ਅਮਰਜੀਤ ਸਿੰਘ ਚਾਵਲਾ, ਮੁੱਖ ਸਕੱਤਰ ਡਾ. ਰੂਪ ਸਿੰਘ, ਸਿੱਖ ਵਿਦਵਾਨ ਡਾ. ਪਰਮਵੀਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ।



**ਡਾ. ਕ੍ਰਿਪਾਲ ਸਿੰਘ ਹੋਏ ਔਖੇ :** ਸ਼੍ਰੋਮਣੀ ਕਮੇਟੀ ਵਲੋਂ ਡਾ. ਕ੍ਰਿਪਾਲ ਸਿੰਘ ਨੂੰ ਜੋ ਪ੍ਰਾਜੈਕਟਾਂ ਤੋਂ ਲਾਂਭੇ ਕਰਨ ਦਾ ਫ਼ੈਸਲਾ ਲਿਆ ਗਿਆ ਹੈ ਉਸ ਸਬੰਧੀ ਇਤਿਹਾਸਕਾਰ ਡਾ. ਕ੍ਰਿਪਾਲ ਸਿੰਘ ਨੇ ਕਿਹਾ ਕਿ ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰਾਜੈਕਟ ਜੋ ਕਿ ਪਿਛਲੇ 18 ਸਾਲਾਂ (2001) ਤੋਂ ਸ਼੍ਰੋਮਣੀ ਕਮੇਟੀ ਵਲੋਂ ਪਾਸ ਹੋਏ ਮਤੇ ਅਨੁਸਾਰ ਨੂੰ ਵਾਪਸ ਲੈਣ ਦਾ ਫ਼ੈਸਲਾ ਬਿਲਕੁਲ ਰਾਜਨੀਤਕ ਹੈ।

ਡਾ. ਕ੍ਰਿਪਾਲ ਸਿੰਘ ਨੇ ਦੱਸਿਆ ਕਿ ਹੁਣ ਤੱਕ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ 22 ਜਿਲਦਾਂ ਤਿਆਰ ਕਰ ਚੁੱਕੇ ਹਨ ਤੇ ਦੋ ਜਿਲਦਾਂ ਪ੍ਰੈਸ ਵਿਚ ਹਨ। ਇਸ ਤੋਂ ਇਲਾਵਾ ਡਾ. ਕ੍ਰਿਪਾਲ ਸਿੰਘ ਨੇ ਇਹ ਦੱਸਦਿਆਂ ਕਿਹਾ ਕਿ ਉਨ੍ਹਾਂ ਵਲੋਂ ਸਿੱਖ ਇਤਿਹਾਸ ਦੀਆਂ 60 ਦੇ ਕਰੀਬ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ ਜੋ ਪੰਜਾਬੀ, ਅੰਗਰੇਜ਼ੀ ਤੇ ਫ਼ਾਰਸੀ ਭਾਸ਼ਾਵਾਂ ਵਿਚ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੇ ਸਾਰਾ ਜੀਵਨ ਸਿੱਖੀ ਇਤਿਹਾਸ 'ਤੇ ਹੀ ਕੰਮ ਕੀਤਾ ਹੈ ਪਰ ਅੱਜ ਦਾ ਇਹ ਫ਼ੈਸਲਾ ਸੁਣਨ ਉਪਰੰਤ ਉਨ੍ਹਾਂ ਦੇ ਮਨ ਨੂੰ ਜ਼ਰੂਰ ਠੇਸ ਪੁੱਜੀ ਹੈ ਕਿਉਂ ਜੋ ਉਨ੍ਹਾਂ ਦੇ ਪੱਖ ਨੂੰ ਸੁਣਿਆ ਤੱਕ ਨਹੀਂ ਗਿਆ। ਉਨ੍ਹਾਂ ਇਹ ਵੀ ਖ਼ੁਲਾਸਾ ਕੀਤਾ ਕਿ ਜੋ 5 ਚੈਪਟਰਾਂ ਦੀ ਗੱਲ ਕੀਤੀ ਜਾ ਰਹੀ ਹੈ ਉਹ ਡਾ. ਜੇ.ਐਸ. ਗਰੇਵਾਲ ਵਲੋਂ ਲਿਖੇ ਗਏ ਸਨ ਤੇ ਇਨ੍ਹਾਂ ਚੈਪਟਰਾਂ ਵਿਚ ਸ਼ਬਦਾਵਲੀ ਪੱਖੋਂ ਜਾਂ ਕਿਸੇ ਹੋਰ ਪ੍ਰਕਾਰ ਦੀਆਂ ਤਰੁੱਟੀਆਂ ਨੂੰ ਦੇਖਦੇ ਹੋਏ ਇਹ ਚੈਪਟਰ ਵਾਪਸ ਲੈ ਲਏ ਗਏ ਸਨ ਅਤੇ ਹੁਣ ਇਹ ਸਾਰੇ ਚੈਪਟਰ ਡਾ. ਕ੍ਰਿਪਾਲ ਸਿੰਘ ਵਲੋਂ ਦੁਬਾਰਾ ਨਵੇਂ ਸਿਰੇ ਤੋਂ ਆਪ ਲਿਖੇ ਜਾਣ ਦੀ ਵੀ ਤਜਵੀਜ਼ ਹੈ। ਡਾ. ਕ੍ਰਿਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਗਠਿਤ ਓਵਰਸਾਈਟ ਕਮੇਟੀ ਦੇ ਮੈਂਬਰਾਂ ਵਿਚ ਜਿਥੇ ਉਹ (ਡਾ. ਕ੍ਰਿਪਾਲ ਸਿੰਘ) ਚੇਅਰਮੈਨ ਸਨ ਉਥੇ ਮੈਂਬਰਾਂ ਵਿਚ ਡਾ. ਜੇ.ਐਸ.ਗਰੇਵਾਲ, ਡਾ ਇੰਦੂ ਬਾਂਗਾ, ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, ਡਾ. ਬਲਵੰਤ ਸਿੰਘ ਢਿੱਲੋਂ ਤੇ ਡਾ. ਇੰਦਰਜੀਤ ਸਿੰਘ ਗੋਗੋਆਣੀ ਦੇ ਨਾਂਅ ਸ਼ਾਮਿਲ ਹਨ।

### ਜੋਤਸ਼ੀ ਠੱਗੀ ਕਾਰਨ ਕਰ ਵਿਭਾਗ ਦੇ ਚੱਕਰ 'ਚ ਆਇਆ

**ਸੁਨਾਮ ਊਧਮ ਸਿੰਘ ਵਾਲਾ/ਬਿਊਰੋ ਨਿਊਜ਼ :** ਆਮਦਨ ਤੇ ਕਰ ਵਿਭਾਗ ਵੱਲੋਂ ਜੋਤਿਸ਼ੀ ਰੋਹਿਤ ਦੀ ਆਮਦਨ ਦੀ ਬਰੀਕੀ ਨਾਲ ਜਾਂਚ ਪੜਤਾਲ ਕੀਤੀ ਗਈ। ਸੰਗਰੂਰ ਰੇਂਜ ਦੇ ਇਨਕਮ ਟੈਕਸ ਵਿਭਾਗ ਦੇ ਐਡੀਸ਼ਨਲ ਕਮਿਸ਼ਨਰ ਕੁਲਰਾਜ ਸਿੰਘ ਨੇ ਦੱਸਿਆ ਕਿ ਸੁਨਾਮ ਦੀ ਸਾਬਕਾ ਨਗਰ ਕੌਂਸਲ ਪ੍ਰਧਾਨ ਸੁਨੀਤਾ ਰਾਣੀ ਦੇ ਪੁੱਤਰ ਜੋਤਸ਼ੀ ਰੋਹਿਤ ਸ਼ਰਮਾ ਦੇ ਲੈਪਟਾਪ ਅਤੇ ਹੋਰ ਦਸਤਾਵੇਜ਼ਾਂ ਦਾ ਸਰਵੇਖਣ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜੋਤਸ਼ੀ ਵੱਲੋਂ ਆਪਣੀ 1 ਕਰੋੜ 30 ਲੱਖ ਰੁਪਏ ਦੀ ਆਮਦਨ ਦੇ ਵਸੀਲਿਆਂ ਸਬੰਧੀ ਕੋਈ ਪੁਖਤਾ ਉੱਤਰ ਨਹੀਂ ਸਨ, ਜਿਸ ਕਰਕੇ ਜੋਤਸ਼ੀ ਨੂੰ ਲਗਪਗ ਇੱਕ ਕਰੋੜ ਰੁਪਏ ਦੇਣਾ ਪਵੇਗਾ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਦਲ ਖਾਲਸਾ ਵੱਲੋਂ ਸਿੱਖ ਕਤਲੇਆਮ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਲਈ ਮਸ਼ਾਲ ਮਾਰਚ






**ਅੰਮ੍ਰਿਤਸਰ/ਬਿਊਰੋ ਨਿਊਜ਼ :** ਨਵੰਬਰ-1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਮਸ਼ਾਲ ਮਾਰਚ ਕੱਢਿਆ ਗਿਆ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਕੰਪਲੈਕਸ ਵਿਚ 1984 ਮੋਮਬੱਤੀਆਂ ਜਗਾ ਕੇ ਸਿੱਖ ਕਤਲੇਆਮ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਵੀ ਕੀਤੀ ਗਈ। ਦਲ ਖਾਲਸਾ ਵੱਲੋਂ ਸਿੱਖ ਕਤਲੇਆਮ ਦੀ 34ਵੀਂ ਵਰ੍ਹੇ ਗੰਢ ਮੌਕੇ ਕੱਢੇ ਗਏ ਮਸ਼ਾਲ ਮਾਰਚ ਨੂੰ 'ਹੱਕ, ਇਨਸਾਫ ਅਤੇ ਆਜ਼ਾਦੀ' ਮਾਰਚ ਦਾ ਨਾਂ ਦਿੱਤਾ ਗਿਆ ਸੀ। ਆਗੂਆਂ ਨੇ ਆਖਿਆ ਕਿ ਇਹ ਘਟਨਾਵਾਂ ਨੇ ਸਿੱਖ ਕੌਮ ਦੀ ਰੂਹ ਨੂੰ ਜ਼ਖ਼ਮੀ ਕੀਤਾ ਹੈ ਅਤੇ ਕਦੇ ਨਾ ਭਰਨ ਵਾਲੇ ਜ਼ਖ਼ਮ ਦਿੱਤੇ ਹਨ। ਭੰਡਾਰੀ ਪੁਲ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਕੱਢੇ ਗਏ ਮਾਰਚ ਵਿਚ ਔਰਤਾਂ ਵੀ ਸ਼ਾਮਲ ਸਨ। ਕਾਰਕੁਨਾਂ ਨੇ ਮਸ਼ਾਲਾਂ, ਮੋਮਬੱਤੀਆਂ ਅਤੇ ਸਿੱਖ ਕਤਲੇਆਮ ਨੂੰ ਦਰਸਾਉਂਦੀਆਂ ਤਸਵੀਰਾਂ ਅਤੇ ਤਖ਼ਤੀਆਂ ਚੁੱਕੀਆਂ ਹੋਈਆਂ ਸਨ। ਇਨ੍ਹਾਂ ਵੱਲੋਂ ਖਾਲਿਸਤਾਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪੱਖੀ ਨਾਅਰੇਬਾਜ਼ੀ ਵੀ ਕੀਤੀ ਗਈ। ਮਾਰਚ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਪੁੱਜਣ 'ਤੇ ਕਤਲੇਆਮ ਵਿਚ ਮਾਰੇ ਗਏ ਲੋਕਾਂ ਦੀ ਯਾਦ ਵਿਚ ਅਰਦਾਸ ਕੀਤੀ ਗਈ। ਇਹ ਅਰਦਾਸ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਕੀਤੀ। ਉਪਰੰਤ ਇਥੇ ਹਰਿਮੰਦਰ ਸਾਹਿਬ ਦੇ ਮੁਖ ਪ੍ਰਵੇਸ਼ ਦੁਆਰ ਦੇ ਬਾਹਰ ਕਾਰਕੁਨਾਂ ਨੇ 1984 ਮੋਮਬਤੀਆਂ ਜਗਾਈਆਂ। ਜਥੇਬੰਦੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਆਖਿਆ ਕਿ ਪਿਛਲੇ 34 ਸਾਲਾਂ ਵਿਚ ਇਹ ਸਪੱਸ਼ਟ ਹੋ ਗਿਆ ਹੈ ਕਿ ਭਾਰਤ ਸਰਕਾਰ ਵੱਲੋਂ ਇਸ ਮਾਮਲੇ ਵਿਚ ਸਿੱਖਾਂ ਨੂੰ ਨਿਆਂ ਨਹੀਂ ਦਿੱਤਾ ਜਾਵੇਗਾ, ਇਸ ਲਈ ਦਲ ਖਾਲਸਾ ਹੁਣ ਇਸ ਲੜਾਈ ਨੂੰ ਦਿੱਲੀ ਤੋਂ ਜਨੇਵਾ ਵਿਖੇ ਤਬਦੀਲ ਕਰੇਗਾ। ਉਨ੍ਹਾਂ ਆਖਿਆ ਕਿ ਜਲਦੀ ਹੀ ਸੰਯੁਕਤ ਰਾਸ਼ਟਰ ਦੇ ਦਿੱਲੀ ਸਥਿਤ ਦਫਤਰ ਵਿਖੇ ਇਸ ਸਬੰਧੀ ਇਕ ਪੱਤਰ ਅਤੇ ਮਸ਼ਾਲ ਮਾਰਚ ਦੀ ਰਿਪੋਰਟ ਸੌਂਪੀ ਜਾਵੇਗੀ। ਉਨ੍ਹਾਂ ਆਖਿਆ ਕਿ ਜਥੇਬੰਦੀ ਚਾਹੁੰਦੀ ਹੈ ਕਿ ਨਵੰਬਰ 1984 ਸਿੱਖ ਕਤਲੇਆਮ ਦੀ ਕੌਮਾਂਤਰੀ ਜਾਂਚ ਹੋਵੇ। ਇਹ ਮਾਮਲਾ ਉਨ੍ਹਾਂ ਸੰਯੁਕਤ ਰਾਸ਼ਟਰ ਦੇ ਸਕਤਰ ਜਨਰਲ ਅੰਤੋਨੀਓ ਗੁਟੇਰੇਜ਼ ਜੋ ਬੀਤੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਆਏ ਸਨ, ਕੋਲ ਵੀ ਰੱਖਿਆ ਸੀ। ਪਾਰਟੀ ਆਗੂ ਕੰਵਰਪਾਲ ਸਿੰਘ ਨੇ ਆਖਿਆ ਕਿ ਹੈਰਾਨੀ ਦੀ ਗੱਲ ਹੈ ਕਿ ਇਸ ਮਾਮਲੇ ਵਿਚ ਸੰਯੁਕਤ ਰਾਸ਼ਟਰ ਵੀ ਚੁੱਪ ਹੈ ਪਰ ਸਿੱਖ ਜਥੇਬੰਦੀ ਸੰਯੁਕਤ ਰਾਸ਼ਟਰ ਨੂੰ ਮਜਬੂਰ ਕਰੇਗੀ ਕਿ ਉਹ ਪੱਖਪਾਤ ਤੇ ਭੇਦਭਾਵ ਵਾਲੀ ਨੀਤੀ ਛੱਡ ਕੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰੇ। ਇਸ ਮਾਰਚ ਵਿਚ ਅਕਾਲ ਫੈਡਰੇਸ਼ਨ ਦੇ ਭਾਈ ਨਰੈਣ ਸਿੰਘ, ਭਾਈ ਮੋਹਕਮ ਸਿੰਘ, ਸਿੱਖ ਕਤਲੇਆਮ ਦੀ ਗਵਾਹ ਬੀਬੀ ਜਗਦੀਸ਼ ਕੌਰ, ਕਾਸ਼ਤੀਵਾਲ ਟਰੱਸਟ ਦੀ ਬੀਬੀ ਸੰਦੀਪ ਕੌਰ, ਗੁਰਿੰਦਰਜੀਤ ਸਿੰਘ ਬਾਜਵਾ ਸਮੇਤ ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ, ਪਾਰਟੀ ਦੇ ਸਾਬਕਾ ਪ੍ਰਧਾਨ ਸਤਨਾਮ ਸਿੰਘ ਪਾਉਂਟਾ ਸਾਹਿਬ, ਜਸਬੀਰ ਸਿੰਘ ਤੇ ਹੋਰ ਹਾਜ਼ਰ ਸਨ।

## ਗੁਰਦੁਆਰਾ ਸਾਹਿਬ ਫਰੀਮਾਂਟ ਵਲੋਂ ਸਿੱਖ ਜਾਗਰੂਕਤਾ ਦਿਵਸ 18 ਨਵੰਬਰ ਨੂੰ

**ਯੂਨੀਅਨ ਸਿਟੀ/ਪ੍ਰਮਿੰਦਰ ਸਿੰਘ ਪ੍ਰਵਾਨਾ :**
ਏਸੀਆਰ 147 ਅਨੁਸਾਰ ਕੈਲੀਫੋਰਨੀਆ ਵਿਚ ਸਿੱਖ ਜਾਗਰੂਕਤਾ ਦਿਵਸ ਮਨਾਏ ਜਾਣ ਲਈ ਨਵੰਬਰ ਮਹੀਨਾ ਚੁਣਿਆ ਗਿਆ ਹੈ। ਉਸ ਦੇ ਤਹਿਤ ਗੁਰਦੁਆਰਾ ਸਾਹਿਬ ਫਰੀਮਾਂਟ ਅਤੇ Guy Emanuele Jr. Elementary School-100 Decoto Road, Union City, CA 94587 ਦੇ ਸਾਂਝੇ ਉਦਮ ਨਾਲ18 ਨਵੰਬਰ 2018 ਦਿਨ ਐਤਵਾਰ ਬਾਅਦ ਦੁਪਹਿਰ 03:00 ਵਜੇ ਇਹ ਦਿਵਸ ਮਨਾਇਆ ਜਾ ਰਿਹਾ ਹੈ ਜੋ ਅਮਰੀਕਾ ਦੇ ਇਤਿਹਾਸ ਵਿਚ ਸਿੱਖਾਂ ਵੱਲੋਂ ਪਾਏ ਗਏ ਯੋਗਦਾਨ ਨੂੰ ਸਮਰਪਿਤ ਹੋਵੇਗਾ। ਪ੍ਰੋਗਰਾਮ ਦੇ ਪ੍ਰਬੰਧਕ ਪ੍ਰਮਿੰਦਰ ਸਿੰਘ ਪ੍ਰਵਾਨਾ ਅਨੁਸਾਰ ਇਸ ਵਿਚ ਖ਼ਾਲਸਾ ਸਕੂਲ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਬੱਚਿਆਂ ਵਲੋਂ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ ਜਾਵੇਗਾ, ਜਿਸ ਵਿਚ ਕੀਰਤਨ, ਅਰਦਾਸ, ਪਰਚਾ ਪਾਠ, ਕਵਿਤਾ ਪਾਠ ਅਤੇ ਗੱਤਕਾ ਸ਼ਾਮਲ ਹੈ। ਉਪਰੰਤ ਸਥਾਨਕ ਲੋਕ ਗਾਇਕ ਮੰਗਜੀਤ ਸਿੰਘ ਮੰਗਾ, ਤਰਸੇਮ ਸਿੰਘ ਅਟਵਾਲ, ਮਹਿੰਦਰ ਸਿੰਘ ਰਾਜਪੂਤ, ਧਰਮ ਪਾਲ ਪ੍ਰਦੇਸੀ (ਮਾਸਟਰ ਰੈਕ), ਦਰਸ਼ਨ ਸਿੰਘ ਔਜਲਾ, ਜਸਦੀਪ ਸਿੰਘ ਫਰੀਮਾਂਟ ਆਦਿ ਵਲੋਂ ਪੰਜਾਬੀ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ। ਹਾਜ਼ਰ ਕਵੀਆਂ ਵਲੋਂ ਕਵੀ ਦਰਬਾਰ ਸਜਾਇਆ ਜਾਵੇਗਾ। ਪ੍ਰੋਗਰਾਮ ਬੱਚਿਆਂ ਦੇ ਸਕੂਲ ਵਿਚ ਹੋ ਰਿਹਾ ਹੈ ਅਤੇ ਦਾਖਲਾ ਸੱਦਾ ਪੱਤਰ ਰਾਹੀਂ ਮੁਫ਼ਤ ਹੈ। ਮਾਪਿਆਂ ਨੂੰ ਬੱਚਿਆਂ ਸਮੇਤ ਸ਼ਾਮਲ ਹੋਣ ਦੀ ਅਪੀਲ ਹੈ। ਇਸ ਮੌਕੇ ਪਾਰਕਿੰਗ ਦਾ ਖਾਸ ਪ੍ਰਬੰਧ ਹੋਵੇਗਾ। ਵਧੇਰੇ ਜਾਣਕਾਰੀ ਲਈ ਫੋਨ ਨੰ. 510-415-9373, 510-459-7527, 510-709-5162 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## 2382 ਭਾਰਤੀ ਹਨ ਜੇਲ੍ਹਾਂ ਵਿਚ ਬੰਦ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਉਤਰੀ ਅਮਰੀਕਾ-ਪੰਜਾਬੀ ਐਸੋਸੀਏਸ਼ਨ (ਨਾਪਾ) ਅਨੁਸਾਰ ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਟੱਪਣ ਦੇ ਦੋਸ਼ ਹੇਠ ਲਗਭਗ 2400 ਭਾਰਤੀ ਅਮਰੀਕਾ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬ ਵਿਚੋਂ ਹਨ। ਨਾਪਾ ਵੱਲੋਂ ਸੂਚਨਾ ਦੀ ਆਜ਼ਾਦੀ ਐਕਟ ਤਹਿਤ ਹਾਸਲ ਕੀਤੀ ਜਾਣਕਾਰੀ ਤੋਂ ਇਹ ਖੁਲਾਸਾ ਹੋਇਆ ਹੈ ਕਿ ਕੁੱਲ 2382 ਭਾਰਤੀ ਅਮਰੀਕਾ ਦੀਆਂ 86 ਜੇਲ੍ਹ ਵਿਚ ਬੰਦ ਹਨ। ਉਹ ਇਹ ਕਹਿ ਕੇ ਇਥੇ ਪਨਾਹ ਮੰਗ ਰਹੇ ਹਨ ਕਿ ਉਨ੍ਹਾਂ ਨੂੰ ਭਾਰਤ ਵਿਚ ਹਿੰਸਾ ਅਤੇ ਜ਼ੁਲਮ ਦਾ ਸਾਹਮਣਾ ਕਰਨਾ ਪੈਂਦਾ ਹੈ। ਨਾਪਾ ਦੇ ਪ੍ਰਧਾਨ ਸਤਨਾਮ ਸਿੰਘ ਚਾਹਲ ਨੇ ਦੱਸਿਆ ਕਿ ਪੰਜਾਬ ਦੇ ਇੰਨੀ ਵੱਡੀ ਗਿਣਤੀ ਲੋਕਾਂ ਦੇ ਇਥੋਂ ਦੀ ਜੇਲ੍ਹਾਂ ਵਿਚ ਬੰਦ ਹੋਣਾ ਚਿੰਤਾ ਦਾ ਵਿਸ਼ਾ ਹੈ।




ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਬਰੀਮਾਲਾ ਮੰਦਰ 'ਚ ਔਰਤਾਂ ਦੇ ਦਾਖਲੇ ਨੂੰ ਲੈ ਕੇ ਭਗਵੇਂਵਾਦੀ ਖੜਾ ਕਰ ਰਹੇ ਨੇ ਵਿਵਾਦ

- **10 ਤੋਂ 50 ਸਾਲ ਦੀਆਂ ਔਰਤਾਂ ਨੂੰ ਮਾਹਵਾਰੀ ਆਉਣ ਕਰਕੇ ਕੀਤੀ ਮੰਦਰ 'ਚ ਜਾਣ ਦੀ ਮਨਾਹੀ**
- **ਮੰਦਰ ਦਾ ਨਿਰਮਾਣ ਰਾਜਾ ਰਾਜਸ਼ੇਖਰ ਨੇ ਕਰਵਾਇਆ**
- **ਸੁਪਰੀਮ ਕੋਰਟ ਨੇ ਔਰਤਾਂ ਨੂੰ ਮੰਦਰ ਜਾਣ ਦੀ ਦਿੱਤੀ ਹੋਈ ਏ ਇਜਾਜ਼ਤ, ਪਰ ਭਾਜਪਾ ਭੜਕਾ ਰਹੀ ਏ ਪੁਜਾਰੀਵਾਦ ਨੂੰ**



**ਤ੍ਰਿਵੇਂਦਰਮ/ਬਿਊਰੋ ਨਿਊਜ਼ :**
ਅੱਜ ਕੱਲ ਕੇਰਲ ਦੇ ਸਬਰੀਮਾਲਾ ਮੰਦਰ 'ਚ ਔਰਤਾਂ ਦੇ ਦਾਖਲੇ ਨੂੰ ਲੈ ਕੇ ਬਾਕੀ ਸਾਰੇ ਮੁੱਦਿਆਂ ਨਾਲੋਂ ਵੱਧ ਚਰਚਾ ਹੈ। ਕੱਟੜ ਹਿੰਦੂਤਵੀ ਸੁਪਰੀਮ ਕੋਰਟ ਦੇ ਆਦੇਸ਼ ਦੇ ਬਾਵਜੂਦ ਔਰਤਾਂ ਨੂੰ ਇਥੇ ਪੂਜਾ ਅਰਚਨਾ ਲਈ ਦਾਖਲ ਨਹੀਂ ਹੋਣ ਦੇ ਰਹੇ, ਤੇ ਆਰ ਐਸ ਐਸ ਤੇ ਭਾਜਪਾ ਇਨ੍ਹਾਂ ਨੂੰ ਥਾਪੜਾ ਦੇ ਰਹੀ ਹੈ।
ਮੰਦਰ ਦੇ ਇਤਿਹਾਸ 'ਤੇ ਝਾਤ : ਇਹ ਅਯੱਪਾ ਸਵਾਮੀ ਦਾ ਮੰਦਰ ਹੈ। ਅਯੱਪਾ ਸਵਾਮੀ ਨੂੰ ਬ੍ਰਹਮਚਾਰੀ ਮੰਨਿਆ ਗਿਆ ਹੈ। ਇਸੇ ਕਾਰਨ ਮੰਦਿਰ ਵਿਚ 10 ਤੋਂ 50 ਸਾਲ ਦੀ ਉਮਰ ਦੀਆਂ ਉਨ੍ਹਾਂ ਔਰਤਾਂ ਦਾ ਦਾਖਲਾ ਮਨ੍ਹਾ ਸੀ, ਜਿਨ੍ਹਾਂ ਨੂੰ ਮਾਹਵਾਰੀ ਆ ਸਕਦੀ ਸੀ। ਮੰਦਰ ਦੀ ਵੈੱਬਸਾਈਟ 'ਤੇ ਦਿੱਤੀ ਗਈ ਜਾਣਕਾਰੀ ਮੁਤਾਬਕ ਇਸ ਮੰਦਰ ਦਾ ਨਿਰਮਾਣ ਰਾਜਾ ਰਾਜਸ਼ੇਖਰ ਨੇ ਕਰਵਾਇਆ ਸੀ, ਜਿਨ੍ਹਾਂ ਨੂੰ ਪੰਬਾ ਨਦੀ ਦੇ ਕਿਨਾਰੇ ਅਯੱਪਾ ਭਗਵਾਨ ਬਾਲ ਰੂਪ ਵਿਚ ਮਿਲੇ ਸਨ। ਉਹ ਉਨ੍ਹਾਂ ਨੂੰ ਆਪਣੇ ਨਾਲ ਮਹੱਲ ਵਿਚ ਲੈ ਆਏ ਸਨ ਅਤੇ ਇਸ ਤੋਂ ਕੁਝ ਸਮੇਂ ਬਾਅਦ ਹੀ ਰਾਣੀ ਨੇ ਇਕ ਪੁੱਤਰ ਨੂੰ ਜਨਮ ਦਿੱਤਾ। ਅਯੱਪਾ ਦੇ ਵੱਡੇ ਹੋਣ 'ਤੇ ਰਾਜਾ ਉਨ੍ਹਾਂ ਨੂੰ ਸ਼ਾਸਨ ਸੌਂਪਣਾ ਚਾਹੁੰਦੇ ਸਨ ਪਰ ਰਾਣੀ ਇਸ ਦੇ ਲਈ ਤਿਆਰ ਨਹੀਂ ਸੀ। ਰਾਣੀ ਨੇ ਇਕ ਵਾਰ ਬੀਮਾਰ ਹੋਣ ਦਾ ਬਹਾਨਾ ਬਣਾ ਕੇ ਕਿਹਾ ਕਿ ਉਸ ਦੀ ਬੀਮਾਰੀ ਸਿਰਫ ਸ਼ੇਰਨੀ ਦੇ ਦੁੱਧ ਨਾਲ ਹੀ ਠੀਕ ਹੋ ਸਕਦੀ ਹੈ। ਅਯੱਪਾ ਜੀ ਜੰਗਲ ਵਿਚ ਦੁੱਧ ਲੈਣ ਚਲੇ ਗਏ। ਉਥੇ ਉਨ੍ਹਾਂ ਦਾ ਸਾਹਮਣਾ ਇਕ ਰਾਖਸ਼ਸੀ ਨਾਲ ਹੋਇਆ, ਜਿਸ ਨੂੰ ਉਨ੍ਹਾਂ ਨੇ ਮਾਰ ਦਿੱਤਾ। ਖੁਸ਼ ਹੋ ਕੇ ਇੰਦਰ ਨੇ ਉਨ੍ਹਾਂ ਨਾਲ ਸ਼ੇਰਨੀ ਨੂੰ ਮਹੱਲ ਵਿਚ ਭੇਜ ਦਿੱਤਾ। ਸ਼ੇਰਨੀ ਨੂੰ ਉਨ੍ਹਾਂ ਨਾਲ ਦੇਖ ਕੇ ਲੋਕਾਂ ਨੂੰ ਬਹੁਤ ਹੈਰਾਨੀ ਹੋਈ। ਇਸ ਤੋਂ ਬਾਅਦ ਪਿਤਾ ਨੇ ਅਯੱਪਾ ਨੂੰ ਰਾਜਾ ਬਣਨ ਲਈ ਕਿਹਾ ਤਾਂ ਉਨ੍ਹਾਂ ਨੇ ਮਨ੍ਹਾ ਕਰ ਦਿੱਤਾ ਅਤੇ ਗਾਇਬ ਹੋ ਗਏ। ਦੁਖੀ ਹੋ ਕੇ ਉਨ੍ਹਾਂ ਦੇ ਪਿਤਾ ਨੇ ਭੋਜਨ ਤਿਆਗ ਦਿੱਤਾ। ਇਸ 'ਤੇ ਭਗਵਾਨ ਅਯੱਪਾ ਨੇ ਪਿਤਾ ਨੂੰ ਦਰਸ਼ਨ ਦਿੱਤੇ ਅਤੇ ਇਸ ਜਗ੍ਹਾ 'ਤੇ ਆਪਣਾ ਮੰਦਿਰ ਬਣਵਾਉਣ ਲਈ ਕਿਹਾ, ਜੋ ਤਿਰੂਅਨੰਤਪੁਰਮ ਤੋਂ 175 ਕਿਲੋਮੀਟਰ ਦੂਰ ਪਹਾੜੀਆਂ 'ਤੇ ਹੈ।
ਇਸ ਮੰਦਿਰ ਵਿਚ ਸ਼ਰਧਾਲੂ ਸਿਰ 'ਤੇ ਪੋਟਲੀ ਰੱਖ ਕੇ ਪਹੁੰਚਦੇ ਹਨ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਥੇ ਤੁਲਸੀ ਜਾਂ ਰੁਦਰਾਕਸ਼ ਦੀ ਮਾਲਾ ਪਹਿਨ ਕੇ, ਵਰਤ ਰੱਖ ਕੇ ਅਤੇ ਸਿਰ 'ਤੇ ਪ੍ਰਸ਼ਾਦ ਰੱਖ ਕੇ ਆਉਣ ਵਾਲੇ ਸ਼ਰਧਾਲੂ ਦੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ।

### ਕਿਵੇਂ ਲੱਗੀ ਔਰਤਾਂ ਦੇ ਦਾਖਲੇ ਤੇ ਪਾਬੰਦੀ :

ਸੰਨ 1987 ਵਿਚ ਅਭਿਨੇਤਰੀ ਜਯਮਾਲਾ ਨੇ ਦਾਅਵਾ ਕੀਤਾ ਸੀ ਕਿ ਜਦੋਂ ਉਹ ਆਪਣੇ ਪਤੀ ਨਾਲ ਮੰਦਰ ਵਿਚ ਦਰਸ਼ਨ ਕਰਨ ਗਈ ਤਾਂ ਭੀੜ ਵਿਚ ਧੱਕਾ ਲੱਗਣ ਕਰ ਕੇ ਉਹ ਗਰਭ ਗ੍ਰਹਿ ਵਿਚ ਪਹੁੰਚ ਗਈ ਤੇ ਭਗਵਾਨ ਅਯੱਪਾ ਦੇ ਚਰਨਾਂ ਵਿਚ ਡਿੱਗ ਗਈ। ਜਯਮਾਲਾ ਦੇ ਇਸ ਦਾਅਵੇ 'ਤੇ ਹੰਗਾਮਾ ਹੋਣ ਤੋਂ ਬਾਅਦ ਮੰਦਰ ਵਿਚ ਔਰਤਾਂ ਦਾ ਦਾਖਲਾ ਵਰਜਿਤ ਹੋਣ ਦੇ ਮੁੱਦੇ 'ਤੇ ਲੋਕਾਂ ਦਾ ਧਿਆਨ ਗਿਆ ਤੇ 2006 ਵਿਚ ਸੂਬੇ ਦੇ 'ਯੁਵਾ ਵਕੀਲ ਸੰਘ' ਨੇ ਸੁਪਰੀਮ ਕੋਰਟ ਵਿਚ ਇਸ ਵਿਰੁੱਧ ਪਟੀਸ਼ਨ ਦਾਇਰ ਕੀਤੀ। 7 ਨਵੰਬਰ 2017 ਨੂੰ ਸੁਪਰੀਮ ਕੋਰਟ ਨੇ ਇਸ 'ਤੇ ਕਿਹਾ ਕਿ ਉਹ ਸਬਰੀਮਾਲਾ ਮੰਦਿਰ ਵਿਚ ਹਰ ਉਮਰ ਦੀਆਂ ਔਰਤਾਂ ਨੂੰ ਦਾਖਲਾ ਦੇਣ ਦੇ ਪੱਖ ਵਿਚ ਹੈ। 28 ਸਤੰਬਰ 2018 ਨੂੰ ਸੁਪਰੀਮ ਕੋਰਟ ਨੇ ਇਤਿਹਾਸਕ ਫੈਸਲਾ ਸੁਣਾਉਂਦਿਆਂ ਸਬਰੀਮਾਲਾ ਮੰਦਿਰ ਵਿਚ ਔਰਤਾਂ ਨੂੰ ਦਾਖਲੇ ਦੀ ਇਜਾਜ਼ਤ ਦੇ ਦਿੱਤੀ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਸਾਡੀ ਸੱਭਿਅਤਾ ਵਿਚ ਔਰਤਾਂ ਦਾ ਸਥਾਨ ਆਦਰਯੋਗ ਹੈ। ਇਥੇ ਔਰਤਾਂ ਨੂੰ ਦੇਵੀ ਵਾਂਗ ਪੂਜਿਆ ਜਾਂਦਾ ਹੈ ਪਰ ਮੰਦਰ ਵਿਚ ਦਾਖਲ ਹੋਣ ਤੋਂ ਰੋਕਿਆ ਜਾ ਰਿਹਾ ਹੈ, ਜੋ ਸਵੀਕਾਰਯੋਗ ਨਹੀਂ ਹੈ। ਬੇਸ਼ੱਕ ਕੇਰਲ ਦੀ ਪਿਨਰਾਈ ਵਿਜਯਨ ਸਰਕਾਰ ਸੁਪਰੀਮ ਕੋਰਟ ਦੇ ਫੈਸਲੇ ਦੇ ਨਾਲ ਖੜ੍ਹੀ ਹੈ ਤੇ ਇਸ ਨੇ ਸੁਪਰੀਮ ਕੋਰਟ ਦੇ ਫੈਸਲੇ ਵਿਰੁੱਧ ਮੁੜ ਵਿਚਾਰ ਪਟੀਸ਼ਨ ਦਾਇਰ ਨਾ ਕਰਨ ਦਾ ਫੈਸਲਾ ਦੁਹਰਾਇਆ ਹੈ ਪਰ ਸ਼ਿਵ ਸੈਨਾ ਦੀ ਕੇਰਲ ਇਕਾਈ ਨੇ ਮੰਦਰ ਵਿਚ 10 ਤੋਂ 50 ਸਾਲ ਦੀਆਂ ਔਰਤਾਂ ਨੂੰ ਦਾਖਲਾ ਦੇਣ 'ਤੇ ਆਪਣੇ ਵਰਕਰਾਂ ਵਲੋਂ ਸਮੂਹਿਕ ਖੁਦਕੁਸ਼ੀਆਂ ਕਰਨ ਦੀ ਚਿਤਾਵਨੀ ਦੇ ਦਿੱਤੀ ਹੈ। ਰੋਸ ਮੁਜ਼ਾਹਰੇ ਜਾਰੀ ਹਨ, ਪੁਲਿਸ ਨਾਲ ਲੋਕਾਂ ਦੀਆਂ ਝੜਪਾਂ ਹੋ ਰਹੀਆਂ ਹਨ।

### ਧਾਰਮਿਕ ਭਾਵਨਾਵਾਂ ਅਤੇ ਸਿਆਸਤ :

ਅਯੁੱਧਿਆ ਵਿਚ 1990ਵਿਆਂ ਤੋਂ ਰਾਮ ਮੰਦਰ ਬਣਾਉਣ ਲਈ ਸ਼ੁਰੂ ਹੋਏ ਵਿਵਾਦ ਨੇ ਭਾਰਤੀ ਸਿਆਸਤ ਦੀਆਂ ਪੇਚੀਦਗੀਆਂ ਬਹੁਤ ਵਧਾ ਦਿੱਤੀਆਂ ਹਨ। ਇਕ ਪਾਸੇ ਲੋਕਾਂ ਦੇ ਮਨ ਵਿਚ ਭਗਵਾਨ ਰਾਮ ਪ੍ਰਤੀ ਸ਼ਰਧਾ ਹੈ ਤੇ ਦੂਜੇ ਪਾਸੇ ਸੰਘ ਪਰਿਵਾਰ ਨਾਲ ਜੁੜੇ ਹੋਰ ਸੰਗਠਨ ਇਸ ਗੱਲ 'ਤੇ ਅਮਾਦਾ ਹਨ ਕਿ ਇਸ ਤੋਂ ਵੱਧ ਤੋਂ ਵੱਧ ਸਿਆਸੀ ਲਾਹਾ ਲਿਆ ਜਾ ਸਕੇ। ਸੁਬਰਾਮਨੀਅਮ ਸਵਾਮੀ ਤੇ ਹੋਰ ਕਈ ਨੇਤਾ ਇਹ ਕਹਿ ਰਹੇ ਹਨ ਕਿ ਰਾਮ ਮੰਦਰ ਬਣਾਉਣ ਲਈ ਆਰਡੀਨੈਂਸ ਜਾਰੀ ਕੀਤਾ ਜਾਣਾ ਚਾਹੀਦਾ ਹੈ। ਉਹ ਆਰਡੀਨੈਂਸ ਕਾਨੂੰਨ ਕਿਵੇਂ ਬਣੇਗਾ, ਇਸ ਸਬੰਧੀ ਸਰਕਾਰ ਨੂੰ ਸੰਸਦ ਵਿਚ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਏਸੇ ਤਰ੍ਹਾਂ ਸੰਘ ਪਰਿਵਾਰ ਸ਼ਬਰੀਮਾਲਾ ਮੰਦਰ ਦੇ ਮੁੱਦੇ 'ਤੇ ਵੀ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਸਿਆਸੀ ਖੇਡ ਖੇਡ ਰਿਹਾ ਹੈ। ਪਹਿਲਾਂ ਤਾਂ ਸੰਘ ਪਰਿਵਾਰ ਨਾਲ ਜੁੜੀਆਂ ਸੰਸਥਾਵਾਂ ਨੇ ਸੁਪਰੀਮ ਕੋਰਟ ਦੇ ਸ਼ਬਰੀਮਾਲਾ ਮੰਦਰ ਬਾਰੇ ਦਿੱਤੇ ਫ਼ੈਸਲੇ ਨੂੰ ਜੀ ਆਇਆਂ ਆਖਿਆ ਸੀ। ਪਰ ਜਿਉਂ ਹੀ ਵਿਰੋਧ ਵਧਿਆ ਤਾਂ ਸੰਘ ਪਰਿਵਾਰ ਨੂੰ ਇਹ ਗੰਧ ਆ ਗਈ ਕਿ ਇਸ ਤੋਂ ਸਿਆਸੀ ਲਾਭ ਲੈ ਕੇ ਕੇਰਲਾ ਵਿਚ ਭਾਜਪਾ ਲਈ ਥਾਂ ਬਣਾਈ ਜਾ ਸਕਦੀ ਹੈ। ਭਾਜਪਾ ਇਸ ਨੂੰ ਬਿਹਾਰ ਤੇ ਉੱਤਰ ਪ੍ਰਦੇਸ਼ ਵਿਚ ਖਿਸਕਦੀ ਸਿਆਸੀ ਜ਼ਮੀਨ ਨੂੰ ਬਚਾਉਣ ਵਜੋਂ ਵੀ ਦੇਖ ਰਹੀ ਹੈ।
**ਮਰਿਆਦਾ ਬਚਾਉਣ ਲਈ ਭਾਜਪਾ ਵੱਲੋਂ ਰਥ ਯਾਤਰਾ ਸ਼ੁਰੂ :** ਕੇਰਲਾ ਦੇ ਮੰਦਰਾਂ ਦੀ ਸਾਂਭ ਸੰਭਾਲ ਨਾਲ ਸਬੰਧਤ ਬੋਰਡ ਨੇ ਸ਼ਬਰੀਮਾਲਾ ਮੰਦਰ ਦੇ ਪੁਜਾਰੀ ਨੂੰ ਤਲਬ ਕਰ ਲਿਆ ਹੈ। ਕੇਰਲਾ ਭਾਜਪਾ ਪ੍ਰਧਾਨ ਨੇ ਇਹ ਇੰਕਸ਼ਾਫ ਕੀਤਾ ਸੀ ਕਿ ਸ਼ਬਰੀਮਾਲਾ ਮੰਦਰ ਦੇ ਪੁਜਾਰੀ ਨੇ ਮੰਦਰ ਬੰਦ ਕਰਨ ਦੀ ਧਮਕੀ ਦੇਣ ਤੋਂ ਪਹਿਲਾਂ ਉਸ ਨਾਲ ਵਿਚਾਰ-ਵਟਾਂਦਰਾ ਕੀਤਾ ਸੀ। ਕੇਰਲਾ ਭਾਜਪਾ ਨੇ ਸ਼ਬਰੀਮਾਲਾ ਵਿਚ ਭਗਵਾਨ ਅਯੱਪਾ ਦੇ ਮੰਦਰ ਦੀ ਮਰਿਆਦਾ ਅਤੇ ਰਸਮਾਂ ਨੂੰ ਬਚਾਉਣ ਲਈ ਰਥ ਯਾਤਰਾ ਸ਼ੁਰੂ ਕਰ ਦਿੱਤੀ ਹੈ।

### ਹਾਈ ਕੋਰਟ ਨੇ ਪ੍ਰਦਰਸ਼ਨ ਨਾਜਾਇਜ਼ ਠਹਿਰਾਏ

ਸੁਪਰੀਮ ਕੋਰਟ ਵੱਲੋਂ ਭਗਵਾਨ ਅਯੱਪਾ ਦੇ ਮੰਦਰ ਵਿਚ ਹਰ ਉਮਰ ਵਰਗ ਦੀਆਂ ਔਰਤਾਂ ਨੂੰ ਦਾਖ਼ਲ ਹੋਣ ਦੀ ਆਗਿਆ ਦੇਣ ਦੇ ਫੈਸਲੇ ਦੇ ਵਿਰੋਧ ਵਿਚ ਹੋ ਰਹੇ ਪ੍ਰਦਰਸ਼ਨਾਂ ਨੂੰ ਕੇਰਲਾ ਹਾਈ ਕੋਰਟ ਨੇ ਨਾਜਾਇਜ਼ ਕਰਾਰ ਦਿੱਤਾ ਹੈ। ਅਦਾਲਤ ਨੇ ਇਹ ਫੈਸਲਾ ਮੰਦਰ ਬਾਹਰ ਹੋਈ ਹਿੰਸਾ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤੇ ਮੁਲਜ਼ਮ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰਨ ਦੌਰਾਨ ਕੀਤਾ ਹੈ।

### ਸ਼ਬਰੀਮਾਲਾ ਦੀ ਪਵਿੱਤਰਤਾ ਭੰਗ ਨਾ ਕਰੇ ਭਾਜਪਾ- ਥਰੂਰ

ਕਾਂਗਰਸ ਆਗੂ ਸ਼ਸ਼ੀ ਥਰੂਰ ਨੇ ਅੱਜ ਭਾਜਪਾ ਤੇ ਆਰਐੱਸਐੱਸ ਨੂੰ ਸ਼ਬਰੀਮਾਲਾ ਮੰਦਰ ਦੀ ਬੇਇੱਜ਼ਤੀ ਨਾ ਕਰਨ ਦੀ ਅਪੀਲ ਕੀਤੀ ਤੇ ਨਾਲ ਹੀ ਇਸ ਪਹਾੜੀ ਮੰਦਿਰ 'ਚ ਹੋਈਆਂ ਹਿੰਸਕ ਘਟਨਾਵਾਂ ਨੂੰ 'ਬੇਹੱਦ ਨਿੰਦਰਯੋਗ' ਵਰਤਾਰਾ ਦੱਸਿਆ। ਸੰਸਦ ਮੈਂਬਰ ਨੇ ਸੂਬਾ ਸਰਕਾਰ 'ਤੇ ਦੋਸ਼ ਲਗਾਇਆ ਕਿ ਉਸ ਨੇ ਸੁਪਰੀਮ ਕੋਰਟ ਦੇ ਹੁਕਮ ਲਾਗੂ ਕਰਨ ਤੋਂ ਪਹਿਲਾਂ ਸਾਰੀਆਂ ਧਿਰਾਂ ਨੂੰ ਭਰੋਸੇ 'ਚ ਨਹੀਂ ਲਿਆ ਤੇ ਮਹਿਲਾਵਾਂ ਨੂੰ ਭਗਵਾਨ ਅਯੱਪਾ ਦੀ ਪੂਜਾ ਦੀ ਇਜਾਜ਼ਤ ਦੇ ਦਿੱਤੀ।

### ਬੇਲੋੜਾ ਹੈ ਵਿਵਾਦ :

ਇਸ ਮੁੱਦੇ ਉੱਤੇ ਸਿਆਸਤ ਹੋ ਰਹੀ ਹੈ, ਮੁਲਕ ਦੀ ਸੱਤਾਧਾਰੀ ਧਿਰ ਵੀ ਸੁਪਰੀਮ ਕੋਰਟ ਦੇ ਆਦੇਸ਼ ਦੀ ਉਲੰਘਣਾ ਕਰਵਾ ਰਹੀ ਹੈ। ਅਮਿਤ ਸ਼ਾਹ ਨੇ ਕਿਹਾ ਹੈ ਕਿ ਅਦਾਲਤ ਨੂੰ ਇਹੋ ਜਿਹੇ ਫੈਸਲੇ ਨਹੀ ਦੇਣੇ ਚਾਹੀਦੇ, ਇਸ ਬਿਆਨ ਦੀ ਬਸਪਾ ਮੁਖੀ ਮਾਇਆਵਤੀ ਨੇ ਨਿੰਦਾ ਕਰਦੇ ਹੋਏ ਕਿਹਾ ਕਿ ਅਦਾਲਤ ਨੂੰ ਇਸ ਦਾ ਨੋਟਿਸ ਜ਼ਰੂਰ ਲੈਣਾ ਚਾਹੀਦਾ ਹੈ।
ਉਨ੍ਹਾਂ ਕਿਹਾ ਕਿ ਕੇਂਦਰ ਵਿਚ ਸੱਤਾਧਾਰੀ ਪਾਰਟੀ ਦੇ ਪ੍ਰਧਾਨ ਦੇ ਇਸ ਗੈਰ ਜ਼ਿੰਮੇਵਾਰਾਨਾ ਜਨਤਕ ਬਿਆਨਾਂ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਦੇਸ਼ ਵਿਚ ਲੋਕਤੰਤਰ ਖ਼ਤਰੇ ਵਿਚ ਹੈ, ਨਾਲ ਹੀ ਸੀ ਬੀ ਆਈ, ਸੀ ਵੀ ਸੀ, ਈ ਡੀ ਅਤੇ ਭਾਰਤੀ ਰਿਜ਼ਰਵ ਬੈਂਕ ਵਰਗੀਆਂ ਦੇਸ਼ ਦੀਆਂ ਮਹੱਤਵਪੂਰਨ ਸੰਸਥਾਵਾਂ ਵਿਚ ਇਸ ਸਮੇਂ ਜੋ ਗੰਭੀਰ ਸੰਕਟ ਦਾ ਦੌਰ ਚੱਲ ਰਿਹਾ ਹੈ, ਉਹ ਇਸ ਪ੍ਰਕਾਰ ਦੇ ਗਲਤ ਸਰਕਾਰੀ ਨਜ਼ਰੀਏ ਅਤੇ ਹੰਕਾਰ ਦਾ ਹੀ ਨਤੀਜਾ ਹੈ।

## ਬ੍ਰਾਹਮਣਵਾਦੀ ਵਿਵਸਥਾ ਹੁਣ ਵੀ ਲਾਗੂ, ਔਰਤਾਂ ਨੂੰ ਦਿਖਾਇਆ ਜਾ ਰਿਹਾ ਏ ਨੀਵਾਂ

ਇਹ ਮਾਮਲਾ ਔਰਤਾਂ ਦੇ ਸਿਰਫ਼ ਇੱਕ ਮੰਦਰ ਵਿੱਚ ਬਿਨਾਂ ਭੇਦ-ਭਾਵ ਦਾਖ਼ਲੇ ਦਾ ਨਹੀਂ ਹੈ, ਸਗੋਂ ਉਸ ਮਨੂਵਾਦੀ ਸੋਚ ਦਾ ਹੈ, ਜਿਸ ਕਾਰਨ ਦੇਸ਼ ਦੀ ਅੱਧੀ ਆਬਾਦੀ, ਔਰਤਾਂ, ਨੂੰ ਸਦੀਆਂ ਤੋਂ ਨਰਕ ਵਰਗੀ ਜ਼ਿੰਦਗੀ ਭੋਗਣ ਲਈ ਮਜਬੂਰ ਹੋਣਾ ਪੈਂਦਾ ਰਿਹਾ ਹੈ ਤੇ ਬਹੁਤ ਸਾਰੇ ਹਿੱਸਿਆਂ ਵਿੱਚ ਅੱਜ ਵੀ ਭੋਗ ਰਹੀਆਂ ਹਨ। ਰਾਜਸਥਾਨ ਵਿੱਚ ਬਾਲ ਵਿਆਹ ਅੱਜ ਵੀ ਧੜੱਲੇ ਨਾਲ ਹੋ ਰਹੇ ਹਨ। ਪੱਛਮੀ ਬੰਗਾਲ ਦੇ ਬ੍ਰਾਹਮਣ ਪਰਵਾਰਾਂ ਵਿੱਚ ਵਿਧਵਾ ਵਿਆਹ ਦੀ ਅੱਜ ਵੀ ਮਨਾਹੀ ਹੈ। ਹਰਿਆਣਾ, ਰਾਜਸਥਾਨ, ਯੂ ਪੀ ਤੇ ਪੰਜਾਬ ਦੇ ਜੱਟ ਪਰਵਾਰਾਂ ਦੀਆਂ ਲੜਕੀਆਂ ਨੂੰ ਆਪਣੀ ਪਸੰਦ ਦਾ ਵਰ ਚੁਣਨ 'ਤੇ ਮੌਤ ਦੇ ਘਾਟ ਉਤਾਰ ਦੇਣ ਦੇ ਮਾਮਲੇ ਨਿੱਤ ਦਿਨ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਰਹਿੰਦੇ ਹਨ। ਬਿਹਾਰ, ਯੂ ਪੀ ਤੇ ਮੱਧ ਪ੍ਰਦੇਸ਼ ਦੇ ਪੇਂਡੂ ਇਲਾਕਿਆਂ ਵਿੱਚ ਔਰਤਾਂ ਨੂੰ ਸਹੁਰੇ ਤੇ ਜੇਠ ਹੀ ਨਹੀਂ, ਪਤੀ ਤੋਂ ਵੀ ਘੁੰਡ ਕੱਢ ਕੇ ਰੱਖਣਾ ਪੈਂਦਾ ਹੈ। ਦੇਸ਼ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਤੇ ਅਗਾਂਹ-ਵਧੂ ਗਿਣੇ ਜਾਂਦੇ ਸੂਬੇ ਕੇਰਲਾ ਵਿੱਚ ਵੀ ਔਰਤਾਂ ਦੀ ਹਾਲਤ ਕੋਈ ਬਹੁਤੀ ਵੱਖਰੀ ਨਹੀਂ ਰਹੀ। ਰਜਵਾੜਾਸ਼ਾਹੀ ਦੌਰਾਨ ਤਾਂ ਔਰਤਾਂ ਨਾਲ ਕੇਰਲਾ ਵਿੱਚ ਪਸ਼ੂਆਂ ਨਾਲੋਂ ਵੀ ਭੈੜਾ ਵਰਤਾਅ ਕੀਤਾ ਜਾਂਦਾ ਸੀ। ਟਰਾਵਨਕੋਰ ਦੇ ਰਾਜੇ ਨੇ ਆਪਣੇ ਰਾਜ ਵਿੱਚ ਨੀਵੀਂ ਜਾਤ ਦੀਆਂ ਔਰਤਾਂ ਦੇ ਛਾਤੀਆਂ ਢੱਕਣ ਉੱਤੇ ਰੋਕ ਲਾ ਦਿੱਤੀ ਸੀ। ਜੇਕਰ ਨੀਵੀਂ ਜਾਤ ਦੀ ਕੋਈ ਔਰਤ ਛਾਤੀਆਂ ਢੱਕਦੀ ਸੀ ਤਾਂ ਉਸ ਨੂੰ ਰਾਜੇ ਵੱਲੋਂ ਲਾਇਆ 'ਬ੍ਰੈਸਟ ਟੈਕਸ' ਅਦਾ ਕਰਨਾ ਪੈਂਦਾ ਸੀ। ਗ਼ਰੀਬ ਔਰਤਾਂ ਵਾਰ-ਵਾਰ ਟੈਕਸ ਨਹੀਂ ਸੀ ਦੇ ਸਕਦੀਆਂ, ਇਸ ਲਈ ਮਜਬੂਰਨ ਉਨ੍ਹਾਂ ਨੂੰ ਛਾਤੀਆਂ ਨੰਗੀਆਂ ਰੱਖਣੀਆਂ ਪੈਂਦੀਆਂ ਸਨ। ਉਸ ਸਮੇਂ ਸਿਰਫ਼ ਨੀਵੀਂ ਜਾਤ ਦੀਆਂ ਔਰਤਾਂ ਹੀ ਨਹੀਂ, ਸਗੋਂ ਨੰਬੂਦਰੀ ਬ੍ਰਾਹਮਣ ਤੇ ਨਾਇਰ ਕਸ਼ੱਤਰੀ ਔਰਤਾਂ ਨੂੰ ਵੀ ਘਰ ਵਿੱਚ ਛਾਤੀਆਂ ਢੱਕਣ ਦੀ ਮਨਾਹੀ ਸੀ। ਉਹ ਸਿਰਫ਼ ਬਾਹਰ ਨਿਕਲਣ ਸਮੇਂ ਹੀ ਬਲਾਊਜ਼ ਪਾ ਸਕਦੀਆਂ ਸਨ, ਪਰ ਮੰਦਰ ਵਿੱਚ ਉਨ੍ਹਾਂ ਨੂੰ ਬਲਾਊਜ਼ ਖੋਲ੍ਹ ਕੇ ਜਾਣਾ ਪੈਂਦਾ ਸੀ। ਨਾਇਰ ਔਰਤਾਂ ਨੂੰ ਬ੍ਰਾਹਮਣ ਮਰਦਾਂ ਸਾਹਮਣੇ ਆਪਣੀਆਂ ਛਾਤੀਆਂ ਨੰਗੀਆਂ ਰੱਖਣੀਆਂ ਪੈਂਦੀਆਂ ਸਨ। ਰਾਜੇ ਦਾ ਹੁਕਮ ਸੀ ਕਿ ਜਦੋਂ ਮਹਿਲਾਂ ਵਿੱਚੋਂ ਉਸ ਦੀ ਸਵਾਰੀ ਨਿਕਲੇ ਤਾਂ ਨੀਵੀਂ ਜਾਤ ਦੀਆਂ ਕੁਆਰੀਆਂ ਕੁੜੀਆਂ ਅਰਧ-ਨਗਨ ਹੋ ਕੇ ਉਸ ਉੱਤੇ ਫੁੱਲ ਵਰਸਾਉਣ। ਅਜਿਹੀ ਅਪਮਾਨ ਜਨਕ ਸਥਿਤੀ ਵਿੱਚ ਨੰਗੇਲੀ ਨਾਂਅ ਦੀ ਇੱਕ ਦਲਿਤ ਔਰਤ ਨੇ ਉਹ ਕਾਰਨਾਮਾ ਕਰ ਦਿਖਾਇਆ, ਜੋ ਸਦੀਆਂ ਤੱਕ ਯਾਦ ਰਹੇਗਾ। ਇਸ ਸਾਹਸੀ ਔਰਤ ਨੇ ਬਿਨਾਂ ਟੈਕਸ ਦਿੱਤਿਆਂ ਆਪਣੀਆਂ ਛਾਤੀਆਂ ਢੱਕ ਕੇ ਰੱਖਣ ਦਾ ਫ਼ੈਸਲਾ ਕਰ ਲਿਆ। ਜਦੋਂ ਰਾਜੇ ਦਾ ਅਧਿਕਾਰੀ ਉਸ ਦੇ ਘਰ ਟੈਕਸ ਵਸੂਲ ਕਰਨ ਆਇਆ ਤਾਂ ਨੰਗੇਲੀ ਨੇ ਆਪਣੀਆਂ ਦੋਵੇਂ ਛਾਤੀਆਂ ਕੱਟ ਕੇ ਉਸ ਦੇ ਸਾਹਮਣੇ ਰੱਖ ਦਿੱਤੀਆਂ। ਜ਼ਿਆਦਾ ਖ਼ੂਨ ਵਹਿ ਜਾਣ ਕਾਰਨ ਨੰਗੇਲੀ ਦੀ ਮੌਤ ਹੋ ਗਈ, ਪਰ ਉਸ ਦੀ ਸ਼ਹਾਦਤ ਨੇ ਔਰਤਾਂ ਵਿੱਚ ਇੱਕ ਨਵੀਂ ਸ਼ਕਤੀ ਭਰ ਦਿੱਤੀ। ਹਰ ਸ਼ਹਿਰ-ਕਸਬੇ ਵਿੱਚ ਔਰਤਾਂ ਨੇ ਪੂਰੇ ਕੱਪੜੇ ਪਾ ਕੇ ਬਾਹਰ ਨਿਕਲਣਾ ਸ਼ੁਰੂ ਕਰ ਦਿੱਤਾ। ਵਿਰੋਧ ਦੀ ਅੱਗ ਚਾਰੇ ਪਾਸੇ ਫੈਲ ਗਈ। ਆਖ਼ਿਰ ਮਦਰਾਸ ਦੇ ਕਮਿਸ਼ਨਰ ਨੇ ਰਾਜ ਵਿੱਚ ਫੈਲ ਰਹੀ ਅਸ਼ਾਂਤੀ ਤੋਂ ਬਾਅਦ ਰਾਜੇ ਨੂੰ ਸਲਾਹ ਦਿੱਤੀ ਕਿ ਉਹ ਇਸ ਸੰਬੰਧੀ ਤੁਰੰਤ ਕਦਮ ਚੁੱਕੇ। ਨੰਗੇਲੀ ਦੀ ਸ਼ਹਾਦਤ ਰੰਗ ਲਿਆਈ ਤੇ ਰਾਜੇ ਨੇ 26 ਜੁਲਾਈ 1959 ਨੂੰ ਇੱਕ ਹੁਕਮ ਰਾਹੀਂ ਔਰਤਾਂ ਨੂੰ ਪੂਰੇ ਕੱਪੜੇ ਪਹਿਨਣ ਦੀ ਖੁੱਲ੍ਹ ਦੇ ਦਿੱਤੀ। ਸਬਰੀਮਾਲਾ ਵਿੱਚ ਸਭ ਔਰਤਾਂ ਦੇ ਦਾਖ਼ਲੇ ਦੀ ਲੜਾਈ ਨੂੰ ਸਾਨੂੰ ਨੰਗੇਲੀ ਦੀ ਸ਼ਹਾਦਤ ਦੇ ਸੰਦਰਭ ਵਿੱਚ ਦੇਖਣਾ ਚਾਹੀਦਾ ਹੈ। ਔਰਤਾਂ ਨੇ ਆਪਣੇ ਮਾਣ-ਸਨਮਾਨ ਤੇ ਬਰਾਬਰ ਦੇ ਸਮਾਜਿਕ ਰੁਤਬੇ ਲਈ ਹਾਲੇ ਲੰਮੀ ਲੜਾਈ ਲੜਨੀ ਹੈ।

# ਫਰਿਜ਼ਨੋ 'ਚ ਹੋਇਆ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੀ ਸ਼ਹੀਦੀ ਨੂੰ ਸਮਰਪਤ ਪ੍ਰੋਗਰਾਮ

### ਸਾਨਫਰਾਸਿਸਕੋ ਵਿਖੇ ਵੀ ਹੋਵੇਗਾ ਗਦਰ ਮੈਮੋਰੀਅਲ ਪ੍ਰੋਗਰਾਮ

**ਫਰਿਜ਼ਨੋ/ਬਿਊਰੋ ਨਿਊਜ਼ :**
ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਸੱਦੇ ਤੇ ਇਕੱਤਰ ਹੋਏ ਸੈਂਕੜੇ ਲੋਕਾਂ ਨੇ ਛੋਟੀ ਉਮਰ ਵਿਚ ਵੱਡੀਆਂ ਘਾਲਣਾਵਾਂ ਘਾਲਣ ਵਾਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨਾਂ ਨਾਲ ਫਾਂਸੀ ਦਾ ਰੱਸਾ ਚੁੰਮ ਕੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਦੇਣ ਵਾਲੇ ਸ਼ਹੀਦਾਂ ਵਿਸ਼ਨੂੰ ਗਣੇਸ਼ ਪਿੰਗਲੇ, ਸੁਰੈਣ ਸਿੰਘ ਵੱਡਾ ਗਿੱਲਵਾਲੀ, ਸੁਰੈਣ ਸਿੰਘ ਛੋਟਾ ਗਿੱਲਵਾਲੀ, ਜਗਤ ਸਿੰਘ ਸੁਰਸਿੰਘ, ਹਰਨਾਮ ਸਿੰਘ ਸਿਆਲਕੋਟ ਅਤੇ ਬਖਸ਼ੀਸ਼ ਸਿੰਘ ਗਿੱਲਵਾਲੀ ਨੂੰ ਸ਼ਰਧਾਜਲੀ ਭੇਟ ਕੀਤੀ। ਯਾਦ ਰਹੇ ਕਿ ਦੇਸ਼ ਦੀ ਆਜ਼ਾਦੀ ਦਾ ਟੀਚਾ ਲੈ ਕੇ ਤੁਰੇ ਇਨਾਂ ਮਰਜੀਵੜਿਆਂ ਨੂੰ 16 ਨਵੰਬਰ ਸੰਨ 1915 ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਸੀ।
ਇਹ ਪ੍ਰੋਗਰਾਮ ਫਰਿਜ਼ਨੋ ਦੇ ਇੰਡੀਆ ਉਵਨ ਰੈਂਸਟੋਰੈਂਟ ਦੇ ਹਾਲ ਵਿਚ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਇਆ। ਸ਼ੁਰੂਆਤ ਵਿਚ ਸਟੇਜ ਸਕੱਤਰ ਹਰਜਿੰਦਰ ਢੇਸੀ ਨੇ ਆਪਣੀ ਇਕ ਕਵਿਤਾ 'ਕਿਰਦਾਰ' ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕੀਤਾ। ਲਾਲ ਚੰਦ ਯਮਲਾ ਫਾਉਡੇਸ਼ਨ ਦੇ ਬਾਨੀ ਸ. ਰਾਜਿੰਦਰ ਬਰਾੜ ਨੇ ਸਮੂਹ ਸ਼ਹੀਦਾਂ ਨੂੰ ਸਮਰਪਤ ਇਕ ਗੀਤ ਗਾਇਆ। ਲਛਮਣ ਸਿੰਘ ਰਾਠੌਰ ਤੇ ਹਰਿੰਦਰ ਮੰਢਾਲੀ ਨੇ ਵੀ ਇਕ-ਇਕ ਕਵਿਤਾ ਨਾਲ ਸ਼ਰਧਾਂਜਲੀ ਭੇਟ ਕੀਤੀ। ਸੰਤੋਖ ਸਿੰਘ ਮਿਨਹਾਸ ਨੇ ਲੋਕਾਂ ਵਿਚ ਧਾਰਮਿਕ ਅਤੇ ਜਾਤਾਂ ਦੇ ਆਧਾਰ 'ਤੇ ਪੈ ਰਹੀਆਂ ਵੰਡੀਆਂ ਉਤੇ ਫਿਕਰਮੰਦੀ ਜਤਾਈ। ਹਰਜਿੰਦਰ ਕੰਗ ਨੇ ਅਜਿਹੇ ਪ੍ਰੋਗਰਾਮ ਕਰਦੇ ਰਹਿਣ ਦੀ ਮਹੱਤਤਾ ਵੱਲ ਧਿਆਨ ਦਿਵਾਇਆ। ਛੋਟੇ ਬੱਚਿਆ ਸਿੰਮਵੀਰ ਹੇਅਰ, ਜੈਵੀਰ ਸਿੰਘ ਸਰਾਂ ਅਤੇ ਵਾਰਸ ਗਿੱਲ ਨੇ ਛੋਟੀਆਂ-ਛੋਟੀਆਂ ਕਵਿਤਾਵਾਂ ਪੜ੍ਹੀਆ। ਆਂਚਲ ਹੇਅਰ ਨੇ ਇਕ ਗੀਤ ਪੜ੍ਹਿਆ ਤੇ ਫੋਰਮ ਦੇ ਸੀਨੀਅਰ ਮੈਂਬਰ ਗੁਰਦੀਪ ਸਿੰਘ ਅਣਖੀ ਨੇ ਗਦਰੀ ਸੂਰਬੀਰਾਂ ਵਲੋਂ ਕੀਤੀਆਂ ਅਥਾਹ ਕੁਰਬਾਨੀਆਂ ਨੂੰ ਯਾਦ ਕਰਵਾਉਂਦਿਆਂ ਲੋਕਾਂ ਨੂੰ ਉਸ ਆਜ਼ਾਦੀ ਦੀ ਰਾਖੀ ਕਰਨ ਦੀ ਅਪੀਲ ਕੀਤੀ, ਜਿਸ ਲਈ ਹਜ਼ਾਰਾਂ ਆਜ਼ਾਦੀ ਘੁਲਾਟੀਆਂ ਨੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਸੀ।
ਖੇਤੀ ਨਾਲ ਸਬੰਧਤ ਮਸਲਿਆਂ ਤੇ ਲੋਕਾਂ ਨੂੰ ਜਾਗਰੂਕ ਕਰਨ ਵਾਲੇ ਡਾ. ਅਰਜਨ ਸਿੰਘ ਜੋਸਨ, ਕਹਾਣੀਕਾਰ ਕਰਮ ਸਿੰਘ ਮਾਨ, ਐਂਕਰ ਤੇ ਟੀਵੀ ਕਲਾਕਾਰ ਗਿੱਲ ਪਰਦੀਪ ਤੇ ਕੁਲਵੰਤ ਧਾਲੀਆਂ ਵੀ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ।

## ਸਿਆਟਲ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਟੈਂਪਲ 'ਚ ਬਾਬਾ ਨਾਮਦੇਵ ਜੀ ਦੇ ਜਨਮ ਦਿਨ 'ਤੇ ਮੈਡੀਕਲ ਕੈਂਪ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਬਾਬਾ ਨਾਮਦੇਵ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਇਕ ਮੈਡੀਕਲ ਕੈਂਪ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਮੈਰੀਸਵੈਲ ਵਿਚ ਗੁਰਬਿੰਦਰ ਸਿੰਘ ਰਿਪੀ ਧਾਲੀਵਾਲ ਤੇ ਬੀਬੀ ਪਰਮਿੰਦਰ ਕੌਰ ਦੀ ਦੇਖ ਰੇਖ ਵਿਚ ਲਗਾਇਆ ਗਿਆ। ਕੈਂਪ ਵਿਚ 90 ਤੋਂ ਵੱਧ ਲੋਕਾਂ ਦਾ ਜਨਰਲ ਚੈਕਅਪ ਕੀਤਾ ਗਿਆ ਅਤੇ ਲੋੜਵੰਦਾਂ ਦੇ ਇੰਸ਼ੋਰੈਂਸ ਕਾਰਡ ਬਣਾਏ ਗਏ। ਕਮਿਊਨਿਟੀ ਹੈਲਥ ਸੈਂਟਰ ਯਲੋਸੋਪਿਸ ਕਾਊਂਟੀ ਨੇ ਬੜੀ ਲਗਨ ਨਾਲ ਸੇਵਾ ਨਿਭਾਈ ਅਤੇ ਲੋੜਵੰਦ ਲੋਕਾਂ ਦੀ ਮਦਦ ਕੀਤੀ। ਇਸ ਦੌਰਾਨ ਹਫ਼ਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਭਾਰਤ ਤੋਂ ਪਹੁੰਚੇ ਸੋਹਣ ਸਿੰਘ ਰਮਰਸ (ਚੰਡੀਗੜ੍ਹ) ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ-ਜਸ ਗਾਇਨ ਕੀਤਾ। ਹੈਡ ਗ੍ਰੰਥੀ ਭਾਈ ਰਮੇਲ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਇੰਦਰਜੀਤ ਸਿੰਘ ਬੱਲੋਵਾਲ ਅਤੇ ਬੀਬੀ ਕੰਮਲਜੀਤ ਕੌਰ ਦੇ ਪਰਿਵਾਰ ਵਲੋਂ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਭਾਵਨਾ ਨਾਲ ਕੀਤੀ ਗਈ। ਸਟੇਜ ਦੀ ਸੇਵਾ ਗੁਰਬਿੰਦਰ ਸਿੰਘ ਧਾਲੀਵਾਲ ਵਲੋਂ ਨਿਭਾਈ ਗਈ।

### ਤੁਲਸੀ ਗਬਾਰਡ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਨ ਲਈ ਪਰ ਤੋਲਣ ਲੱਗੀ ?

ਵਾਸ਼ਿੰਗਟਨ/ਬਿਊਰੋ ਨਿਊਜ਼ : ਸੁਣਨ ਵਿਚ ਆਇਆ ਹੈ ਕਿ ਅਮਰੀਕੀ ਕਾਂਗਰਸ ਵਿਚ ਦਾਖ਼ਲਾ ਪਾਉਣ ਵਾਲੀ ਪਹਿਲੀ ਹਿੰਦੂ ਕਾਨੂੰਨਸਾਜ਼ ਤੁਲਸੀ ਗਬਾਰਡ ਦੀ ਟੀਮ ਆਪਣੇ ਵਲੰਟੀਅਰਾਂ ਅਤੇ ਹਮਾਇਤੀਆਂ ਨਾਲ ਰਾਬਤਾ ਕਰ ਰਹੀ ਹੈ, ਤਾਂ ਕਿ ਸੰਨ 2020 ਵਿਚ ਦੇਸ਼ ਦੇ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਨ ਲਈ ਦਾਅਵੇਦਾਰੀ ਪੇਸ਼ ਕੀਤੀ ਜਾ ਸਕੇ।ਇਸ ਵਾਸਤੇ ਵਿੱਤੀ ਸਾਧਨ ਜੁਟਾਉਣ ਲਈ ਸੰਭਾਵੀ ਦਾਨੀਆਂ ਜਿਨ੍ਹਾਂ ਵਿਚ ਵੱਡੀ ਗਿਣਤੀ ਭਾਰਤੀ-ਅਮਰੀਕੀ ਹਨ, ਨਾਲ ਵੀ ਸੰਪਰਕ ਕਰਨ ਦੀ ਖਬਰ ਹੈ। ਇਸ ਤੋਂ ਜ਼ਾਹਰ ਹੈ ਕਿ ਗਬਾਰਡ ਸੰਨ 2020 ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜਨ ਬਾਰੇ ਸੋਚ ਵਿਚਾਰ ਕਰ ਰਹੀ ਹੈ। ਲਾਸ ਏਂਜਲਸ ਵਿਚ ਮੈਡਟ੍ਰਾਨਿਕ ਕਾਨਫਰੰਸ ਵਿਚ ਉੱਘੀ ਭਾਰਤੀ-ਅਮਰੀਕੀ ਡਾ. ਸੰਪਤ ਸ਼ਿਵਾਂਗੀ ਨੇ ਵੀ ਹਵਾਈ ਸੀਟ ਤੋਂ ਕਾਂਗਰਸ ਮੈਂਬਰ 37 ਸਾਲਾ ਗਬਾਰਡ ਬਾਰੇ ਕਿਹਾ ਕਿ ਉਹ ਸੰਨ 2020 ਵਿਚ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਬਣ ਸਕਦੇ ਹਨ। ਉਂਜ, ਡੈਮੋਕਰੈਟਿਕ ਪਾਰਟੀ ਦੀ ਮੈਂਬਰ ਬੀਬੀ ਗਬਾਰਡ ਨੇ ਇਸੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਇਸ ਗੱਲ ਦਾ ਨਾ ਖੰਡਨ ਕੀਤਾ ਤੇ ਨਾ ਹੀ ਇਸ ਦੀ ਪੁਸ਼ਟੀ ਕੀਤੀ ਕਿ ਕੀ ਉਹ ਰਾਸ਼ਟਰਪਤੀ ਦੀ ਚੋਣ ਲੜਨਗੇ। ਉਨ੍ਹਾਂ ਦੇ ਕਰੀਬੀ ਲੋਕਾਂ ਨੇ ਦੱਸਿਆ ਕਿ ਕ੍ਰਿਸਮਸ ਤੋਂ ਪਹਿਲਾਂ ਪਹਿਲਾਂ ਇਸ ਬਾਰੇ ਫ਼ੈਸਲਾ ਹੋ ਜਾਵੇਗਾ ਪਰ ਬਾਕਾਇਦਾ ਐਲਾਨ ਸ਼ਾਇਦ ਅਗਲੇ ਸਾਲ ਹੀ ਹੋਵੇ।

## ਪੈਲਾਟਾਈਨ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਨੇ ਬੰਦੀ ਛੋੜ ਦਿਵਸ ਨਾ ਮਨਾ ਕੇ ਸੰਗਤਾਂ ਦਾ ਵਿਰੋਧ ਸਹੇੜਿਆ

**ਸ਼ਿਕਾਗੋ/ਮੱਖਣ ਸਿੰਘ ਕਲੇਰ**

ਸਭ ਤੋਂ ਵੱਡੇ ਅਤੇ ਪਹਿਲੇ ਗੁਰਦੁਆਰਾ ਸਾਹਿਬ ਹੋਣ ਦਾ ਮਾਣ ਹਾਸਿਲ ਕਰ ਚੁੱਕੇ ਪੈਲਾਟਾਇਨ ਗੁਰਦੁਆਰਾ ਸਾਹਿਬ ਮਿੱਡ ਵੈਸਟ ਅੱਜ-ਕੱਲ੍ਹ ਸੰਗਤਾਂ ਵਿਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰਾਂ, ਜਿਨ੍ਹਾਂ ਕੋਲ ਕਮੇਟੀ ਵਿਚ ਬਹੁਮਤ ਅਤੇ ਮੁੱਖ ਅਹੁਦੇ ਹਨ, ਨੇ ਸੰਗਤ ਦੀਆਂ ਬੇਨਤੀਆਂ ਨੂੰ ਨਾ ਮੰਨਦਿਆਂ "ਬੰਦੀ ਛੋੜ ਦਿਵਸ" ਨਾ ਮਨਾ ਕੇ ਸੰਗਤ ਦਾ ਇੱਕ ਵੱਡਾ ਹਿੱਸਾ ਆਪਣੇ ਵਿਰੋਧ ਵਿਚ ਖੜ੍ਹਾ ਕਰ ਲਿਆ ਹੈ। ਹਾਲਾਂ ਕਿ ਸੰਗਤ ਦੇ ਕੁਝ ਮੈਂਬਰਾਂ ਵਲੋਂ ਪ੍ਰਬੰਧਕਾਂ ਨਾਲ ਮੀਟਿੰਗ ਵੀ ਕੀਤੀ ਗਈ ਦੱਸੀ ਜਾਂਦੀ ਹੈ, ਜਿਸ ਵਿਚ ਤਰੀਕਾਂ ਬਦਲਣ ਵਾਸਤੇ ਸਹਿਮਤੀ ਨਹੀਂ ਹੋ ਸਕੀ।ਇਸ ਵਿਰੋਧ ਦਾ ਕਾਰਨ ਨਾਨਕਸ਼ਾਹੀ ਕੈਲੰਡਰ ਦੀਆਂ ਨਵੀਆਂ ਤਿੰਨ ਤਰੀਕਾਂ, ਜੋ ਤਹਿ ਕੀਤੀਆਂ ਗਈਆਂ ਹਨ, ਦੱਸਿਆ ਜਾਂਦਾ ਹੈ। ਭਾਵੇਂ ਕਿ ਸਮੁੱਚੇ ਰੂਪ ਵਿਚ ਵਿਦੇਸ਼ੀ ਸਿੱਖ ਸੰਗਤ ਦੇ ਵੱਡੇ ਹਿੱਸੇ ਨੇ ਸੰਨ 2003 ਵਿਚ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਤੇ ਸ਼੍ਰੋਮਣੀ ਕਮੇਟੀ ਵਲੋਂ ਲਾਗੂ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨਿਆ ਹੋਇਆ ਸੀ। ਬਾਅਦ ਵਿਚ ਕੁਝ ਤਾਕਤਾਂ ਨੇ ਉਸ ਕੈਲੰਡਰ ਨੂੰ ਬਦਲ ਦਿੱਤਾ ਪਰ ਬਦਲ ਦਿੱਤੇ ਗਏ ਨਵੇਂ ਕੈਲੰਡਰ ਨੂੰ ਵਿਦੇਸ਼ਾਂ ਵਿਚ ਤੇ ਹਿੰਦੋਸਤਾਨ ਵਿਚ ਬਹੁਤਾਤ ਵਿਚ ਸਵੀਕਾਰ ਨਹੀਂ ਕੀਤਾ ਗਿਆ। ਪੈਲਾਟਾਇਨ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿਚ ਆਉਣ ਵਾਲੀਆਂ ਕਮੇਟੀਆਂ ਵੀ ਸੰਨ 2003 ਦੇ ਨਾਨਕਸ਼ਾਹੀ ਕੈਲੰਡਰ, ਜਿਸ ਨੂੰ ਸ. ਪਾਲ ਸਿੰਘ ਪੁਰੇਵਾਲ ਕਨੈਡਾ ਨਿਵਾਸੀ ਨੇ ਤਿਆਰ ਕੀਤਾ ਸੀ, ਮੁਤਾਬਿਕ ਹੀ ਦਿਹਾੜੇ ਮਨਾਉਂਦੀਆਂ ਚਲੀਆਂ ਆ ਰਹੀਆਂ ਸਨ। ਹੁਣ ਕਮੇਟੀ ਨੇ ਚਾਲੂ ਸਾਲ 2018 ਦੇ ਫਰਵਰੀ ਮਹੀਨੇ ਵਿਚ "ਬੰਦੀ-ਛੋੜ ਦਿਵਸ" ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਅਪਰੈਲ ਮਹੀਨੇ ਵਿਚ ਮਨਾ ਕੇ ਆਪਣਾ ਵਿਰੋਧ ਸ਼ੁਰੂ ਕਰਵਾ ਲਿਆ ਸੀ। ਉਸੇ ਤਰਜ਼ ਉਤੇ ਹੁਣ ਪ੍ਰਬੰਧਕਾਂ ਨੇ ਫੈਸਲਾ ਕੀਤਾ ਸੀ ਕਿ ਅਸੀਂ ਪਹਿਲਾਂ ਹੀ ਇਹ ਦਿਹਾੜੇ ਮਨਾ ਚੁੱਕੇ ਹਾਂ, ਇਸ ਕਰਕੇ ਅਸੀਂ ਇਹ ਦਿਹਾੜੇ ਦੁਬਾਰਾ ਨਹੀਂ ਮਨਾਵਾਂਗੇ ਤੇ ਨਾਲ ਹੀ ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਸਿੱਖਾਂ ਦਾ ਦਿਵਾਲੀ ਨਾਲ ਕੋਈ ਸਬੰਧ ਨਹੀਂ ਹੈ। ਭਾਵੇਂ ਕਿ ਪਹਿਲਾਂ ਤੋਂ ਹੀ ਦਿਵਾਲੀ ਅਤੇ ਬੰਦੀ-ਛੋੜ ਦਿਵਸ ਇਕੋ ਦਿਨ ਹੀ ਆਉਂਦੇ ਹਨ ਤੇ ਮਨਾਏ ਜਾਂਦੇ ਸਨ ਪਰ ਪ੍ਰਬੰਧਕਾਂ ਮੁਤਾਬਿਕ ਸਿੱਖ ਇਕ ਵੱਖਰਾ ਧਰਮ ਹੈ ਤੇ ਵੱਖਰੀ ਕੌਮ ਹੈ, ਇਸ ਲਈ ਸਾਡੇ ਦਿਹਾੜੇ ਵੀ ਵੱਖਰੇ ਹੋਣੇ ਚਾਹੀਦੇ ਹਨ।

ਦੂਜੇ ਪਾਸੇ ਸੰਗਤਾਂ ਦਾ ਤਰਕ ਸੀ ਕਿ ਕੌਮ ਵਿਚ ਪਹਿਲਾਂ ਹੀ ਬਹੁਤ ਅਜਿਹੇ ਮਸਲੇ ਖੜ੍ਹੇ ਹਨ, ਜਿਨ੍ਹਾਂ ਦਾ ਕੌਮ ਅਜੇ ਹੱਲ ਨਹੀਂ ਕਰ ਸਕੀ ਤੇ ਇਕ ਹੋਰ ਨਵਾਂ ਮਸਲਾ ਨਾ ਖੜ੍ਹਾ ਕੀਤਾ ਜਾਵੇ। ਕਿਉਂਕਿ ਅਸੀਂ ਸਾਰੇ ਪਹਿਲਾਂ ਤੋਂ ਹੀ ਸੰਨ 2003 ਦੇ ਨਾਨਕਸ਼ਾਹੀ ਕੈਲੰਡਰ ਨੂੰ ਮੰਨਦੇ ਚਲੇ ਆ ਰਹੇ ਹਾਂ, ਇਸ ਕਰਕੇ ਅਜੇ ਇਨ੍ਹਾਂ ਤਿੰਨਾਂ ਦਿਹਾੜਿਆਂ ਨੂੰ ਜਿਉਂ ਦਾ ਤਿਉਂ ਹੀ ਰਹਿਣ ਦਿੱਤਾ ਜਾਵੇ। ਜਦੋਂ ਸਿੱਖ ਕੌਮ ਵਲੋਂ ਥਾਪੇ ਹੋਏ ਸਿੰਘ ਸਹਿਬਾਨ ਇਸ ਦਾ ਹੱਲ ਕੱਢਣਗੇ ਜਾਂ ਕੌਮ ਦਾ ਆਪਣਾ ਘਰ ਖਾਲਿਸਤਾਨ ਹੋਂਦ ਵਿਚ ਆ ਜਾਵੇਗਾ ਤਾਂ ਬਹੁਤੇ ਮਸਲੇ ਤਾਂ ਆਪਣੇ ਆਪ ਹੀ ਹੱਲ ਹੋ ਜਾਣੇ ਹਨ। ਸੰਗਤ ਦੇ ਕੁਝ ਮੈਂਬਰਾਂ ਦਾ ਵਿਚਾਰ ਸੀ ਕਿ ਇਕੱਲੇ ਤਿੰਨ ਦਿਨ ਵੱਖ ਕਰਨ ਨਾਲ ਵੱਖਰਾਪਣ ਨਹੀਂ ਆ ਜਾਣਾ। ਇਸ ਦੇ ਲਈ ਬਹੁਤ ਕੁਝ ਵੱਖਰਾ ਕਰਨਾ ਪੈਣਾ ਹੈ। ਸੰਗਤ ਵੱਲੋਂ ਇਹ ਵੀ ਦੋਸ਼ ਲਾਇਆ ਜਾ ਰਿਹਾ ਹੈ ਕਿ ਇਕ ਪਾਸੇ ਇਹ ਲੋਕ ਆਰਐਸਐਸ ਨੂੰ ਹਊਆ ਬਣਾ ਰਹੇ ਹਨ ਤੇ ਦੂਜੇ ਪਾਸੇ ਉਸੇ ਸੋਚ ਦੇ ਧਾਰਨੀ ਲੋਕਾਂ ਨੂੰ ਗੁਰਦੁਆਰਿਆਂ ਦੀਆਂ ਸਟੇਜਾਂ ਉਤੇ ਬੁਲਾਇਆ ਜਾਂਦਾ ਹੈ। ਹਿੰਦੋਸਤਾਨੀ ਅੰਬੈਸੀਆਂ ਦੇ ਕਰਿੰਦਿਆਂ ਨੂੰ ਗੁਰਦੁਆਰਿਆਂ ਵਿਚ ਵਿਸ਼ੇਸ਼ ਤੌਰ 'ਤੇ ਸੱਦਿਆ ਜਾਂਦਾ ਹੈ। ਇਸ ਕਰਕੇ ਇਹ ਗੱਲਾਂ ਵੀ ਵੱਖਰੇਪਣ ਲਈ ਧਿਆਨ ਮੰਗਦੀਆਂ ਹਨ। ਸੰਗਤਾਂ ਵਲੋਂ ਸ਼ੋਸ਼ਲ ਮੀਡੀਏ ਉਤੇ ਵੀ ਪ੍ਰਬੰਧਕਾਂ ਪ੍ਰਤੀ ਬਹੁਤ ਰੋਸ ਜਤਾਇਆ ਗਿਆ।ਇਹ ਵੀ ਪਤਾ ਚੱਲਿਆ ਹੈ ਕਿ ਬੰਦੀ ਛੋੜ ਦਿਵਸ ਮਨਾਉਣ ਆਈਆਂ ਸੰਗਤਾਂ ਦੀਆਂ ਇਸ ਮੌਕੇ ਅਰਦਾਸਾਂ ਵੀ ਨਹੀਂ ਕੀਤੀਆਂ ਗਈਆਂ।

ਉਧਰ ਸਾਰੇ ਪਾਸਿਆਂ ਤੋਂ ਵਿਰੋਧ ਹੁੰਦਾ ਦੇਖ ਕੇ ਪ੍ਰਬੰਧਕਾਂ ਨੇ ਆਪਣੀ ਅੜਬਾਈ ਵਾਲੀ ਸੋਚ ਨੂੰ ਨਰਮ ਵੀ ਕੀਤਾ ਹੈ।ਆਉਣ ਵਾਲੇ ਦਿਹਾੜੇ ਮਨਾਉਣ ਸਬੰਧੀ ਪ੍ਰਬੰਧਕਾਂ ਦਾ ਪੱਖ ਜਾਣਨਾ ਚਾਹਿਆ ਤਾਂ ਉਨਾਂ ਨੇ ਦੱਬਵੀਂ ਸੁਰ ਵਿਚ ਕਿਹਾ ਕਿ ਸੰਗਤਾਂ ਦੇ ਵਿਚਾਰ ਮੁਤਾਬਕ ਦਿਹਾੜੇ ਮਨਾਉਣ ਦੀ ਮੰਗ ਮੰਨ ਲਈ ਹੈ। ਪਤਾ ਲੱਗਾ ਹੈ ਕਿ ਆਉਣ ਵਾਲੇ ਦਿਨਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ 23, 24 ਤੇ 25 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ।

WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

510 774 4191 (Kuljit Singh) 209 242 9569 (Dispatched)

209 564 8899 (Davinder Singh) 209 345 6968 (Ranthir Singh)

2101 MARTIN LUTHER KING JR WAY STOCKTON, CA 95205

# ਰਾਮ ਮੰਦਰ ਦੇ ਮੁੱਦੇ 'ਤੇ ਮੁੜ ਦੰਗੇ ਕਰਾਉਣਾ ਚਾਹੁੰਦੇ ਨੇ ਭਗਵੇਂ ਟੋਲੇ

- **ਸਰਕਾਰ 'ਤੇ ਰਾਮ ਮੰਦਰ ਬਾਰੇ ਆਰਡੀਨੈਂਸ ਲਿਆਉਣ ਲਈ 'ਨਿਰਦੇਸ਼'**
- **ਸੁਪਰੀਮ ਕੋਰਟ ਨੂੰ ਹਿੰਦੂਆਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣ ਦੇ ਸੁਨੇਹੇ**
- **ਸੰਘ ਵਲੋਂ ਮੰਦਰ ਲਈ ਅੰਦੋਲਨ ਦਾ ਐਲਾਨ**
- **ਸ਼ਿਵ ਸੈਨਾ ਵੱਲੋਂ ਅਯੁੱਧਿਆ ਜਾਣ ਦਾ ਐਲਾਨ**




**ਪ੍ਰੋ. ਬਲਵਿੰਦਰ ਪਾਲ ਸਿੰਘ**
(98157-00916)

ਭਾਰਤ ਜਿਸ ਨੂੰ ਦੁਨੀਆ 'ਚ ਸਭ ਤੋਂ ਵੱਡਾ ਲੋਕਤੰਤਰ ਹਾਸਲ ਹੋਣ ਦਾ ਮਾਣ ਹੈ, ਪਰ ਅੱਜ ਇਹ ਮੁਲਕ ਅਜਿਹੇ ਮੋੜ ਉੱਤੇ ਆਣ ਖੜ੍ਹਾ ਹੈ, ਜਿੱਥੇ ਲੋਕਤੰਤਰ ਕੱਟੜਪੰਥੀਆਂ ਵੱਲੋਂ ਚਲਾਏ ਜਾ ਰਹੇ ਤੰਤਰ ਕੋਲੋਂ ਮਾਤ ਖਾ ਰਿਹਾ ਹੈ। ਅੱਜ ਮੁਲਕ ਵਿੱਚ ਕਿਸਾਨੀ ਦੇ ਆਰਥਿਕ ਸੰਕਟ, ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ, ਰੁਪਏ ਦੀ ਡਿਗਦੀ ਕੀਮਤ, ਭੀੜਤੰਤਰ ਵਲੋਂ ਹਿੰਸਕ ਵਿਖਾਵੇ, ਆਦਿ ਗੰਭੀਰ ਮੁੱਦੇ ਗਾਇਬ ਹਨ, ਸਿਰਫ ਧਰਮ ਦੀ ਕੱਟੜਪੰਥੀਆਂ ਹੱਥ ਫੜੀ ਡੁਗਡੁਗੀ ਵੱਜਦੀ ਸੁਣ ਰਹੀ ਹੈ। ਜਿਉਂ ਜਿਉਂ ਲੋਕ ਸਭਾ ਚੋਣਾਂ ਦਾ ਸਮਾਂ ਨੇੜੇ ਆਵੇਗਾ, ਤਿਉਂ ਤਿਉਂ ਇਹ ਡੁਗਡੁਗੀ ਹੋਰ ਸ਼ੋਰੀਲੀ ਹੋਵੇਗੀ, ਇਹ ਹੈ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਵਾਲੀ ਡੁਗਡੁਗੀ। ਸੁਪਰੀਮ ਕੋਰਟ ਨੇ ਇਸ ਮੁੱਦੇ ਉੱਤੇ ਫੈਸਲਾ ਹਾਲ ਦੀ ਘੜੀ ਟਾਲ ਦਿੱਤਾ ਤੇ ਜਨਵਰੀ ਮਹੀਨੇ ਤੋਂ ਸੁਣਵਾਈ ਦਾ ਮਨ ਬਣਾਇਆ, ਪਰ ਸੁਪਰੀਮ ਕੋਰਟ ਤੋਂ ਵੀ ਉੱਪਰ ਹੋ ਕੇ ਮੁਲਕ ਦੀ ਵਿਵਸਥਾ ਚਲਾ ਰਹੇ ਭਗਵੇਂ ਟੋਲੇ ਸ਼ਰੇਆਮ ਸਰਬ ਉੱਚ ਅਦਾਲਤ ਨੂੰ ਬਾਹਵਾਂ ਉਲਾਰ ਉਲਾਰ ਕੇ ਚਿਤਾਵਨੀਆਂ ਭਰੇ ਸੁਨੇਹੇ ਦੇ ਰਹੇ ਹਨ ਕਿ ਅਦਾਲਤ ਭਗਵੇਂਵਾਦੀਆਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖ ਕੇ ਫੈਸਲਾ ਕਰੇਗੀ, ਅਦਾਲਤ ਵਲੋਂ ਫੈਸਲੇ ਵਿੱਚ ਦੇਰੀ ਨੂੰ ਨਾ-ਬਰਦਾਸ਼ਤਯੋਗ ਗੱਲ ਕਿਹਾ ਜਾ ਰਿਹਾ ਹੈ, ਧਰਮ ਨਿਰਪੱਖ ਭਾਰਤ ਦੀ ਸੱਤਾਧਾਰੀ ਧਿਰ ਨੂੰ ਭਗਵਾਂ ਸਾਧ ਟੋਲਾ ਨਿਰਦੇਸ਼ ਦੇ ਰਿਹਾ ਹੈ ਕਿ ਰਾਮ ਮੰਦਰ ਬਣਾਉਣ ਲਈ ਜੇ ਅਦਾਲਤ ਦੇਰੀ ਕਰ ਰਹੀ ਹੈ ਤਾਂ ਇਸ ਮੁੱਦੇ ਉੱਤੇ ਵੋਟਾਂ ਲੈ ਕੇ ਸੱਤਾ ਵਿੱਚ ਆਈ ਮੋਦੀ ਸਰਕਾਰ ਆਰਡੀਨੈਂਸ ਲੈ ਕੇ ਆਵੇ। ਨਵੀਂ ਦਿੱਲੀ ਵਿਚ ਸੰਤਾਂ ਦੇ ਧਰਮਾਦੇਸ਼ ਸਮਾਗਮ ਵਿਚ ਪਹੁੰਚੇ ਹਿੰਦੂ ਧਾਰਮਿਕ ਆਗੂ ਸ੍ਰੀ ਸ੍ਰੀ ਰਵੀਸ਼ੰਕਰ ਨੇ ਕਿਹਾ ਦੇਸ਼ ਦੇ ਲੱਖਾਂ ਲੋਕ ਚਾਹੁੰਦੇ ਹਨ ਕਿ ਅਯੁੱਧਿਆ ਵਿਚ ਮੰਦਰ ਬਣੇ। ਧਰਮ ਸੰਸਦ ਦੇ ਆਗੂਆਂ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤੇ ਕਿ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਬਾਰੇ ਜਲਦੀ ਹੀ ਆਰਡੀਨੈਂਸ ਜਾਂ ਕਾਨੂੰਨ ਲਿਆਂਦਾ ਜਾਵੇ। ਜਿਸ ਮੁਲਕ ਵਿੱਚ ਧਰਮ ਹੁਣ ਆਸਥਾ ਦਾ ਕੇਂਦਰ ਨਾ ਰਹਿ ਕੇ ਸੱਤਾ ਦੀ ਪੌੜੀ ਬਣ ਗਿਆ ਹੋਵੇ, ਉਥੇ ਇਹੀ ਕੁਝ ਹੋਣਾ ਹੈ। ਰਾਮ ਮੰਦਰ ਦਾ ਰੌਲਾ ਵਧਾਉਣ ਦਾ ਕਾਰਜ ਬਹੁਤ ਵਿਉਂਤਬੰਦੀ ਨਾਲ ਕੀਤਾ ਜਾ ਰਿਹਾ ਹੈ। ਆਰਐੱਸਐੱਸ ਨਾਲ ਜੁੜਿਆ ਹਰ ਵਿੰਗ ਆਪੋ-ਆਪਣੇ ਢੰਗ ਨਾਲ ਪੂਰੀ ਰਫ਼ਤਾਰ ਫੜਦਾ ਨਜ਼ਰੀਂ ਪੈ ਰਿਹਾ ਹੈ। ਸਿਆਸੀ ਮਾਹਿਰਾਂ ਦੀਆਂ ਉਹ ਕਿਆਸਅਰਾਈਆਂ ਸੱਚੀਆਂ ਸਾਬਤ ਹੋ ਰਹੀਆਂ ਜਾਪਦੀਆਂ ਹਨ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਜਿਉਂ ਜਿਉਂ ਅਗਲੀਆਂ ਲੋਕ ਸਭਾ ਚੋਣਾਂ ਨੇੜੇ ਆਉਂਦੀਆਂ ਜਾਣਗੀਆਂ, ਹਿੰਦੁਤਵ ਦੇ ਨਾਂ 'ਤੇ ਵੋਟਾਂ ਦੇ ਧਰੁਵੀਕਰਨ ਦਾ ਮਸਲਾ ਤੇਜ਼ ਹੁੰਦਾ ਜਾਵੇਗਾ। ਬੇਸ਼ੱਕ ਨਰੇਂਦਰ ਮੋਦੀ ਨੇ ਰਾਮ ਮੰਦਰ ਦੇ ਨਾਮ ਉੱਤੇ ਵੋਟਾਂ ਬਟੋਰ ਕੇ ਸੱਤਾ ਹਾਸਲ ਕੀਤੀ ਸੀ, ਪਰ ਉਹਨਾਂ ਨੇ ਭਾਰਤ ਨੂੰ ਵਿਕਾਸ ਦੇ ਨਵੇਂ ਮਾਡਲ ਵਜੋਂ ਸਥਾਪਤ ਕਰਨ ਦਾ ਅਹਿਦ ਵੀ ਕੀਤਾ ਸੀ, ਉਹਨਾਂ ਦੇ ਭਾਸ਼ਣਾਂ 'ਚ ਵਿਕਾਸ ਦਾ ਅਕਸਰ ਜ਼ਿਕਰ ਆਉਂਦਾ ਸੀ, ਜੋ ਅਗਲੇ ਵਰ੍ਹੇ ਆਉਣ ਵਾਲੀਆਂ ਚੋਣਾਂ ਤੱਕ ਗਾਇਬ ਹੁੰਦਾ ਦਿਸ ਰਿਹਾ ਹੈ, ਉਹ ਹੁਣ ਨਾ ਤਾਂ ਵਿਕਾਸ ਵਾਲੇ ਨਾਅਰੇ ਲਾਉਂਦੇ ਹਨ, ਨਾ ਤੇ ਖੁੱਲ੍ਹ ਕੇ ਰਾਮ ਮੰਦਰ ਦੇ ਮੁੱਦੇ ਉੱਤੇ ਬੋਲਦੇ ਹਨ। ਭਾਜਪਾ ਦੇ ਅੰਦਰੂਨੀ ਸੂਤਰਾਂ ਦਾ ਲੱਖਣ ਹੈ ਕਿ ਅਗਲੀਆਂ ਚੋਣਾਂ ਵਿਕਾਸ ਦੇ ਮੁੱਦੇ ਉੱਤੇ ਜਿੱਤਣੀਆਂ ਤਕਰੀਬਨ ਅਸੰਭਵ ਹੀ ਹਨ। ਹਾਲਾਂਕਿ ਪ੍ਰਧਾਨ ਮੰਤਰੀ ਪਿਛਲੇ ਸਾਢੇ ਸਾਲਾਂ ਦੌਰਾਨ ਆਪਣੇ ਹਰ ਭਾਸ਼ਣ ਵਿਚ ਵਿਕਾਸ ਦੀ ਅਹਿਮੀਅਤ ਬਾਰੇ ਅਵਾਮ ਨੂੰ ਚੇਤਾ ਕਰਵਾਉਂਦੇ ਰਹੇ ਹਨ ਪਰ ਪਹਿਲਾਂ ਨੋਟਬੰਦੀ ਤੇ ਜੀਐੱਸਟੀ ਅਤੇ ਹੁਣ ਰਾਫਾਲ ਤੇ ਸੀ ਬੀ ਆਈ-ਆਰ ਬੀ ਆਈ ਦੇ ਝਮੇਲਿਆਂ ਕਾਰਨ ਸਰਕਾਰ ਨੂੰ ਵਿਕਾਸ ਦੇ ਮੁੱਦੇ 'ਤੇ ਕਿਸੇ ਪਾਸੇ ਕੋਈ ਢੋਈ ਨਹੀਂ ਮਿਲ ਰਹੀ ਹੈ ਅਤੇ ਨਾਲ ਨਾਲ ਸਰਕਾਰ ਦੀ ਪਾਰਦਰਸ਼ਤਾ ਬਾਰੇ ਵੀ ਗੰਭੀਰ ਪ੍ਰਸ਼ਨ ਉੱਠ ਰਹੇ ਹਨ। ਮੋਦੀ ਨੂੰ ਸੱਤਾ ਵਾਲੇ ਤਖਤ ਉੱਤੇ ਬਿਠਾਉਣ ਵਾਲੇ ਨਾਗਪੁਰੀਏ ਹਰ ਪਾਸਿਓਂ ਅਸਫਲ ਹੋਈ ਮੋਦੀ ਸਰਕਾਰ ਨੂੰ ਦੁਬਾਰਾ ਸੱਤਾ ਦਿਵਾਉਣ ਲਈ ਹੀ ਬੜੀ ਸੋਚੀ ਸਮਝੀ ਸਾਜ਼ਿਸ਼ ਤਹਿਤ ਇਕਦਮ ਰਾਮ ਮੰਦਰ ਦਾ ਮਸਲਾ ਉਭਾਰਨ ਲੱਗ ਪਈ ਹੈ। ਇਹ ਸਿਲਸਿਲਾ ਦਸਹਿਰੇ ਤੋਂ ਆਰੰਭ ਕੀਤਾ ਗਿਆ ਸੀ। ਉਦੋਂ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨੇ ਆਪਣੇ ਭਾਸ਼ਣ ਵਿਚ ਬਾਕਾਇਦਾ ਮੰਦਰ ਨਿਰਮਾਣ ਦਾ ਸੱਦਾ ਦਿੱਤਾ ਸੀ ਅਤੇ ਇਸ ਮਸਲੇ ਨੂੰ ਹੁਣ ਲਗਾਤਾਰ ਮਘਾਇਆ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਅਤੇ ਆਰ ਐੱਸ ਐੱਸ ਨੇ ਚੋਣਾਂ ਜਿੱਤਣ ਦੀ ਆਪਣੀ ਸਾਰੀ ਵਿਉਂਤਬੰਦੀ ਵੋਟਾਂ ਦੇ ਧਰੁਵੀਕਰਨ 'ਤੇ ਟਿਕਾ ਲਈ ਜਾਪਦੀ ਹੈ।

ਜੋ ਸਥਿਤੀ ਬਣਦੀ ਜਾ ਰਹੀ ਹੈ, ਉਸ ਤੋਂ ਸਾਫ ਹੋ ਰਿਹਾ ਹੈ ਕਿ ਅਗਲੀ ਲੋਕ ਸਭਾ ਚੋਣਾਂ ਲਈ ਆਰ ਐੱਸ ਐੱਸ ਅਤੇ ਭਾਰਤੀ ਜਨਤਾ ਪਾਰਟੀ ਲਈ ਮੁੱਖ ਚੋਣ ਮੁੱਦਾ ਵਿਕਾਸ ਦੀ ਥਾਂ ਰਾਮ ਮੰਦਰ ਹੋਵੇਗਾ। ਪਾਰਟੀ ਭਗਤਾਂ ਲਈ 'ਵਿਕਾਸ ਪੁਰਸ਼' ਵਜੋਂ ਮਸ਼ਹੂਰ ਨਰਿੰਦਰ ਮੋਦੀ ਦੀ ਰਾਮ ਮੰਦਰ ਬਾਰੇ ਹੁਣ ਤੱਕ ਦੀ ਖ਼ਾਮੋਸ਼ੀ ਦੱਸਦੀ ਹੈ ਕਿ ਆਉਣ ਵਾਲੇ ਦਿਨਾਂ ਦੌਰਾਨ ਇਸ ਮੁੱਦੇ 'ਤੇ ਕਿਸ ਕਿਸਮ ਦੀ ਸਿਆਸਤ ਚੱਲਣੀ ਹੈ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵਰਗੇ ਲੀਡਰਾਂ ਨੂੰ ਇਸ ਮੁਹਿੰਮ ਵਿਚ ਕਿਸ ਤਰ੍ਹਾਂ ਝੋਕਿਆ ਜਾਣਾ ਹੈ। ਫਿਲਹਾਲ ਤਾਂ ਇਹ ਭਗਵੀਆਂ ਜਥੇਬੰਦੀਆਂ ਇਸ ਮਸਲੇ ਨੂੰ ਵੱਧ ਤੋਂ ਵੱਧ ਉਭਾਰ ਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਟੋਹ ਰਹੀਆਂ ਹਨ।

1992 ਵਰਗੇ ਖ਼ੂਨੀ ਅੰਦੋਲਨ ਦੀ ਧਮਕੀ ਆਰ ਐਸ ਐਸ ਨੇ ਜਨਤਕ ਤੌਰ ਉੱਤੇ ਦਿੱਤੀ ਹੈ, ਪੂਰੇ ਮੁਲਕ, ਜਿਸ ਦੇ ਬਸ਼ਿੰਦੇ ਇਕੱਲੇ ਹਿੰਦੂ ਹੀ ਨਹੀਂ ਹਨ, ਉਸ ਦਾ ਸਿਸਟਮ ਚਲਾ ਰਹੀ ਮੋਦੀ ਸਰਕਾਰ ਦੀ ਮੰਤਰੀ ਉਮਾ ਭਾਰਤੀ ਦਾ ਕਹਿਣਾ ਹੈ ਕਿ ਜੇ ਮੰਦਰ ਨੇੜੇ ਕੋਈ ਮਸਜਿਦ ਬਣਾਈ ਗਈ ਤਾਂ ਇਹ ਹਿੰਦੂਆਂ ਲਈ ਬਰਦਾਸ਼ਤ ਤੋਂ ਬਾਹਰ ਗੱਲ ਹੋਵੇਗੀ। ਅਯੁੱਧਿਆ ਦੇ ਤਪੱਸਵੀ ਚਾਵਨੀ ਮੰਦਰ ਦੇ ਮਹੰਤ ਸਵਾਮੀ ਪਰਮਹੰਸ ਦਾਸ ਨੇ ਚਿਤਾਵਨੀ ਦਿੱਤੀ ਕਿ ਜੇਕਰ ਰਾਮ ਮੰਦਰ ਦੀ ਉਸਾਰੀ ਬਾਰੇ ਅਧਿਕਾਰਤ ਐਲਾਨ ਨਾ ਕੀਤਾ ਗਿਆ ਤਾਂ ਉਹ ਛੇ ਦਸੰਬਰ ਨੂੰ ਆਤਮ ਦਾਹ ਕਰ ਲੈਣਗੇ। ਉਨ੍ਹਾਂ ਨੇ 6 ਅਕਤੂਬਰ ਤੋਂ ਅਣਮਿੱਥੇ ਸਮੇਂ ਲਈ ਵਰਤ ਰੱਖਿਆ ਹੋਇਆ ਹੈ ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਕਿਹਾ ਕਿ ਜਦੋਂ ਵੀ ਸਮਾਂ ਆਵੇਗਾ ਅਯੁੱਧਿਆ ਵਿਚ ਵੱਡਾ ਰਾਮ ਮੰਦਰ ਵੀ ਬਣਾਇਆ ਜਾਵੇਗਾ ਤੇ ਇਸ ਨੂੰ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ ਰਾਮ ਲੱਲਾ ਦੀ ਜਨਮ ਭੂਮੀ 'ਤੇ ਬਾਬਰ ਦੇ ਨਾਂ ਦੀ ਇੱਕ ਇੱਟ ਵੀ ਨਹੀਂ ਲੱਗਣ ਦਿੱਤੀ ਜਾਵੇਗੀ। ਕੇਂਦਰੀ ਮੰਤਰੀ ਉਮਾ ਭਾਰਤੀ ਨੇ ਕਿਹਾ ਕਿ ਹਿੰਦੂ ਦੁਨੀਆਂ ਦੇ ਸਭ ਤੋਂ ਵੱਧ ਸਹਿਣਸ਼ੀਲ ਲੋਕ ਹਨ, ਪਰ ਅਯੁੱਧਿਆ ਵਿਚ ਰਾਮ ਮੰਦਰ ਦੀ ਪੈਰੀਫੇਰੀ ਵਿਚ ਮਸਜਿਦ ਦੀ ਉਸਾਰੀ ਦੀ ਗੱਲ ਉਨ੍ਹਾਂ ਨੂੰ ਅਸਹਿਣਸ਼ੀਲ ਬਣਾ ਸਕਦੀ ਹੈ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੂਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਜੇਕਰ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਹੁੰਦੀ ਹੈ ਤਾਂ ਉਹ ਖੁਦ ਉੱਥੇ ਦੀਵਾ ਬਾਲਣ ਜਾਣਗੇ। ਰਾਮ ਮੰਦਰ ਬਾਰੇ ਫੈਸਲੇ ਨੂੰ ਅਦਾਲਤ ਵਲੋਂ ਟਾਲੇ ਜਾਣ ਉੱਤੇ ਸ਼ਿਵਸੈਨਾ ਦੇ ਸੀਨੀਅਰ ਨੇਤਾ ਸੰਜੇ ਰਾਊਤ ਨੇ ਕਿਹਾ ਕਿ ਜੇਕਰ ਅਸੀਂ ਕੋਰਟ ਦੇ ਫੈਸਲੇ ਦੀ ਉਡੀਕ ਕਰਾਂਗੇ ਤਾਂ ਸਾਨੂੰ 1,000 ਸਾਲ ਉਡੀਕ ਕਰਨੀ ਪਵੇਗੀ। ਉਹਨਾਂ ਕਿਹਾ ਕਿ ਪਾਰਟੀ ਮੁਖੀ ਉੱਧਵ ਠਾਕਰੇ 25 ਨਵੰਬਰ ਨੂੰ ਅਯੁੱਧਿਆ ਜਾਣਗੇ ਤੇ ਉੱਥੇ ਜਾ ਕੇ ਮੋਦੀ ਜੀ ਅਤੇ ਭਾਜਪਾ ਸਰਕਾਰ ਨੂੰ ਰਾਮ ਮੰਦਰ ਦੇ ਨਿਰਮਾਣ ਲਈ ਯਾਦ ਦਿਵਾਉਣਗੇ। ਆਰ. ਐੱਸ. ਐੱਸ. ਦੇ ਆਗੂ ਭਈਆ ਜੀ ਜੋਸ਼ੀ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਅਯੁੱਧਿਆ ਵਿਚ ਸ੍ਰੀ ਰਾਮ ਮੰਦਰ ਦਾ ਨਿਰਮਾਣ ਛੇਤੀ ਤੋਂ ਛੇਤੀ ਹੋਵੇ। ਫੈਸਲੇ ਵਿਚ ਹੋ ਰਹੀ ਦੇਰੀ ਹਿੰਦੂਆਂ ਦਾ ਅਪਮਾਨ ਹੈ। ਸਾਨੂੰ ਉਮੀਦ ਹੈ ਕਿ ਅਦਾਲਤ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਫੈਸਲਾ ਕਰੇਗੀ। ਜੋਸ਼ੀ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ 1992 ਵਰਗਾ ਹੀ ਰਾਮ ਮੰਦਰ ਲਈ ਅੰਦੋਲਨ ਕੀਤਾ ਜਾਵੇਗਾ।

ਆਰ ਐੱਸ ਐੱਸ ਆਗੂ ਅਤੇ ਹੁਣ ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਰਾਮ ਮਾਧਵ ਸੰਤ ਸਮਾਜ ਤੋਂ ਪਹਿਲਾਂ ਹੀ ਆਖ ਚੁੱਕੇ ਹਨ ਕਿ ਜੇ ਕੋਰਟ ਦਾ ਫੈਸਲਾ ਸਾਡੇ ਮੁਤਾਬਕ ਨਾ ਆਇਆ ਤਾਂ ਸਾਡੀ ਸਰਕਾਰ ਆਰਡੀਨੈਂਸ ਲਿਆਵੇਗੀ। ਸਾਫ ਹੈ ਕਿ ਨਿਆਂਪਾਲਕਾ ਦਾ ਇਹਨਾਂ ਭਗਵਾਂਵਾਦੀਆਂ ਨੂੰ ਕੋਈ ਸਤਿਕਾਰ ਨਹੀਂ ਹੈ, ਹਰ ਥਾਂ ਇਹ ਚੰਮ ਦੀਆਂ ਚਲਾਉਂਦੇ ਹਨ, ਜਾਂ ਚਲਾਉਣ ਦੀ ਕੋਸ਼ਿਸ਼ ਕਰਦੇ ਹਨ। ਰਾਮ ਮੰਦਰ ਦੇ ਮੁੱਦੇ ਉੱਤੇ ਐਨੇ ਤਿੱਖੇ ਬੋਲ ਬੋਲੇ ਜਾ ਰਹੇ ਹਨ, ਅਦਾਲਤ ਤੱਕ ਨੂੰ ਧਮਕਾਇਆ ਜਾ ਰਿਹਾ ਹੈ, ਪਰ ਮਜ਼ਾਲ ਹੈ, ਕਿਸੇ ਪਾਸਿਓਂ ਭੜਕਾਊ ਬੋਲਾਂ ਤਹਿਤ ਕਿਸੇ ਉੱਤੇ ਕਾਰਵਾਈ ਹੋਈ ਹੋਵੇ। ਭਾਜਪਾ ਤੇ ਆਰਐੱਸਐੱਸ ਸਿਆਸੀ ਮੁਫਾਦਾਂ ਲਈ ਮੰਦਰ ਮੁੱਦਾ ਉਭਾਰ ਰਹੀ ਹੈ-ਕਾਂਗਰਸ : ਰਾਮਮੰਦਰ ਦੇ ਮੁੱਦੇ ਉੱਤੇ ਸੀਨੀਅਰ ਕਾਂਗਰਸੀ ਆਗੂ ਅਭਿਸ਼ੇਕ ਮਨੂ ਸਿੰਘਵੀ ਨੇ ਕਟਾਖਸ਼ ਕੀਤਾ ਹੈ ਕਿ ਇਹਨਾਂ ਨੂੰ ਚੋਣਾਂ ਵੇਲੇ ਰਾਮ ਜਨਮ ਭੂਮੀ ਵਿਵਾਦ ਦਾ ਮੁੱਦਾ ਚੇਤੇ ਆਉਂਦਾ ਹੈ ਤੇ ਚੋਣਾਂ ਮੁੱਕਣ ਬਾਅਦ ਭਗਵਾਨ ਰਾਮ ਨੂੰ ਭੁੱਲ ਜਾਂਦੇ ਹਨ। ਸ਼ਸ਼ੀ ਥਰੂਰ ਨੇ ਕਿਹਾ ਕਿ ਕੋਈ ਵੀ ਹਿੰਦੂ ਗ੍ਰੰਥ ਕੋਈ ਚੀਜ਼ ਹਾਸਲ ਕਰਨ ਲਈ ਹਿੰਸਾ ਦਾ ਰਾਹ ਅਖ਼ਤਿਆਰ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਤੇ ਸ਼ਾਸਤਰ ਕਹਿੰਦੇ ਹਨ ਕਿ ਰਾਮ ਨੂੰ ਆਪਣੇ ਮਨ ਵਿਚ ਵਸਾਉਣਾ ਚਾਹੀਦਾ ਹੈ।

**ਮੁਸਲਿਮ ਸੰਗਠਨ ਫਿਕਰਮੰਦ :** ਦੂਜੇ ਪਾਸੇ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਇਸ 'ਤੇ ਚਿੰਤਾ ਜ਼ਾਹਰ ਕੀਤੀ ਹੈ। ਉਸ ਨੇ ਆਰਐੱਸਐੱਸ ਦੇ 1992 ਜਿਹਾ ਅੰਦੋਲਨ ਸ਼ੁਰੂ ਕਰਨ ਦੇ ਇਰਾਦੇ ਨੂੰ ਦੇਸ਼ ਲਈ ਖਤਰਨਾਕ ਦੱਸਿਆ ਹੈ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਕਿਹਾ ਹੈ ਕਿ ਮੰਦਰ ਦੀ ਉਸਾਰੀ ਲਈ ਤੇਜ਼ ਹੋਈਆਂ ਗਤੀਵਿਧੀਆਂ ਸਿਆਸਤ ਤੋਂ ਪ੍ਰੇਰਿਤ ਹਨ। ਬੋਰਡ ਦੇ ਜਨਰਲ ਸਕੱਤਰ ਮੌਲਾਨਾ ਵਲੀ ਰਹਿਮਾਨੀ ਨੇ ਕਿਹਾ ਕਿ ਇਹ ਸਾਰਾ ਕੁਝ 2019 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਦਬਾਅ ਬਣਾਉਣ ਲਈ ਕੀਤਾ ਜਾ ਰਿਹਾ ਹੈ। ਮੰਦਰ ਦੇ ਨਿਰਮਾਣ ਲਈ 1992 ਵਰਗਾ ਅੰਦੋਲਨ ਸ਼ੁਰੂ ਕਰਨ ਦੇ ਸੰਘ ਦੇ ਇਰਾਦੇ ਬਾਰੇ ਉਨ੍ਹਾਂ ਕਿਹਾ ਕਿ ਜੇਕਰ ਸੰਘ ਅੰਦੋਲਨ ਸ਼ੁਰੂ ਕਰਦਾ ਹੈ ਤਾਂ ਇਹ ਬਹੁਤ ਖਤਰਨਾਕ ਹੋਵੇਗਾ ਤੇ ਇਸ ਨਾਲ ਦੇਸ਼ ਵਿੱਚ ਅਰਾਜਕਤਾ ਫੈਲੇਗੀ। ਹੁਣ ਦੇਖਣਾ ਇਹ ਹੈ ਕਿ ਰਾਮ ਮੰਦਰ ਦੀ ਛੇੜੀ ਜਾ ਰਹੀ ਇਸ ਭਾਵੁਕ ਮੁਹਿੰਮ ਨਾਲ ਨਜਿੱਠਣ ਲਈ ਵਿਰੋਧੀ ਧਿਰ ਕੀ ਰੁਖ਼ ਅਖ਼ਤਿਆਰ ਕਰਦੀ ਹੈ ਅਤੇ ਇਸ ਦੇ ਬਰਾਬਰ ਮੁੱਦੇ ਖੜ੍ਹੇ ਕਰਨ ਲਈ ਕੀ ਮੁਹਿੰਮ ਵਿੱਢਦੀ ਹੈ? ਭਾਰਤੀ ਲੋਕਾਂ ਲਈ ਵੀ ਇਹ ਪਰਖ ਦੀ ਘੜੀ ਹੋਵੇਗੀ ਕਿ ਕੀ ਉਹ ਇਕ ਵਾਰ ਫੇਰ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਦੇ ਮੁੱਦੇ ਤਿਆਗ ਕੇ ਮੰਦਰ ਮਸਜਿਦ ਦੇ ਮੁੱਦੇ 'ਚ ਫਸ ਕੇ ਰਹਿ ਜਾਣਗੇ ਤੇ ਭਗਵੇਂ ਟੋਲੇ ਦੇ ਹਵਾਲੇ ਇਕ ਵਾਰ ਫੇਰ ਮੁਲਕ ਦਾ ਸਿੰਘਾਸਣ ਕਰ ਦੇਣਗੇ?

# ਭਗਵੇਂਵਾਦੀਆਂ ਲਈ ਇਤਿਹਾਸਕਾਰ ਰਾਮਚੰਦਰ ਗੁਹਾ ਵੀ ਦੇਸ਼ ਵਿਰੋਧੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਆਰਐਸਐਸ ਦੇ ਨਿਰਦੇਸ਼ਾਂ ਤਹਿਤ, ਏਬੀਵੀਪੀ ਜਾਂ ਦੂਜੇ ਭਗਵੇਂਵਾਦੀ ਜਿਹੜੇ ਕੁਝ ਕਰ ਰਹੇ ਹਨ ਉਨ੍ਹਾਂ ਪਿੱਛੇ ਮੋਦੀ ਸਰਕਾਰ ਪੂਰੀ ਤਾਕਤ ਨਾਲ ਖੜ੍ਹੀ ਹੈ ਤੇ ਸੰਵਿਧਾਨ ਤੇ ਜਮਹੂਰੀਅਤ ਨੂੰ ਮੰਨਣ ਵਾਲਿਆਂ ਉੱਪਰ ਦਹਿਸ਼ਤਗਰਦਾਂ ਵਾਲੇ ਕੇਸ ਪਾਏ ਜਾ ਰਹੇ ਹਨ। 'ਦੇਸ਼ਧ੍ਰੋਹੀਆਂ' ਦੀ ਲੰਬੀ ਹੁੰਦੀ ਸੂਚੀ ਵਿੱਚ ਇੱਕ ਹੋਰ ਨਾਮ ਇਤਿਹਾਸਕਾਰ ਰਾਮਚੰਦਰ ਗੁਹਾ ਦਾ ਜੁੜ ਗਿਆ ਹੈ। 'ਗਾਂਧੀ ਬਿਫੋਰ ਇੰਡੀਆ' ਅਤੇ 'ਇੰਡੀਆ ਆਫਟਰ ਗਾਂਧੀ' ਵਰਗੀਆਂ ਕੌਮਾਂਤਰੀ ਪੱਧਰ 'ਤੇ ਚਰਚਿਤ ਕਿਤਾਬਾਂ ਲਿਖਣ ਵਾਲੇ ਇਤਿਹਾਸਕਾਰ ਰਾਮਚੰਦਰ ਗੁਹਾ, ਗਾਂਧੀ ਦੇ ਸੂਬੇ ਗੁਜਰਾਤ ਵਿੱਚ 'ਰਾਸ਼ਟਰ ਵਿਰੋਧੀ' ਐਲਾਨ ਦਿੱਤੇ ਗਏ ਹਨ। ਗੁਹਾ ਅਹਿਮਦਾਬਾਦ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਨਹੀਂ ਹੋਣਗੇ ਕਿਉਂਕਿ ਏਬੀਵੀਪੀ ਦੀਆਂ ਨਜ਼ਰਾਂ ਵਿਚ ਉਹ ਸਿੱਖਿਆ ਤੇ ਦੇਸ ਲਈ ਨੁਕਸਾਨਦਾਇਕ ਹਨ। ਏਬੀਵੀਪੀ ਨੇ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਇੱਕ ਲੰਬੀ ਚਿੱਠੀ ਲਿਖੀ ਗਈ ਜਿਸ ਵਿੱਚ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਰਾਮਚੰਦਰ ਗੁਹਾ ਅਸਲ ਵਿੱਚ ਰਾਸ਼ਟਰ ਵਿਰੋਧੀ ਹਨ। ਉਸ ਚਿੱਠੀ ਵਿੱਚ ਗੁਹਾ ਦੀਆਂ ਕਿਤਾਬਾਂ ਦੇ ਅੰਸ਼ਾਂ ਦਾ ਹਵਾਲਾ ਦਿੱਤਾ ਗਿਆ। ਗੁਹਾ ਦੇ ਖ਼ਿਲਾਫ਼ ਜਿਹੜੇ ਚਾਰ ਸਬੂਤ ਪੇਸ਼ ਕੀਤੇ ਗਏ ਹਨ, ਉਨ੍ਹਾਂ ਵਿੱਚੋਂ ਦੋ ਉਨ੍ਹਾਂ ਦੇ ਨਹੀਂ ਲਿਖੇ ਹਨ ਸਗੋਂ ਉਹ ਬ੍ਰਾਹਮਣਵਾਦ ਵਿਰੋਧੀ ਅੰਦੋਲਨ ਦੇ ਨੇਤਾ ਈਵੀ ਰਾਮਸਵਾਮੀ 'ਪੇਰੀਆਰ' ਦੇ ਲੇਖ ਤੇ ਭਾਸ਼ਣ ਦੇ ਅੰਸ਼ ਹਨ ਜਿਨ੍ਹਾਂ ਦਾ ਗੁਹਾ ਨੇ ਆਪਣੀ ਕਿਤਾਬ 'ਭਾਰਤ ਗਾਂਧੀ ਦੇ ਬਾਅਦ' ਦੇ ਨਾਲ ਹਵਾਲਾ ਦਿੱਤਾ ਹੈ। ਇਸ ਚਿੱਠੀ ਵਿੱਚ ਕਈ ਦਿਲਚਸਪ ਗੱਲਾਂ ਲਿਖੀਆਂ ਗਈਆਂ ਹਨ, ਜਿਵੇਂ ਕਿ "ਗੁਹਾ ਸਾਡੇ ਪ੍ਰਾਚੀਨ ਤੇ ਮਹਾਨ ਰਾਸ਼ਟਰ ਦੀ ਬੇਇੱਜ਼ਤੀ ਕਰਦੇ ਹਨ, ਸਾਡਾ ਸਭਿਆਚਾਰ ਦੁਨੀਆਂ ਭਰ ਵਿੱਚ ਸਭ ਤੋਂ ਉੱਚਾ ਹੈ, ਉਹ ਦਿਸ਼ਾਹੀਨ ਸ਼ਖ਼ਸ ਹੈ, ਉਹ ਸਾਨੂੰ ਕੀ ਸਿਖਾਉਣਗੇ?"



ਕੀ ਕਹਿੰਦੇ ਹਨ ਗੁਹਾ : ਰਾਮਚੰਦਰ ਨੇ ਇਹ ਕਹਿ ਦਿੱਤਾ ਹੈ ਕਿ ਉਹ ਅਹਿਮਦਾਬਾਦ ਯੂਨੀਵਰਸਿਟੀ ਵਿੱਚ ਨਹੀਂ ਪੜ੍ਹਾਉਣਗੇ, ਉਨ੍ਹਾਂ ਨੇ ਕਿਹਾ ਕਿ ਇਸ ਫੈਸਲੇ ਦਾ ਕਾਰਨ ਉਹ ਹਾਲਾਤ ਹਨ ਜਿਹੜੇ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਹਨ।

ਤੁਹਾਨੂੰ ਯਾਦ ਕਰਵਾ ਦੇਈਏ ਕਿ ਇਸ ਤੋਂ ਪਹਿਲਾਂ 27 ਸਤੰਬਰ 2018- ਮੱਧ ਪ੍ਰਦੇਸ਼ ਵਿੱਚ ਮੰਦਸੌਰ ਦੇ ਇੱਕ ਸਰਕਾਰੀ ਕਾਲਜ ਦੇ ਇੱਕ ਪ੍ਰੋਫ਼ੈਸਰ ਨੇ ਕਲਾਸ ਰੂਮ ਵਿਚ ਨਾਅਰੇਬਾਜ਼ੀ ਕਰ ਰਹੇ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਦੇ ਵਿਦਿਆਰਥੀਆਂ ਦੇ ਪੈਰਾਂ ਨੂੰ ਹੱਥ ਲਾ ਕੇ ਮਾਫ਼ੀ ਮੰਗੀ ਸੀ। ਇਹ ਵੀਡੀਓ ਇੱਕ ਦਿਨ ਲਈ ਵਾਇਰਲ ਹੋਇਆ ਜਿਸ ਤੋਂ ਬਾਅਦ ਲੋਕ ਉਸ ਨੂੰ ਭੁੱਲ ਗਏ। ਉਸੇ ਸੂਬੇ ਵਿੱਚ ਉਜੈਨ ਵਿਚ 2006 ਵਿੱਚ ਮਾਧਵ ਕਾਲਜ ਦੇ ਪ੍ਰੋਫ਼ੈਸਰ ਸਭਰਵਾਲ ਦਾ ਕੁੱਟ-ਕੁੱਟ ਕੇ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਨੂੰ ਕੁੱਟਣ ਦਾ ਇਲਜ਼ਾਮ ਜਿਨ੍ਹਾਂ ਤਿੰਨ ਲੋਕਾਂ 'ਤੇ ਲੱਗਿਆ ਸੀ ਉਹ ਵੀ ਏਬੀਵੀਪੀ ਦੇ ਵਿਦਿਆਰਥੀ ਸਨ। ਪ੍ਰੋਫ਼ੈਸਰ ਸਭਰਵਾਲ ਕਤਲਕਾਂਡ ਦੇ ਇੱਕ ਮੁੱਖ ਮੁਲਜ਼ਮ ਦੀ ਸਿਹਤ ਦਾ ਹਾਲ ਜਾਣਨ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ 2008 ਵਿਚ ਹਸਪਤਾਲ ਗਏ ਸਨ ਜਦੋਂ ਕਤਲ ਦੇ ਮੁਕੱਦਮੇ ਦੀ ਸੁਣਵਾਈ ਜਾਰੀ ਸੀ। ਜ਼ਾਹਿਰ ਹੈ ਆਲੋਚਨਾ ਹੋਈ ਕਿ ਮੁੱਖ ਮੰਤਰੀ ਹਿੰਸਾ ਫੈਲਾਉਣ ਵਾਲਿਆਂ ਦਾ ਹੌਸਲਾ ਵਧਾ ਰਹੇ ਹਨ। ਪਰ ਇਹ ਗੱਲ ਵੀ ਰਫ਼ਾ-ਦਫ਼ਾ ਹੋ ਗਈ। ਸੂਬਾ ਸਰਕਾਰ ਨੇ ਪ੍ਰੋਫ਼ੈਸਰ ਸਭਰਵਾਲ ਦੇ ਕਤਲ ਮਾਮਲੇ ਵਿੱਚ ਜਿਹੜਾ ਰਵੱਈਆ ਅਪਣਾਇਆ ਉਸ 'ਤੇ ਕੁਝ ਲੋਕਾਂ ਨੇ ਸਵਾਲ ਚੁੱਕਿਆ। ਹਾਲਾਂਕਿ, 2009 ਵਿੱਚ ਸਾਰੇ ਛੇ ਮੁਲਜ਼ਮ 'ਸਬੂਤਾਂ ਦੀ ਘਾਟ ਕਾਰਨ' ਰਿਹਾਅ ਹੋ ਗਏ, ਇਸ ਸਭ ਦਾ ਸਬੰਧ ਆਰ ਐਸ ਐਸ ਦੇ ਏਬੀਵੀਪੀ ਤੇ ਸੰਘ ਪਰਿਵਾਰ ਦੀ ਬਜਰੰਗ ਦਲ ਵਰਗੀਆਂ ਸੰਸਥਾਵਾਂ ਨਾਲ ਸੀ। ਰਿਹਾਅ ਹੋਣ ਤੋਂ ਬਾਅਦ ਕੁਝ ਲੋਕਾਂ ਨੂੰ ਸਿੱਖਿਅਕ ਅਦਾਰਿਆਂ ਵਿੱਚ ਨੌਕਰੀਆਂ ਵੀ ਦਿੱਤੀਆਂ ਗਈਆਂ। ਭਾਜਪਾ ਸ਼ਾਸਤ ਸੂਬੇ ਮੱਧ ਪ੍ਰਦੇਸ਼ ਤੋਂ 10-12 ਸਾਲ ਪਹਿਲਾਂ ਇੱਕ ਤਰ੍ਹਾਂ ਦਾ ਟ੍ਰੈਂਡ ਸ਼ੁਰੂ ਹੋਇਆ। ਮੰਦਸੌਰ ਤੇ ਉਜੈਨ ਵਰਗੀਆਂ ਕਈ ਘਟਨਾਵਾਂ ਉੱਥੇ ਹੋਈਆਂ, ਪਰ 2014 ਵਿੱਚ ਕੇਂਦਰ ਵਿਚ ਭਾਜਪਾ ਦੀ ਸਰਕਾਰ ਆਉਣ ਤੋਂ ਬਾਅਦ, ਏਬੀਵੀਪੀ ਨੇ ਦੇਸ਼ ਭਰ ਦੇ

ਬਾਕੀ ਸਫ਼ਾ 32 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES

14 ਨਵੰਬਰ 2018 ਤੋਂ 20 ਨਵੰਬਰ 2018

*ਸ਼੍ਰੋਮਣੀ ਕਮੇਟੀ ਦਾ ਚੋਣ ਇਜਲਾਸ*

# ਬਾਦਲਾਂ ਦੇ ਲਿਫਾਫੇ ’ਚੋਂ ਨਿਕਲੀ ਪ੍ਰਧਾਨਗੀ

**- ਮਨਜੀਤ ਸਿੰਘ ਟਿਵਾਣਾ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਗਰੇਜ਼ਾਂ ਵੇਲੇ ਚੱਲੀ ਗੁਰਦੁਆਰਾ ਸੁਧਾਰ ਲਹਿਰ ਦੇ ਲੰਮੇ ਸੰਘਰਸ਼ ਤੋਂ ਬਾਅਦ ਸੰਨ 1925 ਵਿਚ ਹੋਂਦ ਵਿਚ ਆਈ ਸੀ। ਇਸ ਤਰ੍ਹਾਂ ਇਹ ਸਿੱਖ ਕੌਮ ਦੀ ਇਕ ਇਤਿਹਾਸਕ, ਵਕਾਰੀ ਤੇ ਵੱਡ-ਅਕਾਰੀ ਮਹਾਨ ਸੰਵਿਧਾਨਕ ਸੰਸਥਾ ਹੈ। ਵਿਧਾਨ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਹਰੇਕ ਸਾਲ ਹੋਣੀ ਹੁੰਦੀ ਹੈ।ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸਮਝੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਜਮਹੂਰੀਅਤ ਦਾ ਲਗਭਗ ਭੋਗ ਹੀ ਪੈ ਗਿਆ ਹੈ। ਇਹ ਵਰਤਾਰਾ ਇਸ ਸੰਸਥਾ ਉਤੇ ਹਮੇਸ਼ਾ ਤੋਂ ਕਾਬਜ਼ ਚਲੀ ਆ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਇਕ ਪਰਿਵਾਰ (ਬਾਦਲਾਂ) ਦੇ ਕਬਜ਼ੇ ਵਿਚ ਚਲੇ ਜਾਣ ਤੋਂ ਬਾਅਦ ਸ਼ੁਰੂ ਹੋਇਆ ਹੈ। ਹੁਣ ਹਰ ਵਾਰ ਨਵਾਂ ਪ੍ਰਧਾਨ ਚੁਣਨ ਦੇ ਸਾਰੇ ਹੱਕ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਨੂੰ ਦੇ ਦਿੱਤੇ ਜਾਂਦੇ ਹਨ। ਪਹਿਲਾਂ ਇਹ ਅਧਿਕਾਰ ਅਕਸਰ ਪ੍ਰਕਾਸ਼ ਸਿੰਘ ਬਾਦਲ ਕੋਲ ਚਲੇ ਜਾਂਦੇ ਸਨ, ਹੁਣ ਉਨ੍ਹਾਂ ਦੇ ਫਰਜ਼ੰਦ ਸੁਖਬੀਰ ਸਿੰਘ ਬਾਦਲ ਇਸ ਗੈਰ-ਜਮਹੂਰੀ ਤੇ ਗੈਰ-ਸਿਧਾਂਤਕ ਪੈਂਤੜੇ ਨਾਲ ਸਿੱਖ ਕੌਮ ਦੀ ਇਸ ਸ਼ਾਨਾਮੱਤੀ ਸੰਸਥਾ ਦੇ ਵਕਾਰ ਨੂੰ ਢਾਹ ਲਾਉਣ ਲੱਗੇ ਹਨ। ਹਰ ਵਾਰ ਸ਼੍ਰੋਮਣੀ ਕਮੇਟੀ ਦੇ ਸਲਾਨਾ ਚੋਣ ਇਜਲਾਸ ਵਿਚ ਬਾਦਲਾਂ ਵੱਲੋਂ ਆਪਣੇ ਏਲਚੀ ਹੱਥ ਭੇਜੇ ਬੰਦ ਲਿਫਾਫੇ ਵਿਚੋਂ ਪ੍ਰਧਾਨਗੀ ਤੇ ਦੂਜੀਆਂ ਅਹੁਦੇਦਾਰੀਆਂ ਨਿਕਲਦੀਆਂ ਹਨ। ਤਾਜ਼ਾ ਚੋਣ ਅਮਲ ਦੌਰਾਨ ਵੀ ਸੁਖਬੀਰ ਬਾਦਲ ਨੇ ਇਹੋ ਹਰਕਤ ਕਰਦਿਆਂ ਆਪਣੇ ਚਹੇਤੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਪ੍ਰਧਾਨਗੀ ਦੇ ਅਹੁਦੇ ਉੱਤੇ ਇਕ ਸਾਲ ਹੋਰ ਬੈਠੇ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ।

ਅਸੀਂ ਆਮ ਤੌਰ ‘ਤੇ ਇਸ ਵਰਤਾਰੇ ਨੂੰ ਰਾਜਨੀਤਕ ਨਜ਼ਰੀਏ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸ਼੍ਰੋਮਣੀ ਕਮੇਟੀ ਉਤੇ ਪਕੜ ਕਾਇਮ ਰੱਖਣ ਦੀ ਲਾਲਸਾ ਵੱਜੋਂ ਹੀ ਦੇਖਦੇ ਹਨ। ਜੇਕਰ ਪ੍ਰਕਾਸ਼ ਸਿੰਘ ਬਾਦਲ ਦੇ ਲੰਮੇ ਸਿਆਸੀ ਜੀਵਨ ਵੱਲ ਝਾਤ ਮਾਰੀਏ ਤਾਂ ਇਸ ਵਰਤਾਰੇ ਦੀਆਂ ਜੜ੍ਹਾਂ ਬਹੁਤ ਡੂੰਘੇਰੀਆਂ ਤੇ ਇਸ ਦੀਆਂ ਤੰਦਾਂ ਕਿਤੇ ਦੂਰ ਜਾ ਜੁੜਦੀਆਂ ਹਨ। ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਰਾਜਨੀਤਕ ਜੀਵਨ ਦੌਰਾਨ ਸਿਰਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਨਹੀ, ਸਗੋਂ ਦੂਜੀਆਂ ਕਈ ਸ਼ਾਨਾਮੱਤੀਆਂ ਸੰਸਥਾਵਾਂ ਤੇ ਪਰੰਪਰਾਵਾਂ ਦਾ ਵੀ ਘਾਣ ਕੀਤਾ ਹੈ। ਸਿੱਖਾਂ ਦੇ ਲੀਡਰ ਬਣ ਕੇ ਸਿੱਖ-ਮਾਰੂ ਤੇ ਕੌਮ ਦੀਆਂ ਜੜ੍ਹਾਂ ਵਿਚ ਤੇਲ ਦੇਣ ਦੀ ਵਿਰਾਸਤ ਹੁਣ ਅੱਗੇ ਉਸ ਦਾ ਪੁੱਤ ਤੇ ਸਾਰਾ ਕੋੜਮਾ ਸੰਭਾਲ ਰਿਹਾ ਹੈ। ਇਸ ਵਰਤਾਰੇ ਨੂੰ ਸਮਝਣ ਲਈ ਸਾਨੂੰ ਬਾਦਲਕਿਆਂ ਦੇ ਨਾਗਪੁਰੀ ਕੁਨੈਕਸ਼ਨ ਸਮੇਤ ਦਿੱਲੀ ਦਰਬਾਰ ਨਾਲ ਗੁਪਤ ਸਾਂਝ-ਭਿਆਲੀ ਦਾ ਵਿਸ਼ਲੇਸ਼ਣ ਵੀ ਕਰਨਾ ਪਵੇਗਾ।

ਪ੍ਰਕਾਸ਼ ਸਿੰਘ ਬਾਦਲ ਨੇ ਇਕ ਵਾਢਿਓਂ ਪੂਰੀ ਵਿਉਂਤਬੰਦੀ ਨਾਲ ਸਿੱਖ ਸਿਧਾਂਤਾਂ ਦੇ ਨਿਆਰੇਪਣ, ਪੰਚ ਪ੍ਰਧਾਨੀ ਪਰੰਪਰਾ, ਜੁਝਾਰੂਪਣ, ਸਿੱਖ ਸਾਹਿਤ, ਮੀਰੀ-ਪੀਰੀ, ਲੰਗਰ ਪ੍ਰਥਾ ਅਤੇ ਹਰ ਉਸ ਵਿਰਾਸਤ ਨੂੰ ਮਲੀਆਮੇਟ ਕਰਨ ਦਾ ਕੁਕਰਮ ਕੀਤਾ ਹੈ, ਜਿਸ ਦੀ ਲੋੜ ਉਸ ਦੀ ਪਿੱਠ ਉਤੇ ਖੜ੍ਹੇ ਬਿਪਰਵਾਦ ਨੂੰ ਆਪਣੇ ਮਨਸੂਬੇ ਪੂਰੇ ਕਰਨ ਲਈ ਸੀ। ਇਸ ਕੰਮ ਲਈ ਉਸ ਨੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ, ਸੰਤ ਸਮਾਜ, ਟਕਸਾਲਾਂ, ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਗੱਲ ਕੀ ਹਰ ਪੰਥਕ ਸੰਸਥਾ ਨੂੰ, ਕਿਤੇ ਖੁਦ ਕਬਜ਼ਾ ਕਰਕੇ ਤੇ ਕਿਤੇ ਇਨ੍ਹਾਂ ਸੰਸਥਾਵਾਂ ਉਤੇ ਸੱਤਾ ਤੇ ਪੈਸੇ ਦੇ ਲਾਲਚੀ ਆਗੂਆਂ ਨੂੰ ਬਿਠਾ, ਸਿੱਖ ਪੰਥ ਦੀ ਰੂਹਾਨੀ ਤੇ ਲਾਸਾਨੀ ਆਭਾ ਨੂੰ ਮੇਟਣ ਤੇ ਧੁੰਦਲਾ ਕਰਨ ਦਾ ਹਰ ਹਰਬਾ ਵਰਤਿਆ ਹੈ। ਇਹ ਕੰਮ ਕਰਨ ਬਦਲੇ ਉਸ ਨੂੰ ਬੇਸ਼ੁਮਾਰ ਦੌਲਤਾਂ, ਸ਼ੋਹਰਤਾਂ ਤੇ ਰਾਜਸੀ ਅਹੁਦਿਆਂ ਦੀ ਖਿੱਲਤ ਮਿਲਦੀ ਰਹੀ ਹੈ।

ਹੁਣ ਜਦੋਂ ਇਕ ਵਾਰ ਫਿਰ ਉਨ੍ਹਾਂ ਨੇ ਭਾਰੀ ਵਿਰੋਧ ਅਤੇ ਸੰਕਟ ਦੇ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਕਰਨ ਦਾ ਪੁਰਾਣਾ ਢੰਗ-ਤਰੀਕਾ ਹੀ ਮੁੜ ਵਰਤਿਆ ਹੈ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਪਾਰਟੀ ਅੰਦਰ ਹਾਲ ਦੀ ਘੜੀ ਜਦੋਂ ਸਭ ਕੁਝ ਬਾਦਲਾਂ ਦੇ ਕਾਬੂ ਵਿਚ ਹੈ, ਤਾਂ ਇਸ ਢੀਠਤਾਈ ਦਾ ਕੀ ਕਾਰਨ ਹੈ ? ਇਹ ਨਿਰਸੰਦੇਹ ਸਿਰਫ ਸ਼੍ਰੋਮਣੀ ਕਮੇਟੀ ਨੂੰ ਆਪਣੀ ਮੁੱਠੀ ਵਿਚ ਰੱਖਣ ਦੀ ਇਕ ਸਿਆਸੀ ਰਣਨੀਤੀ ਮਾਤਰ ਤਾਂ ਨਹੀਂ ਹੈ। ਉਹ ਤਾਂ ਪਹਿਲਾਂ ਤੋਂ ਹੀ ਉਨ੍ਹਾਂ ਦੇ ਕਬਜ਼ੇ ਵਿਚ ਹੈ। ਮੌਜੂਦਾ ਹਾਲਾਤ ਵਿਚ ਸਿਆਸੀ ਤੌਰ ‘ਤੇ ਘਾਟੇ ਵਾਲਾ ਸਮਝਿਆ ਜਾਂਦਾ ਪੈਂਤੜਾ ਵਰਤਣ ਦਾ ਸਿੱਧਾ ਕਾਰਨ ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ ਦੀ ਦੁਰਗਤੀ ਕਰਨ, ਕੌਮ ਨੂੰ ਵਾਰ-ਵਾਰ ਠਿੱਠ ਕਰਕੇ ਉਸ ਦੀ ਜ਼ੁਰਅਤ ਤੇ ਜੁਝਾਰੂਪਣ ਨੂੰ ਖੁੰਢਾ ਕਰ ਦੇਣ ਦੀ ਕੂਟਨੀਤੀ ਹੀ ਹੋ ਸਕਦੀ ਹੈ। ਸਿੱਖ ਸੰਸਥਾਵਾਂ ਉਤੇ ਚੰਗੇ ਕਿਰਦਾਰ ਵਾਲੇ ਆਗੂਆਂ ਦੀ ਨਿਯੁਕਤੀ ਦੀ ਥਾਂ ਮਾੜੇ ਕਿਰਦਾਰ ਵਾਲੇ ਲੋਕਾਂ ਦੀ ਬਹਾਲੀ ਇਸੇ ਕੜੀ ਦਾ ਹਿੱਸਾ ਹੈ।

ਇਕ ਸਮਾਂ ਉਹ ਵੀ ਸੀ ਜਦੋਂ ਗੁਰਦੁਆਰਾ ਸੁਧਾਰ ਲਹਿਰ ਇਸ ਆਸ਼ੇ ਨਾਲ ਆਰੰਭ ਹੋਈ ਸੀ ਕਿ ਨਾ ਸਿਰਫ ਆਪਣੇ ਗੁਰਧਾਮਾਂ ਦੀ ਪਵਿੱਤਰਤਾ ਨੂੰ ਹੀ ਕਾਇਮ ਰੱਖਿਆ ਜਾਏ ਸਗੋਂ ਸਮਾਜ ਅੰਦਰ ਚੰਗੀਆਂ ਰਹੁ-ਰੀਤਾਂ ਦੀ ਸਥਾਪਤੀ ਵੀ ਕੀਤੀ ਜਾਏ। ਹੁਣ ਇਕ ਵਾਰ ਮੁੜ ਇਹ ਪ੍ਰਭਾਵ ਬਣਿਆ ਹੈ ਕਿ ਗੁਰਦੁਆਰਾ ਸੁਧਾਰ ਵਾਲੀ ਭਾਵਨਾ ਦੀ ਪੁਨਰ- ਸੁਰਜੀਤੀ ਕੀਤੀ ਜਾਵੇ। ਸਮੇਂ ਦੀ ਸਿਆਸਤ ਨੇ ਸਾਡੀਆਂ ਸੰਸਥਾਵਾਂ ਨੂੰ ਭਾਰੀ ਢਾਹ ਲਗਾਈ ਹੈ। ਸ਼੍ਰੋਮਣੀ ਕਮੇਟੀ ਹੁਣ ਸਿੱਖਾਂ ਦੀ ਸੰਸਥਾ ਨਹੀਂ, ਸਗੋਂ ਬਾਦਲਕਿਆਂ ਦੇ ਰਾਜਸੀ ਆਰ-ਪਰਿਵਾਰ ਦੀ ਗੁਲਾਮ ਹੋ ਕੇ ਰਹਿ ਗਈ ਹੈ। ਸ਼੍ਰੋਮਣੀ ਕਮੇਟੀ ਹੁਣ ਉਹ ਕੁਝ ਹੀ ਕਰਦੀ ਹੈ, ਜੋ ਨਾਗਪੁਰੀ ਤਖ਼ਤ ਚਾਹੁੰਦਾ ਹੈ। ਸਿੱਖੀ ਦੀ ਥਾਂ ਬਿਪਰਵਾਦੀ ਕਰਮ-ਕਾਂਡਾਂ ਦੇ ਪ੍ਰਚਾਰ ਤੇ ਪਾਸਾਰ ਲਈ ਉਨ੍ਹਾਂ ਨੂੰ ਬਾਦਲਾਂ ਰਾਹੀਂ ਇਸ ਸੰਸਥਾ ਨੂੰ ਆਪਣੀ ਮੁੱਠੀ ਵਿਚ ਰੱਖਣ ਦੀ ਲੋੜ ਹੈ। ਕਿੰਨੀ ਭਿਆਨਕ, ਤਰਾਸਦਿਕ ਤੇ ਸ਼ਰਮ ਵਾਲੀ ਗੱਲ ਹੈ ਕਿ ਸਿੱਖਾਂ ਦੀਆਂ ਸਿਰਮੌਰ ਧਾਰਮਿਕ ਸੰਸਥਾਵਾਂ ਨੂੰ ਅਕਾਲੀ ਹੋਣ ਦਾ ਨਕਾਬ ਪਾ ਕੇ ਇਕ ਪਰਿਵਾਰ ਹੀ ਨਿਘਲਦਾ ਜਾ ਰਿਹਾ ਹੈ। ਜੇ ਸਾਡੀਆਂ ਧਾਰਮਿਕ ਸੰਸਥਾਵਾਂ ਹੀ ਦਿੱਲੀ ਤੇ ਨਾਗਪੁਰ ਦੀਆਂ ਗ਼ੁਲਾਮ ਰਹੀਆਂ, ਤਾਂ ਸਿੱਖ ਕੌਮ ਦੀ ਆਜ਼ਾਦੀ ਦਾ ਰਸਤਾ ਕਿਧਰੋਂ ਨਿਕਲੇਗਾ, ਵਿਚਾਰਨ ਵਾਲੀ ਗੱਲ ਹੈ। ਸਿੱਖੀ ਇਕ ਨਿਰਾਲੀ ਜੀਵਨ-ਜਾਚ ਤਾਂ ਹੈ ਹੀ, ਨਾਲ ਹੀ ਸਾਨੂੰ ਗੁਰੂ ਪਿਤਾ ਨੇ ਆਜ਼ਾਦੀ ਤੇ ਨਿਆਰੇਪਣ ਦੀ ਬਹਾਲੀ ਲਈ ‘ਪਾਤਸ਼ਾਹੀ ਦਾਅਵਾ’ ਵੀ ਬਖਸ਼ਿਸ਼ ਕੀਤਾ ਹੈ। ਜਮਹੂਰੀਅਤ ਦੀ ਬਹਾਲੀ ਮਹਿਜ਼ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਤਕ ਸੀਮਤ ਨਹੀਂ, ਸਗੋਂ ਇਹ ਸਾਡੇ ਸਮੁੱਚੇ ਧਾਰਮਿਕ ਤੇ ਰਾਜਸੀ ਪ੍ਰਬੰਧ ਦੀ ਜ਼ਰੂਰਤ ਬਣਨੀ ਚਾਹੀਦੀ ਹੈ। ਇਹ ਵੀ ਵਿਚਾਰਨ ਵਾਲੀ ਗੱਲ ਹੈ।

# ਲੋਕ ਸਭਾ ਚੋਣਾਂ ਮੋਦੀ ਸਰਕਾਰ ਦਾ ਕਰਨਗੀਆਂ ਲੇਖਾ-ਜੋਖਾ

**ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ ਅਤੇ ਅਰੁਣ ਸ਼ੋਰੀ ਅਤੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਸੀ.ਬੀ.ਆਈ. ਨੂੰ ਚਿੱਠੀ ਰਾਹੀਂ ਸ਼ਿਕਾਇਤ ਕੀਤੀ ਹੈ ਕਿ ਸੰਨ 2016 ਵਿਚ 36 ਰਾਫੇਲ ਜਹਾਜ਼ਾਂ ਦੇ ਸਮਝੌਤੇ ਸਮੇਂ ਅਨਿਲ ਅੰਬਾਨੀ ਦੀ ਕੰਪਨੀ ਰਿਲਾਇੰਸ ਡਿਫੈਂਸ ਲਿਮਟਿਡ ਕੋਲ ਨਾ ਤਾਂ ਡਿਫੈਂਸ ਯੂਨਿਟ ਸਥਾਪਤ ਕਰਨ ਲਈ ਜ਼ਮੀਨ ਸੀ ਅਤੇ ਨਾ ਹੀ ਉਸ ਨੂੰ ਇਸ ਸਬੰਧੀ ਕੋਈ ਲਾਇਸੰਸ ਜਾਰੀ ਕੀਤਾ ਗਿਆ ਸੀ। ਉਨ੍ਹਾਂ ਦੋਸ਼ ਲਾਉਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਰਿਲਾਇੰਸ ਡਿਫੈਂਸ ਲਿਮਟਿਡ ਨੂੰ ਦਸਾਲਟ ਏਵੀਏਸ਼ਨ ਦਾ ਸਾਂਝੀਦਾਰ ਬਣਾਉਂਦੇ ਸਮੇਂ ਇਨ੍ਹਾਂ ਜ਼ਰੂਰੀ ਮੁੱਦਿਆਂ ਵੱਲ ਧਿਆਨ ਨਹੀਂ ਦਿੱਤਾ।**

**ਨਿਤਿਆ ਚਕਰਵਰਤੀ**




ਲੋਕ ਸਭਾ ਚੋਣਾਂ ਲਈ ਕੁਝ ਕੁ ਸਮਾਂ ਬਚਿਆ ਹੈ, ਸਿਆਸੀ ਅਲੋਚਕ ਮੋਦੀ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਦੀ ਚੀਰ ਫਾੜ ਹੋ ਰਹੀ ਹੈ। ਆਉਣ ਵਾਲਾ ਦਸੰਬਰ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੀ ਪਾਰਟੀ ਭਾਜਪਾ ਲਈ ਸਭ ਤੋਂ ਅਹਿਮ ਮਹੀਨਾ ਸਾਬਤ ਹੋ ਸਕਦਾ ਹੈ। ਜੇਕਰ ਮੌਜੂਦਾ ਰੁਝਾਨ ਜਾਰੀ ਰਹੇ ਤੇ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਮਿਜ਼ੋਰਮ ਅਤੇ ਤੇਲੰਗਾਨਾ ਵਿਚ ਹੋਣ ਵਾਲੀਆਂ ਚੋਣਾਂ ਵਿਚ ਕਾਂਗਰਸ ਅਤੇ ਵਿਰੋਧੀ ਪਾਰਟੀਆਂ ਚੋਣ ਚੁਣੌਤੀ ਨੂੰ ਪਾਰ ਕਰ ਲੈਂਦੀਆਂ ਹਨ ਤਾਂ 11 ਦਸੰਬਰ ਨੂੰ ਆਉਣ ਵਾਲੇ ਨਤੀਜੇ ਭਗਵਾਂ ਪਾਰਟੀ ਲਈ ਜ਼ੋਰਦਾਰ ਝਟਕਾ ਹੋ ਸਕਦੇ ਹਨ। ਜੇਕਰ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਭਾਜਪਾ ਦੀ ਹਾਰ ਹੁੰਦੀ ਹੈ ਤਾਂ ਭਾਜਪਾ ਵਿਰੋਧੀ ਤਾਕਤਾਂ ਨੂੰ ਅਜਿਹੀ ਰਫ਼ਤਾਰ ਤੇ ਹੌਸਲਾ ਮਿਲੇਗਾ ਜਿਸ ਨਾਲ ਭਾਜਪਾ ਦੀ ਮਜ਼ਬੂਤ ਕੇਂਦਰ ਸਰਕਾਰ ਇਕ ਦਰਸ਼ਕ ਦੀ ਭੂਮਿਕਾ ਵਿਚ ਆ ਜਾਵੇਗੀ।

**ਸੀਬੀਆਈ ਦਾ ਪੰਗਾ :** ਮੌਜੂਦਾ ਸਮੇਂ, ਕੇਂਦਰੀ ਜਾਂਚ ਏਜੰਸੀ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਈ ਅੰਦਰੂਨੀ ਧੜੇਬੰਦਕ ਲੜਾਈ ਵਿਚ ਪ੍ਰਧਾਨ ਮੰਤਰੀ ਦਫ਼ਤਰ ਦੀ ਸਿੱਧੀ ਭੂਮਿਕਾ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ ਅਤੇ ਇਸ ਦੇ ਨਾਲ ਹੀ ਇਸ ਘਟਨਾਕ੍ਰਮ ਨੇ ਮੋਦੀ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗਠਜੋੜ ਦੀ ਸਰਕਾਰ ਨੂੰ ਹੁਣ ਤੱਕ ਦੇ ਆਪਣੇ ਹੇਠਲੇ ਪੱਧਰ ’ਤੇ ਵੀ ਪਹੁੰਚਾ ਦਿੱਤਾ ਹੈ। ਸੀਮਤ ਸਰਕਾਰ ਅਤੇ ਅਸੀਮਤ ਕੰਮ ਦੀ ਮਿੱਥ ਦਾ ਝੂਠ ਖਿੰਡ-ਪੁੰਡ ਗਿਆ ਹੈ। ਹੁਣ ਲੋਕਾਂ ਸਾਹਮਣੇ ਸਾਫ਼ ਹੋ ਚੁੱਕਾ ਹੈ ਕਿ ਭਾਜਪਾ ਸਰਕਾਰ ਨੇ ਸਰਕਾਰ ਤੇ ਅਰਥਚਾਰੇ ਦੇ ਭ੍ਰਿਸ਼ਟਾਚਾਰ ਨੂੰ ਸਾਹਮਣੇ ਲਿਆਉਣ ਦੀ ਬਜਾਏ ਆਪਣੇ ਰਾਜਨੀਤਕ ਹਿੱਤਾਂ ਲਈ ਏਜੰਸੀ ਦੀ ਵਰਤੋਂ ਕੀਤੀ ਹੈ। ਸੀ.ਬੀ.ਆਈ. ਦੇ ਡਾਇਰੈਕਟਰ ਨੇ ਖ਼ੁਦ ਅਦਾਲਤ ਵਿਚ ਅਪੀਲ ਦਾਇਰ ਕੀਤੀ ਕਿ ਉਸ ਦਾ ਡਿਪਟੀ, ਜਿਸ ਨੂੰ ‘ਮੋਦੀ ਐਕੋਲੇਟ’ ਵਜੋਂ ਜਾਣਿਆ ਜਾਂਦਾ ਹੈ, ਏਜੰਸੀ ਦੇ ਅੰਦਰ ਗ਼ੈਰ-ਕਾਨੂੰਨੀ ਕਾਰਵਾਈਆਂ ਕਰ ਰਿਹਾ ਹੈ। ਪ੍ਰਧਾਨ ਮੰਤਰੀ ਦੇ ਯਤਨ ਸੀ.ਬੀ.ਆਈ. ਵਿਚ ਸ਼ਾਂਤੀ ਬਹਾਲ ਕਰਨ ਵਿਚ ਅਸਫ਼ਲ ਰਹੇ। ਜਦੋਂ ਦੋਵੇਂ ਹੀ ਸੀਨੀਅਰ ਅਧਿਕਾਰੀਆਂ ਨੇ ਇਕ ਦੂਜੇ ਖਿਲਾਫ਼ ਅਦਾਲਤ ਵਿਚ ਅਪੀਲ ਕੀਤੀ ਤਾਂ ਇਹ ਜਨਤਕ ਹੋ ਗਿਆ ਕਿ ਕਿਵੇਂ ਆਪਣੇ-ਆਪ ਨੂੰ ਭ੍ਰਿਸ਼ਟਾਚਾਰ ਵਿਰੋਧੀ ਨੇਤਾ ਅਖਵਾਉਣ ਵਾਲੇ ਦੀ ਨਿਗਰਾਨੀ ਹੇਠ ਏਜੰਸੀ ਵਿਚ ਕਿਹੋ ਜਿਹੀਆਂ ਕਾਰਵਾਈਆਂ ਹੋਈਆਂ ਹਨ। ਭਾਵੇਂ ਦੋਵੇਂ ਹੀ ਅਫ਼ਸਰਾਂ ਨੂੰ ਛੁੱਟੀ ’ਤੇ ਭੇਜ ਦਿੱਤਾ ਗਿਆ ਪਰ ਇਹ ਲੜਾਈ ਲਗਾਤਾਰ ਜਾਰੀ ਹੈ।

ਇਹ ਤਾਂ ਹੁਣ ਸਾਫ਼ ਹੋ ਗਿਆ ਹੈ ਕਿ ਪ੍ਰਧਾਨ ਮੰਤਰੀ ਦੇ ਨਜ਼ਦੀਕੀ ਹੁਣ ਉੱਚੇ ਅਹੁਦਿਆਂ ’ਤੇ ਨਹੀਂ ਰਹਿ ਸਕਦੇ, ਇਸ ਦੀ ਉਦਾਹਰਨ ਅਸੀਂ ਸੀ.ਬੀ.ਆਈ. ਦੀ ਲੀਡਰਸ਼ਿਪ ਵਿਚ ਹੋਏ ਇਸ ਘਟੀਆ ਘਟਨਾਕ੍ਰਮ ਵਿਚ ਦੇਖ ਸਕਦੇ ਹਾਂ।

**ਰਾਫੇਲ ਮਾਮਲੇ ’ਚ ਫਸੀ ਮੋਦੀ ਸਰਕਾਰ :**

ਇਸ ਤੋਂ ਇਲਾਵਾ ਰਾਫੇਲ ਸਮਝੌਤੇ ਸਬੰਧੀ ਸੁਪਰੀਮ ਕੋਰਟ ਵਿਚ ਹੋਣ ਵਾਲੀ ਸੁਣਵਾਈ ਦੇ ਮੱਦੇਨਜ਼ਰ ਸਰਕਾਰ ਦੀ ਸੁਰ ਕੁਝ ਮੱਠੀ ਜਾਪਦੀ ਹੈ। ਦਾਇਰ ਕੀਤੀ ਗਈ ਅਪੀਲ ਵਿਚ ਫਰਾਂਸ ਸਰਕਾਰ ਨਾਲ ਹੋਏ 59,000 ਕਰੋੜ ਰੁਪਏ ਦੇ ਸਮਝੌਤੇ ਵਿਚ ਅਨਿਲ ਅੰਬਾਨੀ ਦੀ ਕੰਪਨੀ ਰਿਲਾਇੰਸ ਡਿਫੈਂਸ ਲਿਮਟਿਡ ਦੀ ਭੂਮਿਕਾ ’ਤੇ ਸਵਾਲ ਖੜ੍ਹੇ ਕੀਤੇ ਗਏ ਹਨ। ਮੁੱਖ ਜੱਜ ਜਸਟਿਸ ਰੰਜਨ ਗੋਗੋਈ ਦੇ ਪ੍ਰਧਾਨਗੀ ਵਾਲੇ ਬੈਂਚ ਵਲੋਂ ਸਰਕਾਰ ਤੇ ਪਟੀਸ਼ਨਰਾਂ ਦੋਵਾਂ ਵਲੋਂ ਦਰਜ ਕੀਤੇ ਦਸਤਾਵੇਜ਼ਾਂ ਦੀ ਪੜਤਾਲ ਕੀਤੀ ਜਾਵੇਗੀ, ਜਿਸ ਤੋਂ ਬਾਅਦ ਅਦਾਲਤ ਫ਼ੈਸਲਾ ਕਰੇਗੀ ਕਿ ਡਿਫੈਂਸ ਪ੍ਰੋਕਿਊਰਮੈਂਟ ਨੀਤੀ ਤਹਿਤ ਪ੍ਰਧਾਨ ਮੰਤਰੀ ਵਲੋਂ 10 ਅਪ੍ਰੈਲ 2015 ਨੂੰ ਕੀਤੇ ਗਏ ਸਮਝੌਤੇ ਵਿਚ ਸਰਕਾਰੀ ਪੱਧਰ ’ਤੇ ਬੇਨਿਯਮੀਆਂ ਹੋਈਆਂ ਹਨ ਜਾਂ ਨਹੀਂ। ਕੌਮੀ ਜਮਹੂਰੀ ਗਠਜੋੜ ਦੀ ਸਰਕਾਰ ਵਲੋਂ ਮੁੜ ਕੀਤੇ ਗਏ ਸਮਝੌਤੇ ਤਹਿਤ ਕੀਤੀਆਂ ਗਈਆਂ ਬੇਨਿਯਮੀਆਂ ਦੇ ਪਹਿਲਾਂ ਹੀ ਕਈ ਦਸਤਾਵੇਜ਼ ਸਾਹਮਣੇ ਆ ਚੁੱਕੇ ਹਨ। ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ ਅਤੇ ਅਰੁਣ ਸ਼ੋਰੀ ਅਤੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਸੀ.ਬੀ.ਆਈ. ਨੂੰ ਚਿੱਠੀ ਰਾਹੀਂ ਸ਼ਿਕਾਇਤ ਕੀਤੀ ਹੈ ਕਿ ਸੰਨ 20 16 ਵਿਚ 36 ਰਾਫੇਲ ਜਹਾਜ਼ਾਂ ਦੇ ਸਮਝੌਤੇ ਸਮੇਂ ਅਨਿਲ ਅੰਬਾਨੀ ਦੀ ਕੰਪਨੀ ਰਿਲਾਇੰਸ ਡਿਫੈਂਸ ਲਿਮਟਿਡ ਕੋਲ ਨਾ ਤਾਂ ਡਿਫੈਂਸ ਯੂਨਿਟ ਸਥਾਪਤ ਕਰਨ ਲਈ ਜ਼ਮੀਨ ਸੀ ਅਤੇ ਨਾ ਹੀ ਉਸ ਨੂੰ ਇਸ ਸਬੰਧੀ ਕੋਈ ਲਾਇਸੰਸ ਜਾਰੀ ਕੀਤਾ ਗਿਆ ਸੀ। ਉਨ੍ਹਾਂ ਦੋਸ਼ ਲਾਉਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਰਿਲਾਇੰਸ ਡਿਫੈਂਸ ਲਿਮਟਿਡ ਨੂੰ ਦਸਾਲਟ ਏਵੀਏਸ਼ਨ ਦਾ ਸਾਂਝੀਦਾਰ ਬਣਾਉਂਦੇ ਸਮੇਂ ਇਨ੍ਹਾਂ ਜ਼ਰੂਰੀ ਮੁੱਦਿਆਂ ਵੱਲ ਧਿਆਨ ਨਹੀਂ ਦਿੱਤਾ। ਇਨ੍ਹਾਂ ਆਗੂਆਂ ਨੇ ਕਿਹਾ ਕਿ ਜਨਤਕ ਖੇਤਰ ਦੀ ਕੰਪਨੀ ਹਿੰਦੁਸਤਾਨ ਪ੍ਰਾਈਵੇਟ ਲਿਮਟਿਡ, ਜਿਸ ਨੂੰ ਜਹਾਜ਼ ਬਣਾਉਣ ਦੀ ਤਕਨੀਕ ਸਬੰਧੀ 5 ਦਹਾਕਿਆਂ ਤੋਂ ਵੀ ਜ਼ਿਆਦਾ ਦਾ ਤਜਰਬਾ ਹੈ, ਨੂੰ ਇਸ ਸਮਝੌਤੇ ਤੋਂ ਬਾਹਰ ਕਰਨ ਪਿੱਛੇ ਪ੍ਰਧਾਨ ਮੰਤਰੀ ਕੀ ਤਰਕ ਦੇਣਾ ਚਾਹੁੰਦੇ ਹਨ ਅਤੇ ਪ੍ਰਧਾਨ ਮੰਤਰੀ ਵਲੋਂ ਐਲਾਨ ਕੀਤੇ ਰਾਫੇਲ ਸਮਝੌਤੇ ਤੋਂ 12 ਦਿਨ ਪਹਿਲਾਂ ਬਣੀ ਰਿਲਾਇੰਸ ਡਿਫੈਂਸ ਲਿਮਟਿਡ ਕੰਪਨੀ ਨੂੰ ਇਸ ਵਿਚ ਸ਼ਾਮਿਲ ਕਿਉਂ ਕੀਤਾ ਗਿਆ ਅਤੇ ਕਿਹੜੇ ਮਾਪਦੰਡ ਅਪਣਾਏ ਗਏ ? ਇਸ ਸਬੰਧੀ ਸਰਕਾਰ ਨੇ ਹੁਣ ਤੱਕ ਕੋਈ ਤੱਥਾਂ ਦੇ ਆਧਾਰ ’ਤੇ ਜਵਾਬ ਨਹੀਂ ਦਿੱਤਾ। ਅਜਿਹੇ ਦੋਸ਼ਪੂਰਨ ਮੁੱਦਿਆਂ ’ਤੇ ਹੁਣ ਸਰਬਉੱਚ ਅਦਾਲਤ ਨੇ ਫੈਸਲਾ ਕਰਨਾ ਹੈ। ਹੁਣ ਸਾਰਿਆਂ ਦਾ ਧਿਆਨ ਪ੍ਰਧਾਨ ਮੰਤਰੀ ਦੇ ਕੰਮਕਾਜ ਕਰਨ ਦੇ ਅੰਦਾਜ਼ ਵੱਲ ਹੋਵੇਗਾ, ਜੋ ਕਿ ਕਾਫ਼ੀ ਹੱਦ ਤੱਕ ਤਾਨਾਸ਼ਾਹੀ ਰਵੱਈਏ ਨਾਲ ਮੇਲ ਖਾਂਦਾ ਹੈ। ਜੇਕਰ ਅਦਾਲਤ ਨੇ ਸਾਰੇ ਦਸਤਾਵੇਜ਼ ਅਤੇ ਦੋਵੇਂ ਪਾਸਿਆਂ ਦੀ ਸੁਣਵਾਈ ਤੋਂ ਬਾਅਦ ਪ੍ਰਧਾਨ ਮੰਤਰੀ ਵਲੋਂ ਕੀਤੇ ਗਏ ਰਾਫੇਲ ਸਮਝੌਤੇ ਦੇ ਵਿਰੁੱਧ ਫ਼ੈਸਲਾ ਸੁਣਾਇਆ ਤਾਂ ਪ੍ਰਧਾਨ ਮੰਤਰੀ ਰਾਜਨੀਤਕ ਤੌਰ ’ਤੇ ਜ਼ਿਆਦਾ ਕਮਜ਼ੋਰ ਹੋ ਜਾਣਗੇ।

**ਭਾਰਤ ਦੀ ਅਰਥ-ਵਿਵਸਥਾ ਨਿਘਾਰ ਵੱਲ :**

ਇਨ੍ਹਾਂ ਮੁੱਦਿਆਂ ਤੋਂ ਇਲਾਵਾ, ਅਰਥ-ਵਿਵਸਥਾ ਵੀ ਹੇਠਾਂ ਨੂੰ ਆ ਰਹੀ ਹੈ। ਆਮ ਚੋਣਾਂ ਤੋਂ 6 ਮਹੀਨੇ ਪਹਿਲਾਂ ਭਾਜਪਾ ਦੇ ਨੇਤਾ ਹੁਣ ਨਰਿੰਦਰ ਮੋਦੀ ਵਲੋਂ ਸੰਨ 2014 ਦੀਆਂ ਲੋਕ ਸਭਾ ਚੋਣਾਂ ਸਮੇਂ ‘ਅੱਛੇ ਦਿਨ’ ਦੇ ਕੀਤੇ ਵਾਅਦੇ ਦਾ ਜ਼ਿਕਰ ਕਰਨ ਦਾ ਹੌਸਲਾ ਵੀ ਨਹੀਂ ਕਰ ਰਹੇ। ਪ੍ਰਚੂਨ ਦੀ ਮਹਿੰਗਾਈ ਏਨੀ ਜ਼ਿਆਦਾ ਹੋ ਗਈ ਹੈ ਕਿ ਮੱਧ ਵਰਗ ਜੋ ਕਿ ਬੱਝੀ ਤਨਖਾਹ ’ਤੇ ਗੁਜ਼ਾਰਾ ਕਰਦਾ ਹੈ, ਨੂੰ ਆਪਣੇ ਰੋਜ਼ਮਰ੍ਹਾ ਦੇ ਖਰਚੇ ਚਲਾਉਣੇ ਮੁਸ਼ਕਿਲ ਹੋ ਰਹੇ ਹਨ। ਦਾਲਾਂ, ਸਬਜ਼ੀਆਂ ਦੇ ਭਾਅ ਤਾਂ ਬਹੁਤ ਜ਼ਿਆਦਾ ਹਨ ਪਰ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦਾ ਬਣਦਾ ਮੁੱਲ ਅਤੇ ਗੰਨੇ ਵਰਗੀਆਂ ਫ਼ਸਲਾਂ ਦਾ ਬਕਾਇਆ ਵੀ ਅਦਾ ਨਹੀਂ ਕੀਤਾ ਜਾ ਰਿਹਾ। ਕਿਸੇ ਯੋਜਨਾਬੱਧ ਨੀਤੀ ਦੀ ਗ਼ੈਰ-ਮੌਜੂਦਗੀ ਕਾਰਨ ਖੇਤੀ ਸਬੰਧੀ ਉਨ੍ਹਾਂ ਵਿਚ ਨਿਰਾਸ਼ਾ ਪੈਦਾ ਹੋ ਰਹੀ ਹੈ। ਨਿਵੇਸ਼ ਦੀ ਮਾੜੀ ਹਾਲਤ ਕਾਰਨ ਸਨਅਤ ਵੀ ਖਸਤਾ ਹਾਲ ਵਿਚ ਹੈ। ਰੁਜ਼ਗਾਰ ਪੈਦਾ ਕਰਨ ਦੇ ਵਸੀਲੇ ਗੜਬੜਾ ਚੁੱਕੇ ਹਨ। ਮੋਦੀ ਸਰਕਾਰ ਵਲੋਂ ਨੋਟਬੰਦੀ, ਵਸਤੂ ਤੇ ਸੇਵਾ ਕਰ ਨੂੰ ਬਿਨਾਂ ਵਿਚਾਰੇ ਲਾਗੂ ਕਰਨਾ ਅਤੇ ਰੁਜ਼ਗਾਰ ਰਹਿਤ ਪ੍ਰੋਗਰਾਮਾਂ ਦੇ ਵਿਕਾਸ ਨੇ ਆਰਥਿਕਤਾ ਨੂੰ ਮਜ਼ਬੂਤੀ ਦੇਣ ਵਾਲੇ ਉਦਯੋਗਾਂ ਦੀ ਹਾਲਤ ਬਹੁਤ ਜ਼ਿਆਦਾ ਖਸਤਾ ਕਰ ਦਿੱਤੀ ਹੈ। ਕੌਮੀ ਜਮਹੂਰੀ ਗਠਜੋੜ ਦੀ ਸਰਕਾਰ ਆਪਣੇ ਆਖਰੀ ਵਰ੍ਹੇ ਵਿਚ ਗਲੇ ਤੱਕ ਸੰਕਟ ਵਿਚ ਘਿਰੀ ਹੋਈ ਹੈ। ਵਿਰੋਧੀ ਧਿਰ ਲਈ ਜ਼ਮੀਨ ਤਿਆਰ ਹੈ। ਕਾਂਗਰਸ ਅਤੇ ਵਿਰੋਧੀਆਂ ਪਾਰਟੀਆਂ ਨੂੰ ਹੁਣ ਸਿਰਫ਼ ਇਕੱਠਿਆਂ ਹੋਣ ਦੀ ਜ਼ਰੂਰਤ ਹੀ ਹੈ, ਜੇਕਰ ਉਨ੍ਹਾਂ ਨੇ ਸੰਨ 2019 ਦੀਆਂ ਲੋਕ ਸਭਾ ਚੋਣਾਂ ਵਿਚ ਮੋਦੀ ਸਰਕਾਰ ਨੂੰ ਜ਼ਬਰਦਸਤ ਢੰਗ ਨਾਲ ਬਾਹਰ ਦਾ ਰਸਤਾ ਦਿਖਾਉਣਾ ਹੈ। ਉਹ ਇਸ ਮੌਕੇ ਨੂੰ ਆਪਣੇ ਹੀ ਸੰਕਟ ਦੇ ਕਾਰਨ ਹੀ ਗੁਆ ਸਕਦੇ ਹਨ।

# ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਨੂੰ ਅਜ਼ਾਦ ਕਿਵੇਂ ਕਰਾਇਆ ਜਾਵੇ ?

**ਡਾ. ਬਲਕਾਰ ਸਿੰਘ (ਪਟਿਆਲਾ)**



ਕਾਫੀ ਦੇਰ ਤੋਂ ਸਿੱਖ ਸਿਆਸਤ ਅਜਿਹੇ ਸਿਆਸੀ ਪੈਂਤੜਿਆਂ ਦੀ ਸ਼ਿਕਾਰ ਹੋ ਗਈ ਹੈ ਕਿ ਸਿੱਖ ਸਿਆਸਤ ਦਾ ਹਰ ਧੜਾ ਅਕਾਲ ਤਖ਼ਤ ਸਾਹਿਬ ਦੀ ਆੜ ਵਿੱਚ ਕੋਈ ਨਾ ਕੋਈ ਸਿਆਸੀ ਸ਼ਿਕਾਰ ਕਰਨ ਲਈ ਘਾਤ ਲਾਈ ਬੈਠਾ ਲੱਗਣ ਲੱਗ ਪਿਆ ਹੈ। ਇਸ ਕਿਸਮ ਦੇ ਸਿਆਸੀ ਪੈਂਤੜਿਆਂ ਵਿੱਚ ਕੁੱਝ ਵੀ ਗੁਰਮਤਿ ਮੁਤਾਬਕ ਨਜ਼ਰ ਨਹੀਂ ਆਉਂਦਾ। ਪਹਿਲਾਂ ਤਾਂ ਧੜੇ ਵਿੱਚ ਖਲੋ ਕੇ ਗੱਲ ਕਰਨਾ ਫਿਰ ਤਖ਼ਤ ਦੀ ਬਦਨੀਤੀ ਨਾਲ ਆੜ ਲੈਣਾ ਅਤੇ ਆਪਣੀ ਪੀਹੜੀ ਹੇਠ ਸੋਟਾ ਮਾਰੇ ਬਗੈਰ ਹੀ ਵਿਅਕਤੀ ਦੇ ਸੱਚ ਨੂੰ ਪੰਥਕ ਸੱਚ ਐਲਾਨਣ ਦੀ ਵਧੀਕੀ ਕਰਨ ਨੂੰ ਸਿੱਖ ਸਿਆਸਤ ਸਮਝ ਲਿਆ ਗਿਆ ਹੈ। ਕਿਉਂਕਿ ਇਹ ਸਾਰੇ ਸਵਾਲ ਗਲਤ ਹਨ ਇਸ ਲਈ ਇਨ੍ਹਾਂ ਦੇ ਠੀਕ ਜੁਆਬਾਂ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਸੋ ਮੂਲ ਮਸਲਾ ਇਹ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੀ ਸੰਸਥਾ ਨੂੰ ਲਾਗਾਤਾਰ ਅਪਹਰਣ ਹੋ ਜਾਣ ਦੀਆਂ ਸੰਭਾਵਨਾਵਾਂ ਤੋਂ ਕਿਵੇਂ ਬਚਾਇਆ ਜਾਵੇ? ਕਿਉਂਕਿ ਇਹ ਸਿਆਸਤ ਕਰਕੇ ਵਾਪਰਿਆ ਹੈ, ਇਸ ਲਈ ਸਿਆਸਤਦਾਨਾਂ ਦੇ ਸਹਿਯੋਗ ਨਾਲ ਤਾਂ ਕਥਿਤ ਬਚਾਉਣ ਨਹੀਂ ਕੀਤਾ ਜਾ ਸਕਦਾ। ਕਾਰਨ ਇਹ ਹੈ ਕਿ ਜਥੇਦਾਰੀ ਦੀ ਸੰਸਥਾ ਨੂੰ ਜੋ ਮਾਨਤਾ ਸਿੱਖ ਮਾਨਸਿਕਤਾ ਵੱਲੋਂ ਸੁੱਤੇ ਹੀ ਪ੍ਰਾਪਤ ਹੈ, ਓਸੇ ਦਾ ਸਿਆਸੀ ਲਾਹਾ ਲੈਣ ਲਈ ਸਿੱਖ ਸਿਆਸਤਦਾਨ ਜਥੇਦਾਰੀ ਦੀ ਸੰਸਥਾ ਦੀ ਬਲੀ ਦੇਣ ਤੱਕ ਜਾਂਦੇ ਰਹੇ ਹਨ, ਜਾ ਵੀ ਰਹੇ ਹਨ ਅਤੇ ਜਾ ਵੀ ਸਕਦੇ ਹਨ।

ਸਿਆਸਤ ਦੇ ਬੋਲ-ਬਾਲੇ ਵਾਲੀ ਮੌਜੂਦਾ ਸਥਿਤੀ ਵਿੱਚ ਇਸ ਨੂੰ ਰੋਕ ਸਕਣਾ ਅਸੰਭਵ ਹੋਇਆ ਪਿਆ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ, ਪਰ ਤੁਰੰਤ ਕਾਰਨ ਇਹ ਮੰਨਿਆ ਜਾ ਸਕਦਾ ਹੈ ਕਿ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ, ਪਰਸਪਰ ਸਹਿਯੋਗੀ ਸੰਸਥਾਵਾਂ ਹੋਣ ਦੇ ਬਾਵਜੂਦ ਸੁਤੰਤਰ ਸੰਸਥਾਵਾਂ ਹਨ। ਇਨ੍ਹਾਂ ਦੀਆਂ ਸੀਮਾ ਰੇਖਾਂਵਾਂ ਵੀ ਮੌਜੂਦ ਹਨ ਪਰ ਸਿਆਸੀ ਗਰਜਾਂ ਲਈ ਸਿਆਸਤਦਾਨ, ਇਹ ਸੀਮਾ ਰੇਖਾਂਵਾਂ ਮਿਟਾਉਣ ਵਿੱਚ ਸਫਲ ਹੋ ਗਏ ਹਨ। ਹਾਲਤ ਇਹ ਹੋ ਗਈ ਹੈ ਕਿ ਇਸ ਵਧੀਕੀ ਦੀ ਸਿਆਸਤ ਨੂੰ ਮੀਰੀ-ਪੀਰੀ ਦੀ ਨਿਰੰਤਰਤਾ ਵਿੱਚ ਕੀਤੀ ਜਾ ਰਹੀ ਪੰਥਕ ਸਿਆਸਤ ਐਲਾਨਿਆ ਜਾ ਰਿਹਾ ਹੈ। ਹਾਲਾਂਕਿ ਉੱਪਰ ਦੱਸੀਆਂ ਗਈਆਂ ਸੀਮਾਵਾਂ, ਸਿੱਖ ਸਿਧਾਤਾਂ ਦੇ ਅੰਤਰਗਤ ਹੀ ਮਿੱਥੀਆਂ ਗਈਆਂ ਸਨ। ਮੇਰਾ ਵਿਸ਼ਵਾਸ ਹੈ ਕਿ ਇਸ ਬਾਰੇ ਕਿਸੇ ਵੀ ਚੇਤੰਨ-ਸਿੱਖ ਨੂੰ ਕੋਈ ਭੁਲੇਖਾ ਵੀ ਨਹੀਂ ਹੈ। ਪਰ ਏਨਾਂ ਤਾਂ ਸਪੱਸ਼ਟ ਹੈ ਕਿ ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਕਰਮ ਖੇਤਰ ਸੁਤੰਤਰ ਰੂਪ ਵਿੱਚ ਨਿਸ਼ਚਿਤ ਵੀ ਹੈ ਅਤੇ ਇਸੇ ਲਈ ਪਰਸਪਰ-ਸਹਿਯੋਗ ਦੇ ਬਾਵਜੂਦ ਵੱਖਰਾ ਵੀ ਹੈ। ਅਕਾਲੀ ਦਲ ਨੂੰ ਕਿਉਂਕਿ ਦੇਸ਼ ਦੀ ਧਰਮ ਨਿਰਪੇਖ ਸਿਆਸਤ ਦੇ ਬੰਧਨ ਵਿੱਚ ਹੀ ਚਲਾਇਆ ਜਾ ਸਕਦਾ ਹੈ, ਇਸ ਲਈ ਇਸ ਨੂੰ ਜਿੰਨੀ ਛੇਤੀ ਪੰਥਕ ਬੰਧਨਾਂ ਦੀ ਕਥਿਤ ਪਾਬੰਦੀ ਤੋਂ ਮੁਕਤ ਕਰ ਦਿੱਤਾ ਜਾਵੇ ਚੰਗਾ ਹੀ ਹੈ। ਅਕਾਲੀ ਦਲ ਨੂੰ ਪੰਥਕ ਰੱਖਣ ਦੀ ਬਹੁਤ ਕੀਮਤ ਦਿੱਤੀ ਜਾ ਚੁੱਕੀ ਹੈ। ਜਿਹੜੀ ਸਿਆਸੀ ਪਾਰਟੀ ਨੂੰ ਗੈਰ ਸਿੱਖ ਵੋਟਰਾਂ ਵੱਲ ਵੇਖਣਾ ਪਵੇ, ਉਸ ਨੂੰ ਪੰਥਕ ਕਿਵੇਂ ਰੱਖਿਆ ਜਾ ਸਕਦਾ ਹੈ? ਬਾਕੀ ਦੋਵੇਂ ਸੰਸਥਾਵਾਂ ਕਿਵੇਂ ਵੀ ਅਪੰਥਕ ਹੋ ਹੀ ਨਹੀਂ ਸਕਦੀਆਂ। ਅਕਾਲੀ ਦਲ ਦੇ ਪੰਥਕ ਹੋਣ ਦੇ ਫਾਇਦੇ ਤੇ ਨੁਕਸਾਨ ਦਾ ਜੇ ਲੇਖਾ ਜੋਖਾ ਕੀਤਾ ਜਾਵੇ ਤਾਂ ਨੁਕਸਾਨਾਂ ਦਾ ਪਲੜਾ ਬਹੁਤ ਭਾਰੀ ਨਜ਼ਰ ਆਏਗਾ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਹੈ ਕਿ ਅਕਾਲੀ ਸਿਆਸਤ ਦਾ ਹਿਤ ਪਾਲਣ ਲਈ ਸ਼੍ਰੋਮਣੀ ਕਮੇਟੀ, ਕਾਬਜ ਅਕਾਲੀ ਧੜੇ ਦਾ ਹਿੱਸਾ ਹੋ ਜਾਣ ਦੀ ਮਜ਼ਬੂਰੀ ਹੰਢਾ ਰਹੀ ਹੈ ਅਤੇ ਅਕਾਲ ਤਖ਼ਤ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਮੁਤਾਬਕ ਚਲਣ ਲਈ ਮਜ਼ਬੂਰ ਹੋਣਾ ਪੈ ਰਿਹਾ। ਨਾ ਚੱਲਣ ਦੀ ਹਾਲਤ ਵਿੱਚ ਜੋ ਕੁੱਝ ਹੋ ਸਕਦਾ ਹੈ, ਉਸੇ ਸਮੱਸਿਆ ਦੇ ਸਾਰੇ ਸਿੱਖ ਸਨਮੁੱਖ ਹਨ ਅਤੇ ਇਸੇ ਨੂੰ ਇੱਥੇ ਵੰਗਾਰ ਕਿਹਾ ਜਾ ਰਿਹਾ ਹੈ।

ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ ਸਿਆਸਤਦਾਨਾਂ ਦੀ ਦਿਲਚਸਪੀ ਪੰਥਕ ਹੱਲ ਲਭੇ ਜਾਣ ਵਿੱਚ ਵੀ ਨਜ਼ਰ ਨਹੀਂ ਆਉਂਦੀ। ਉਨ੍ਹਾਂ ਦਾ ਸਾਰਾ ਜੋਰ ਇਸ ਗੱਲ ਤੇ ਲੱਗਿਆ ਹੋਇਆ ਨਜ਼ਰ ਆ ਰਿਹਾ ਹੈ ਕਿ ਵਿਰੋਧੀ ਧੜੇ ਨੂੰ ਮਾਤ ਦੇਣ ਦੀ ਸਿਆਸਤ ਵਾਸਤੇ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਕਿਵੇਂ ਵਰਤਿਆ ਜਾਵੇ। ਇਸੇ ਲਈ ਉਨ੍ਹਾਂ ਦੀ ਮਰਜ਼ੀ ਦੇ ਉਲਟ ਕੀਤਾ ਹੋਇਆ ਕੋਈ ਵੀ ਫੈਸਲਾ ਉਨ੍ਹਾਂ ਨੂੰ ਕਤਈ ਮਨਜ਼ੂਰ ਨਹੀਂ ਹੋਵੇਗਾ। ਧਰਮ ਨਿਰਪੇਖ ਅਤੇ ਲੋਕ ਤੰਤ੍ਰਿਕ ਵਰਤਮਾਨ ਵਰਤਾਰੇ ਵਿੱਚ ਪੰਥਕ ਫੈਸਲਾ ਮੰਨਵਾਏ ਜਾਣ ਦਾ ਕਿੰਤੂ ਮੁਕਤ ਤਰੀਕਾ ਸੰਭਵ ਹੀ ਨਹੀਂ ਹੈ। ਇਹ ਕਿਸੇ ਮਜ਼ਬੂਰੀ ਜਾਂ ਭੁਲੇਖੇ ਕਰਕੇ ਨਹੀਂ ਹੈ, ਸਗੋਂ ਇਸ ਕਰਕੇ ਹੈ ਕਿ ਜਥੇਦਾਰੀ ਦੀ ਸੰਸਥਾ ਉਸ ਤਰ੍ਹਾਂ ਕੋਈ ਅਧਿਕਾਰਤ ਜਾਂ ਅਧਿਕਾਰਯੁਕਤ ਸੰਸਥਾ ਹੀ ਨਹੀਂ ਹੈ, ਜਿਵੇਂ ਕਿਸੇ ਕਾਨੂੰਨੀ ਜਾਂ ਸੰਵਿਧਾਨਕ ਪਦਵੀ ਜਾਂ ਸੰਸਥਾ ਹੋ ਸਕਦੀ ਹੈ। ਇਸੇ ਲਈ ਇਸ ਪਦਵੀ ਨੂੰ ਜੇ ਪਦਵੀ ਕਿਹਾ ਵੀ ਜਾਵੇ ਤਾਂ ਵੀ ਇਹ ਪੰਥਕ ਪ੍ਰਸੰਗ ਵਿੱਚ ਕਿਸੇ ਸਥਾਪਤ ਬਾਡੀ ਵੱਲੋਂ ਦਿੱਤੇ ਹੋਏ ਅਧਿਕਾਰਾਂ ਦੀ ਸੀਮਾ ਵਿੱਚ ਪਰਵਾਨ ਨਹੀਂ ਕੀਤੀ ਜਾ ਸਕਦੀ। ਇਉਂ ਇਹ ਸੰਸਥਾ ਨੈਤਿਕਤਾ ਦੇ ਘੇਰੇ ਵਿੱਚ ਵੱਧ ਤੋਂ ਵੱਧ ਕਰਤੱਵ ਮੂਲਕ ਸੰਸਥਾ ਹੀ ਕਹੀ ਜਾ ਸਕਦੀ ਹੈ। ਇਸ ਜ਼ਿੰਮੇਵਾਰੀ ਨੂੰ ਜੋ ਪੰਥਕ ਨਹੀਂ ਹੈ, ਉਸ ਨੂੰ ਪੰਥਕ ਬਨਾਉਣ ਦੀ ਮਜਬੂਰੀ ਵਿੱਚ ਉਲਝਾਉਣ ਦੀ ਥਾਂ ਜੋ ਪੰਥਕ ਹੈ, ਉਸ ਨੂੰ ਪੰਥਕ ਤਾਜ਼ਗੀ ਨਾਲ ਜੋੜੀ ਰੱਖਣ ਵੱਲ ਤੋਰਨਾ ਚਾਹੀਦਾ ਹੈ। ਪੰਥਕ ਤਾਂ ਕਿਸੇ ਵੀ ਸਿਆਸੀ ਪਾਰਟੀ ਵਿੱਚ ਰਹਿ ਕੇ ਹੋਇਆ ਜਾ ਸਕਦਾ ਹੈ। ਭਾਰਤ ਦਾ ਵਿਧਾਨ ਇਸ ਦੀ ਆਗਿਆ ਵੀ ਦਿੰਦਾ ਹੈ। ਬਹੁਤ ਸਾਰੇ ਸਿੱਖ ਸਿਆਸਤਦਾਨਾਂ ਨੇ ਇਸ ਪਾਸੇ ਕੋਸ਼ਿਸ਼ ਕੀਤੀ ਵੀ ਹੈ, ਕਰ ਵੀ ਰਹੇ ਹਨ ਅਤੇ ਕਰਦੇ ਰਹਿਣ ਦੀ ਸੰਭਾਵਨਾ ਵੀ ਹੈ। ਅਕਾਲੀ ਸਿਆਸਤਦਾਨ ਨੂੰ ਇਹ ਰਾਹ ਬੰਦ ਕਰਨ ਵਿੱਚ ਤੁਰੰਤ ਲਾਹਾ ਨਜ਼ਰ ਆਉਂਦਾ ਹੈ ਅਤੇ ਇਹ ਲਾਹਾ ਲੈਣ ਵਿੱਚ ਉਹ ਕਾਫੀ ਹੱਦ ਤੱਕ ਸਫਲ ਵੀ ਹੋ ਗਏ ਹਨ। ਇਹ ਰਾਹ ਖੁੱਲ੍ਹਾ ਰੱਖਣ ਦੀ ਬਹੁਤ ਲੋੜ ਹੈ ਅਤੇ ਅਜਿਹਾ ਕਰਨ ਲਈ ਜਥੇਦਾਰੀ ਦੀ ਸੰਸਥਾ ਨੂੰ ਧੜਿਆਂ ਨਾਲ ਧੜਾ ਹੋਣ ਤੋਂ ਗੁਰੇਜ਼ ਜਾਂ ਇਨਕਾਰ ਕਰਕੇ, ਪੰਥਕ ਰੰਗ ਵਿੱਚ ਵਿਚਰਨ ਦਾ ਪ੍ਰਗਟਾਵਾ ਕਰਨਾ ਪਵੇਗਾ। ਜਿਸ ਕਿਸਮ ਦੀ ਇਸ ਪਾਸੇ ਕੋਸ਼ਿਸ਼ ਕੀਤੀ ਜਾ ਸਕਦੀ ਹੈ, ਅਤੇ ਜਿਵੇਂ ਵੀ ਇਸ ਪਾਸੇ ਤੁਰਿਆ ਜਾ ਸਕਦਾ ਹੈ ਓਸੇ ਨੂੰ ਇੱਥੇ ਪੰਥਕ ਨੈਤਿਕਤਾ ਕਿਹਾ ਜਾ ਰਿਹਾ ਹੈ। ਇਹੋ ਜਿਹੀ ਚੇਤਨਾ ਤੋਂ ਮਹਿਰੂਮ 'ਜਥੇਦਾਰਾਂ' ਨੇ ਪੰਥਕ ਹੋਣ ਦੀ ਅਸਮਰੱਥਾ ਨੂੰ ਸਿਆਸੀ ਹੋਣ ਦੀ ਸੌਖ ਨਾਲ ਸਰਚਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਕੀਤੀਆਂ ਹਨ। ਇਸੇ ਲਈ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਦਾ ਉਹ ਸੁਤੰਤਰ ਸਥਾਪਨ ਨਹੀਂ ਹੋ ਸਕਿਆ ਜੋ ਅਸਲ ਸੀ ਅਤੇ ਜਿਸ ਦੀ ਬਹੁਤ ਲੋੜ ਸੀ ਤੇ ਹੈ ਵੀ। ਇਸ ਸਥਿਤੀ ਵਾਸਤੇ ਜੇ ਕਿਸੇ ਧਿਰ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਲੋੜ ਪੈ ਜਾਵੇ ਤਾਂ ਸਿੱਖ ਸਿਆਸਤਦਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਪਰ ਇਸ ਤੋਂ ਜਿੱਥੋਂ ਤੱਕ ਹੋ ਸਕੇ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਸ ਦੇ ਨੁਕਸਾਨ ਹੀ ਨੁਕਸਾਨ ਹਨ।

ਦੁਨੀਆ ਵਿੱਚ ਜੋ ਭੂਮਿਕਾ ਸਿੱਖ ਧਰਮ ਚਿੰਤਨ ਨੂੰ ਨਿਭਾਉਣੀ ਚਾਹੀਦੀ ਸੀ, ਉਹ ਕਈ ਹੋਰ ਕਾਰਨਾਂ ਕਰਕੇ ਵੀ ਅਤੇ ਇਸ ਕਰਕੇ ਵੀ ਨਹੀਂ ਨਿਭਾਈ ਜਾ ਸਕੀ, ਕਿਉਂਕਿ ਅਸਮਰੱਥਾ ਨੂੰ ਸਮਰੱਥਾ ਸਮਝ ਲੈਣ ਦੇ ਭਰਮ ਨੇ ਸਿੱਖ ਰੋਲ ਮਾਡਲ ਤਾਂ ਗੁਆ ਹੀ ਲਿਆ ਹੈ। ਇਸ ਵਿੱਚ ਵਾਧਾ ਇਹ ਹੋ ਗਿਆ ਹੈ ਕਿ ਸਿੱਖ ਲੀਡਰਸ਼ਿਪ ਦੀ ਸੰਤੁਸ਼ਟੀ ਨਾਲ ਆਮ ਸਿੱਖ ਨੂੰ ਸੰਤੁਸ਼ਟ ਹੋਣ ਦੀ ਮਜ਼ਬੂਰੀ ਹੰਢਾਉਣੀ ਪੈ ਰਹੀ ਹੈ। ਇਹ ਆਮ ਸਿੱਖਾਂ ਅੰਦਰ ਗਿਆਨ ਅਤੇ ਬਿਬੇਕ ਦੇ ਮੁੱਦਿਆਂ ਵੱਲ ਪਿੱਠ ਹੋ ਜਾਣ ਕਰਕੇ ਵੀ ਵਾਪਰਿਆ ਹੈ। ਇਸ ਉੱਤੇ ਪਹਿਰਾ ਦੇਣ ਅਤੇ ਦੁਆਉਣ ਦੀ ਭੂਮਿਕਾ ਦਾ ਬਿਰਦ ਅਕਾਲ ਤਖ਼ਤ ਸਾਹਿਬ ਵੱਲੋਂ ਪਾਲੇ ਜਾਣ ਦੇ ਰਸਤੇ ਬੰਦ ਹੋ ਗਏ ਜਾਪਦੇ ਹਨ। ਮਸਲਿਆਂ ਨੂੰ ਮਸਲਿਆਂ ਦੇ ਪ੍ਰਸੰਗ ਵਿੱਚ ਹੀ ਸੁਲਝਾਇਆ ਜਾ ਸਕਦਾ ਹੈ। ਇਕ ਪ੍ਰਤੀਸ਼ਤ ਤੋਂ ਵੀ ਘੱਟ ਸਿੱਖ, ਸਿਆਸਤ ਵਿੱਚ ਹਨ। ਵੱਡੀ ਬਹੁਗਿਣਤੀ ਦੀ ਕੁਰਬਾਨੀ, ਅਲਪ ਸੰਖਿਅਕ ਸਿਆਸਤਦਾਨਾਂ ਲਈ ਕਿਉਂ ਦਿੱਤੀ ਜਾ ਰਹੀ ਹੈ, ਇਸ ਬਾਰੇ ਸੋਚਣ ਦੀ ਵਿਹਲ ਜਾਂ ਹਿੰਮਤ ਕਿਸ ਕੋਲ ਹੈ? ਸਿਆਸੀ ਮਾਇਆ ਜਾਲ ਨਾਲ ਪੈਦਾ ਹੋ ਜਾਣ ਵਾਲੀਆਂ ਸੰਭਾਨਵਾਂ ਨਾਲ ਤਾਂ ਸਿੱਖੀ ਦੀ ਇਕਸੁਰਤਾ, ਸਿਧਾਂਤਕ ਦ੍ਰਿਸ਼ਟੀ ਤੋਂ ਸੰਭਵ ਹੀ ਨਹੀਂ ਹੈ। ਸਿਆਸਤ ਤਾਂ ਕਿਸੇ ਨਾ ਕਿਸੇ ਰੂਪ ਵਿੱਚ ਈਜਾਰੇਦਾਰੀ ਹੀ ਹੈ। ਪਰ ਸਿੱਖੀ ਤਾਂ ਸੱਚ ਦੀ ਈਜਾਰੇਦਾਰੀ ਨਾਲ ਵੀ ਨਿਭਣ ਦੀ ਆਗਿਆ ਨਹੀਂ ਦਿੰਦੀ। ਇਉਂ ਈਜਾਰੇਦਾਰੀ ਦੀ ਸਿਆਸਤ ਨਾਲ ਪੰਥ ਅਤੇ ਪੰਥ ਦੇ ਵਾਰਸਾਂ ਦਾ ਸਮਾਨਾਂਤਰਤਾ ਵਿੱਚ ਆ ਜਾਣਾ ਕੁਦਰਤੀ ਹੈ। ਇਹ "ਕੀਚੜ ਫਾਥੇ" ਵਰਗੀ ਖੜੋਤ ਹੈ। ਇਸ ਵਿੱਚੋਂ ਸੁਜੱਗਤਾ ਨਾਲ ਹੀ ਨਿਕਲਿਆ ਜਾ ਸਕਦਾ ਹੈ। ਇਸ ਪਾਸੇ ਤੁਰਨ ਦੀ ਲੋੜੀਂਦੀ ਅਗਵਾਈ ਜੇ ਜਥੇਦਾਰੀ ਸੰਸਥਾ ਰਾਹੀਂ ਚਿਤਵਣੀ ਹੋਵੇ ਤਾਂ ਇਸ ਵਾਸਤੇ ਸੁਝਾਅ ਇਸ ਪ੍ਰਕਾਰ ਹੋ ਸਕਦੇ ਹਨ :

* ਸਿੱਖ ਮਾਨਸਿਕਤਾ ਦੀ ਰਾਏ ਜਾਣਨ ਵਾਸਤੇ ਸੰਗਤੀ ਜੁਗਤਿ ਦੀ ਵਰਤੋਂ ਕਰਦਿਆਂ ਦਰਪੇਸ਼ ਸਿਆਸੀ ਮਸਲੇ ਨਾਲ ਸਬੰਧਿਤ ਸਿੱਖ ਲੀਡਰਾਂ ਅਤੇ ਸਿੱਖ ਸੰਗਤ ਨੂੰ ਇਕੱਠਿਆਂ ਇਕੋ ਵੇਲੇ ਅਕਾਲ ਤਖ਼ਤ ਸਾਹਿਬ ਉੱਤੇ ਸੱਦਾ ਦੇਣਾ ਚਾਹੀਦਾ ਹੈ। ਮਸਲੇ ਦਾ ਐਲਾਨ ਜਥੇਦਾਰ ਅਕਾਲ ਤਖ਼ਤ ਸਾਹਿਬ ਹੀ ਕਰੇ। ਮਸਲੇ ਨਾਲ ਸਬੰਧਿਤ ਲੀਡਰਾਂ ਨੂੰ ਵਾਰੀ-ਵਾਰੀ ਸੰਗਤ ਸਾਹਮਣੇ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇ। ਫਿਰ ਹਾਜ਼ਰ ਸਿੱਖਾਂ ਤੋਂ ਲਿਖਤੀ ਸੁਆਲ ਮੰਗੇ ਜਾਣ। ਉਨ੍ਹਾਂ ਸੁਆਲਾਂ ਦੇ ਉੱਤਰ ਦੇਣ ਦਾ ਸਬੰਧਿਤ ਲੀਡਰਾਂ ਨੂੰ ਮੌਕਾ ਦਿੱਤਾ ਜਾਵੇ। ਪੰਜ ਸਿੰਘ ਸਾਹਿਬਾਨ ਸਰਪ੍ਰਸਤਾਂ ਵਾਂਗ ਸਭ ਕੁੱਝ ਸੁਣਨ ਅਤੇ ਫਿਰ ਸਬੰਧਿਤ ਲੀਡਰਾਂ ਨੂੰ ਵਿੱਚ ਬੈਠਾ ਕੇ ਦਰਪੇਸ਼ ਮਸਲੇ ਬਾਰੇ ਸਰਬਸੰਮਤੀ ਬਣਾਉਣ ਦੀ ਕੋਸ਼ਿਸ਼ ਕਰਨ। ਜੇ ਸਰਬਸੰਮਤੀ ਨਾ ਹੋਵੇ ਤਾਂ ਪੰਜ ਸਿੰਘ ਸਾਹਿਬਾਨ ਨਿਰਣੈ ਜ਼ਰੂਰ ਲੈਣ। ਪਰ ਇਸ ਨਿਰਣੈ ਨੂੰ ਤਨਖਾਹ ਲਾ ਕੇ ਨਿਪਟਾਉਣ ਜਾਂ ਹੁਕਮਨਾਮੇ ਰਾਹੀਂ ਮੰਨਵਾਉਣ ਦੀ ਥਾਂ ਸਿੰਘ ਸਾਹਿਬਾਨ ਦੀ ਰਾਇ ਨੂੰ ਸਮੂਹ ਸਿੱਖਾਂ ਤੱਕ ਕਿਸੇ ਵੀ ਸੰਭਵ ਵਿਧੀ ਰਾਹੀਂ ਪਹੁੰਚਾ ਦੇਣ। ਇਸ ਨਾਲ ਸਿੱਖ ਆਪੇ ਹੀ ਫੈਸਲਾ ਕਰ ਲੈਣਗੇ ਕਿ ਉਨ੍ਹਾਂ ਨੇ ਕਿਸ ਲੀਡਰ ਦਾ ਸਾਥ ਦੇਣਾ ਹੈ ਅਤੇ ਜਥੇਦਾਰਾਂ ਦੀ ਰਾਇ ਦਾ ਕਿੰਨਾ ਕੁ ਮਾਣ ਰੱਖਣਾ ਹੈ। ਇਹ ਮਾਰਗ ਸੰਗਤ ਦੇ ਖਾਲਸਾ ਹੋ ਸਕਣ ਦਾ ਮਾਰਗ ਹੋਵੇਗਾ। ਇਹ ਸਰਬੱਤ ਖਾਲਸਾ ਦਾ ਬਦਲ ਪੈਦਾ ਕਰਨ ਵੱਲ ਵੀ ਜਾ ਸਕੇਗਾ।

* ਤਨਖਾਹ ਲਾਉਣ ਦੀ ਵਿਧੀ ਸਬੰਧਿਤ ਸਿੱਖ ਨੂੰ ਭਾਈਚਾਰਕ ਸ਼ਰਮਿੰਦਗੀ ਤੋਂ ਬਚਾਉਣ ਵਾਸਤੇ ਹੀ ਸੀ। ਜੇ ਕੋਈ ਸਿੱਖ ਇਸ ਵਾਸਤੇ ਖੁਦ ਇਲਤਜ਼ਾ ਕਰੇ, ਤਾਂ ਹੀ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। ਛੇਕੇ ਜਾਣ ਦੀ ਵਿਧੀ ਨੂੰ ਇਸ ਨਾਲੋਂ ਵੱਖ ਕਰਕੇ ਵੇਖੇ ਜਾਣ ਦੀ ਲੋੜ ਹੈ।

* ਸਿੱਖੀ ਵਿੱਚ ਪਦਵੀ ਦੇ ਅਧਿਕਾਰ ਦੀ ਕੋਈ ਵਿਵਸਥਾ ਨਹੀਂ ਹੈ। ਸਾਰੀਆਂ ਅਹੁਦੇਦਾਰੀਆਂ ਪਦਵੀ ਦੀ ਨੈਤਿਕਤਾ ਨਾਲ ਜੁੜੀਆਂ ਹੋਈਆਂ ਹਨ। ਤਨਖਾਹ ਦੀ ਵਿਧੀ ਨੂੰ ਲਾਗੂ ਕਰਨ ਲੱਗਿਆਂ ਇਸ ਨੂੰ ਅੱਖੋਂ ਓਹਲੇ ਨਹੀਂ ਹੋਣ ਦੇਣਾ ਚਾਹੀਦਾ।

* ਇਹ ਤੇ ਇਸ ਨਾਲ ਜੁੜੇ ਹੋਏ ਹੋਰ ਮਸਲਿਆਂ ਬਾਰੇ ਕੌਮੀ ਸੰਵਾਦ ਛੇੜਿਆ ਜਾ ਸਕਦਾ ਹੈ। ਜੇ ਸਿੱਖ ਆਪਣਿਆਂ ਮਸਲਿਆਂ ਬਾਰੇ ਆਪ ਨਹੀਂ ਸੋਚਣਗੇ ਤਾਂ ਅਕਾਦਮਿਕ ਅਤੇ ਧਾਰਮਿਕ ਘੁਸਪੈਠ ਨਾਲ ਸਿਆਸੀ ਘੜਮੱਸ ਪੈਦਾ ਕਰਨ ਦੀਆਂ ਸੰਭਾਵਨਾਵਾਂ ਕਾਇਮ ਰਹਿਣਗੀਆਂ। ਇਹ ਸੋਚ ਕੇ ਸ਼ੁਰੂਆਤ ਕਰਨੀ ਚਾਹੀਦੀ ਹੈ ਕਿ ਸਿੱਖ ਸਿਆਸਤਦਾਨ ਅਤੇ ਸਿੱਖ ਸਮਰਥਕਾਂ ਵਿੱਚ ਸਮਝੌਤੇ ਦੀ ਨਹੀਂ, ਤਵਾਜ਼ਨ ਦੀ ਲੋੜ ਹੈ ਅਤੇ ਇਸ ਨੂੰ ਸਿੱਖੀ ਭਾਵਨਾਂ ਵਿੱਚ ਪੂਰਾ ਕੀਤਾ ਜਾ ਸਕਦਾ ਹੈ। ਫਿਰ ਦੇਰੀ, ਸੁਸਤੀ ਜਾਂ ਘੌਲ ਕਿਉਂ?

* ਇੱਥੇ ਇਹ ਵਿਚਾਰੇ ਜਾਣ ਦੀ ਲੋੜ ਹੈ ਕਿ ਸਿੱਖ ਤਖ਼ਤਾਂ ਦਾ ਗੁਰਦੁਆਰਾ ਐਕਟ ੧੯੨੫ ਨਾਲ ਕੀ ਸੰਬੰਧ ਹੈ? ਸੰਕਟ ਦੀ ਘੜੀ ਵਿੱਚ ਫੈਸਲੇ ਬਾਰੇ ਸੋਚਣ ਦਾ ਕੰਮ ਜੇ ਸੰਬੰਧਿਤ ਧਿਰਾਂ ਨਾ ਕਰਨ ਤਾਂ ਬੇਗਾਨੇ, ਸ਼ਰੀਕ ਅਤੇ ਵਿਰੋਧੀ ਆਪਣੀ ਅਗਿਆਨਤਾ ਵਿੱਚੋਂ ਜਾਂ ਸੰਬੰਧਿਤਾ ਦੀ ਅਗਿਆਨਤਾ ਦਾ ਲਾਭ ਉੱਠਾ ਕੇ , ਇੱਛਤ ਨਤੀਜਿਆਂ ਦੇ ਲਾਲਚ ਵਿੱਚ ਸੰਕਟ ਨੂੰ ਵਧਾਉਣ ਵਾਲੇ ਪਾਸੇ ਲੈ ਜਾਣਗੇ। ਸਿੱਖ ਕੌਮ ਨੂੰ ਬਹੁਤੀਆਂ ਸਮੱਸਿਆਵਾਂ ਇਸੇ ਪ੍ਰਸੰਗ ਵਿੱਚੋਂ ਝੇਲਣੀਆਂ ਪਈਆਂ ਹਨ। ਅਕਾਲ ਤਖ਼ਤ ਸਾਹਿਬ ਨੂੰ ਲੈ ਕੇ ਵਰਤਮਾਨ ਵਿੱਚ ਛਿੜਿਆ ਵਿਵਾਦ ਗੁਰੂ ਖਾਲਸਾ ਪੰਥ ਸਾਹਮਣੇ ਦਰਪੇਸ਼ ਸੰਕਟ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ ਅਤੇ ਇਸ ਵਿੱਚੋਂ ਨਿਕਲਣ ਦਾ ਹੱਲ ਵੀ ਆਪ ਹੀ ਲੱਭਣਾ ਚਾਹੀਦਾ ਹੈ। ਮੂਲ ਪ੍ਰਸ਼ਨ ਇਹ ਹੈ ਕਿ ਕੀ ਤਖ਼ਤਾਂ ਦੇ ਜਥੇਦਾਰ ਗੁਰਦੁਆਰਾ ਐਕਟ ਦੇ ਘੇਰੇ ਵਿੱਚ ਆਉਂਦੇ ਹਨ? ਵੇਖਣ ਨੂੰ ਇਉਂ ਹੀ ਲੱਗਦਾ ਹੈ ਕਿ ਜੋ ਕੋਈ ਗੁਰਦੁਆਿਆਂ ਨਾਲ ਸੰਬੰਧਿਤ ਪ੍ਰਬੰਧ ਅਧੀਨ ਆ ਜਾਂਦਾ ਹੈ, ਉਹ ਐਕਟ ਦੇ ਘੇਰੇ ਵਿੱਚ ਵੀ ਆ ਜਾਂਦਾ ਹੈ। ਇਸ ਨਾਲ ਇਹ ਗੱਲਾਂ ਸਾਹਮਣੇ ਆ ਜਾਂਦੀਆਂ ਹਨ:

* ਗੁਰਦੁਰਆਰਾ ਐਕਟ ੧੯੨੫ ਨਾਲ ਜੋੜ ਕੇ ਕੀਤੀ ਜਾ ਰਹੀ ਜਥੇਦਾਰਾਂ ਦੀ ਨਿਯੁਕਤੀ ਅਤੇ ਮੁਅੱਤਲੀ ਤਖ਼ਤਾਂ ਦੇ ਪਰੰਪਰਕ ਜਲੌਅ ਦੀ ਅਨੁਸਾਰੀ ਨਹੀਂ ਹੈ।

* ਜਿੰਨਾ ਚਿਰ ਗਰੇਡ ਵਿੱਚ ਤਨਖਾਹ ਨਹੀਂ ਦਿੱਤੀ ਜਾਂਦੀ ਅਤੇ ਮਿਲ ਸਕਦੇ ਹੋਰ ਵਿੱਤੀ ਲਾਭ ਨਹੀਂ ਲਏ ਜਾਂਦੇ ਉਨਾਂ ਚਿਰ ਜਥੇਦਾਰ ਨੂੰ ਮੁਲਾਜ਼ਮ ਨਹੀਂ ਗਿਣਿਆ ਜਾ ਸਕਦਾ।

* ਤੱਥ ਇਹੀ ਹਨ ਕਿ ਇਸ ਵੇਲੇ ਕੋਈ ਵੀ ਜਥੇਦਾਰ ਨਾ ਹੀ ਕਿਸੇ ਗਰੇਡ ਵਿੱਚ ਹੈ ਅਤੇ ਨਾ ਹੀ ਮੁਲਾਜ਼ਮ ਵਾਂਗ ਉਸ ਨੂੰ ਹੋਰ ਲਾਭ ਮਿਲਦੇ ਹਨ। ਤਖ਼ਤ ਦਾ ਜਥੇਦਾਰ, ਜੇ ਲੈਣਾ ਚਾਹੇ ਤਾਂ ਉਸ ਨੂੰ ਆਨਰੇਰੀਅਮ ਹੀ ਮਿਲਦਾ ਹੈ। ਇਹ ਆਨਰੇਰੀਅਮ ਚੈੱਕ ਰਾਹੀਂ ਜ਼ਰੂਰੀ ਜਾਂਦਾ ਹੈ, ਪਰ ਇਸ ਦੀ ਰਸੀਦ ਆਦਿ ਨਹੀਂ ਦੇਣੀ ਪੈਂਦੀ। ਕਿਸੇ ਵੀ ਜਥੇਦਾਰ ਨੂੰ ਰਜਿਸਟਰ ਵਿੱਚ ਹਾਜ਼ਰੀ ਨਹੀਂ ਲਾਉਣੀ ਪੈਂਦੀ ਅਤੇ ਨਾ ਹੀ ਕਿਧਰੇ ਜਾਣ ਲਈ।

* ਇਸ ਹਾਲਤ ਵਿੱਚ ਇਹ ਵੇਖਣਾ ਪਵੇਗਾ ਕਿ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਕੀ ਰਾਹ ਅਪਣਾਇਆ ਜਾਣਾ ਚਾਹੀਦਾ ਹੈ? ਇਸ ਤੋਂ ਪਹਿਲਾਂ ੧੯੨੫ ਦੇ ਗੁਰਦੁਆਰਾ ਐਕਟ ਮੁਤਾਬਕ ਜੇ ਵੇਖਿਆ ਜਾਵੇ ਤਾਂ ਜਥੇਦਾਰ ਨੂੰ ਹੈੱਡ ਮਨਿਸਟਰ ਦੇ ਤੌਰ 'ਤੇ ਲਿਆ ਜਾ ਰਿਹਾ ਹੈ। ਪਰ ਇਹ ਵਿਆਖਿਆ, ਜੇ ਬਾਈ-ਲਾਜ਼ ਰਾਹੀਂ ਵੀ ਹੋਵੇ ਤਾਂ ਵੀ ਠੀਕ ਨਹੀਂ ਜਾਪਦੀ। ਮਨਿਸਟਰ ਦੀ ਵਿਆਖਿਆ ਐਕਟ ਵਿੱਚ ਪੰਨਾ ੬ 'ਤੇ ਇਸ ਤਰ੍ਹਾਂ ਹੋਈ ਹੈ: ' be deemed to be a Minister for the purpose of section (vii), "Minister" means an office holder to whom either solely or alongwith others the control of the management or performance of public worship in a gurdwara and of the rituals and ceremonies, observed therin is entrusted : (Provided that an office holder to whom etiher solely or alongwith others the performance of public worship in a Gurdwara and of the rituals and ceremonies observed therein is not entrusted directly shall not......)

ਅਸਲ ਵਿੱਚ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਇਹ ਵਿਆਖਿਆ ਤਖ਼ਤਾਂ ਦੇ ਜਥੇਦਾਰ ਵਾਸਤੇ ਹੀ ਹੈ, ਸਗੋਂ ਇਸ ਤੋਂ ਇਹ ਸੰਕੇਤ ਤਾਂ ਜ਼ਰੂਰ ਮਿਲਦਾ ਹੈ ਕਿ ਹੈੱਡ ਮਨਿਸਟਰ, ਗੁਰਦੁਆਰੇ ਦੇ ਹੈੱਡ ਗ੍ਰੰਥੀ ਵਾਸਤੇ ਵਰਤਿਆ ਗਿਆ ਹੈ ਅਤੇ ਮਨਿਸਟਰ ਗੁਰਦੁਆਰੇ ਦੇ ਬਾਕੀ ਗ੍ਰੰਥੀਆਂ ਵਾਸਤੇ ਵਰਤਿਆ ਗਿਆ ਹੈ। ਪਰੰਪਰਾਗਤ ਵਿਆਖਿਆ ਅਨੁਸਾਰ ਵੀ ਮਨਿਸਟਰ ਦਾ ਅਰਥ ਉਸ ਅਹੁਦੇਦਾਰ ਤੋਂ ਹੈ, ਜਿਹੜਾ ਆਪਣੇ ਆਪ ਜਾਂ ਦੂਜਿਆਂ ਨਾਲ ਰਲਕੇ ਗੁਰਦੁਆਰਿਆਂ ਵਿੱਚ ਗੁਰਦੁਆਰਾ ਪ੍ਰਬੰਧ ਨਾਲ ਸਬੰਧਿਤ ਲੋੜੀਂਦੀ ਧਾਰਮਿਕ ਕਾਰਵਾਈ ਕਰਦਾ ਹੈ। ਕਿਸੇ ਥਾਂ 'ਤੇ ਵੀ ਤਖ਼ਤ ਦੇ ਜਥੇਦਾਰ ਨੂੰ ਇਹ ਕਰਵਾਈ ਕਰਨ ਦਾ ਬੰਧਨ ਨਹੀਂ ਹੈ। ਇਸ ਨਾਲ ਇਹ ਗੱਲਾਂ ਸਾਹਮਣੇ ਆ ਜਾਂਦੀਆਂ ਹਨ :

* ਤਖ਼ਤ ਅਤੇ ਗੁਰਦੁਆਰੇ ਨੂੰ ਇਕ ਅਰਥ ਵਿੱਚ ਨਹੀਂ ਲਿਆ ਜਾ ਸਕਦਾ।

* ਤਖ਼ਤ ਦਾ ਜਥੇਦਾਰ ਗ੍ਰੰਥੀ ਵਾਲੀਆਂ ਜ਼ਿੰਮੇਵਾਰੀਆਂ ਨਹੀਂ ਨਿਭਾਉਂਦਾ ਕਿਉਂਕਿ ਤਖ਼ਤ ਦੇ ਜਥੇਦਾਰ ਦੀ ਨਿਯੁਕਤੀ ਵੀ ਇਨ੍ਹਾਂ ਗ੍ਰੰਥੀਆਂ ਵਾਂਗ ਨਹੀਂ ਹੁੰਦੀ ਅਤੇ ਤਖ਼ਤ ਦੇ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦਾ ਵੀ ਗ੍ਰੰਥੀਆਂ ਵਾਂਗ ਕੋਈ ਬੰਧਨ ਵੀ ਨਹੀਂ ਹੈ।

* ਜਥੇਦਾਰ ਅਤੇ ਗ੍ਰੰਥੀ ਵਿੱਚ ਉਸੇ ਤਰ੍ਹਾਂ ਫਰਕ ਕੀਤੇ ਜਾਣ ਦੀ ਲੋੜ ਹੈ, ਜਿਵੇਂ ਤਖ਼ਤ ਅਤੇ ਗੁਰਦੁਆਰੇ ਵਿੱਚ ਫਰਕ ਕਰਨਾ ਜ਼ਰੂਰੀ ਹੋ ਗਿਆ ਹੈ।

ਇਸ ਵਿੱਚ ਜਿਹੜੇ ਤਖ਼ਤਾਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਸਾਰਿਆਂ ਤੇ ਤਖ਼ਤ ਜਥੇਦਾਰਾਂ ਦੇ ਨਾਲ-ਨਾਲ ਹੈੱਡ ਗ੍ਰੰਥੀ ਅਤੇ ਗ੍ਰੰਥੀ ਵੀ ਸੁਭਾਏਮਾਨ ਹਨ ਅਤੇ 'ਹੈੱਡ ਮਨਿਸਟਰ' ਅਤੇ 'ਮਨਿਸਟਰ' ਸ਼ਬਦ ਇਨ੍ਹਾਂ ਵਾਸਤੇ ਹੀ ਵਰਤਿਆ ਹੋਇਆ ਮੰਨਿਆ ਜਾਣਾ ਚਾਹੀਦਾ ਹੈ। ਇਸ ਤੋਂ ਬਿਨਾਂ ਇਸ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੋ ਜਾਂਦੀ ਹੈ ਕਿ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਿਖੇ ਜਥੇਦਾਰ ਦੀ ਨਿਯੁਕਤੀ ਉਸ ਤਰ੍ਹਾਂ ਨਹੀਂ ਹੁੰਦੀ, ਜਿਸ ਤਰ੍ਹਾਂ ਪੰਜਾਬ ਵਿਚਲੇ ਤਿੰਨ ਤਖ਼ਤਾਂ ਦੇ ਜਥੇਦਾਰਾਂ ਦੀ ਹੁੰਦੀ ਹੈ। ਜੇ ਤਖ਼ਤਾਂ ਤੇ 'ਹੈੱਡ ਮਨਿਸਟਰ' ਵਾਲੀ ੧੯੨੫ ਦੇ ਐਕਟ ਦੀ ਗੱਲ ਲਾਗੂ ਕਰ ਦਿੱਤੀ ਜਾਵੇ ਤਾਂ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਿਖੇ ਤਾਂ ਇਹ ਵਿਧੀ ਇਸ ਲਈ ਵੀ ਲਾਗੂ ਨਹੀਂ ਕੀਤੀ ਜਾ ਸਕਦੀ, ਕਿਉਂਕਿ ਉਨ੍ਹਾਂ ਦੋਹਾਂ ਤਖ਼ਤਾਂ ਉੱਤੇ ੧੯੨੫ ਵਾਲਾ ਐਕਟ ਲਾਗੂ ਹੀ ਨਹੀਂ ਹੁੰਦਾ। ਸੋ ਸਪੱਸ਼ਟ ਹੋਇਆ ਕਿ ਪੰਜਾਬ ਵਿਚਲੇ ਤਿੰਨ ਤਖ਼ਤਾਂ ਦੇ ਜਥੇਦਾਰਾਂ ਨੂੰ ੧੯੨੫ ਦੇ ਐਕਟ ਤੋਂ ਮੁਕਤ ਮੰਨ ਕੇ ਹੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਦੇ ਜਥੇਦਾਰਾਂ ਵਾਸਤੇ ਸਾਂਝੀ ਪੰਥਕ ਵਿਧੀ ਤਿਆਰ ਕੀਤੀ ਜਾ ਸਕਦੀ ਹੈ। ਇਸ ਕਰਕੇ 'ਹੈੱਡ ਮਨਿਸਟਰ' ਦੀ ਵਿਆਖਿਆ ਜੇ ਠੀਕ ਪ੍ਰਸੰਗ ਵਿੱਚ ਨਾ ਕੀਤੀ ਗਈ ਤਾਂ ਇਸ ਅਣਗਹਿਲੀ ਨਾਲ ਹੋਰ ਉਲਝਾ ਵੀ ਪੈਦਾ ਹੋ ਸਕਦੇ ਹਨ ਅਤੇ ਇਨ੍ਹਾਂ ਉਲਝਾਵਾਂ ਵਿੱਚ ਇਹ ਗੱਲਾਂ ਸ਼ਾਮਲ ਹੋ ਜਾਣਗੀਆਂ :

* ਜਥੇਦਾਰ ਨੂੰ 'ਹੈੱਡ ਗ੍ਰੰਥੀ' ਨਾਲ ਰਲਗੱਡ ਕਰਕੇ ਤਖ਼ਤਾਂ ਦੀ ਮਾਨ ਮਰਿਯਾਦਾ ਬਾਰੇ ਘਚੋਲਾ ਪਿਆ ਰਹੇਗਾ ਅਤੇ ਇਸ ਦਾ ਸਿਆਸਤਦਾਨ ਬੇਲੋੜਾ ਸਿਆਸੀ ਲਾਭ ਲੈਂਦੇ ਰਹਿਣਗੇ।

**ਬਾਕੀ ਸਫ਼ਾ 32 'ਤੇ**

# ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ 'ਬੰਦੀ-ਛੋੜ' ਦਿਵਸ ਧੂਮਧਾਮ ਨਾਲ ਮਨਾਇਆ



ਬੰਦੀ ਛੋੜ ਦਿਵਸ ਮੌਕੇ ਹਰਿਮੰਦਰ ਸਾਹਿਬ ਵਿਖੇ ਦੀਪਮਾਲਾ ਤੇ ਆਤਿਸ਼ਬਾਜ਼ੀ ਦਾ ਸੁੰਦਰ ਨਜ਼ਾਰਾ।

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸਿੱਖ ਕੌਮ ਦੇ ਮੁਕੱਦਸ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਸ਼ਾਨਦਾਰ ਢੰਗ ਨਾਲ ਰੁਸ਼ਨਾਇਆ ਗਿਆ ਸੀ।

ਦੀਪਮਾਲਾ ਤੋਂ ਇਲਾਵਾ ਪਰਿਕਰਮਾ ਵਿਚ ਲੋਕਾਂ ਵੱਲੋਂ ਦੀਵੇ ਅਤੇ ਮੋਮਬੱਤੀਆਂ ਵੀ ਜਗਾਈਆਂ ਗਈਆਂ। ਰਾਤ ਨੂੰ ਆਤਿਸ਼ਬਾਜ਼ੀ ਵੀ ਚਲਾਈ ਗਈ। ਸਵੇਰ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਵਿਚ ਸੰਗਤ ਦੀ ਭਾਰੀ ਆਮਦ ਰਹੀ। ਆਤਿਸ਼ਬਾਜ਼ੀ ਬਾਰੇ ਦੁਚਿੱਤੀ ਵਾਲੀ ਸਥਿਤੀ ਹੋਣ ਕਾਰਨ ਸ਼ਹਿਰੀ ਸੰਗਤ ਪਹਿਲਾਂ ਨਾਲੋਂ ਘੱਟ ਗਿਣਤੀ ਵਿਚ ਪੁੱਜੀ ਸੀ। ਇਥੇ ਦੱਸਣਯੋਗ ਹੈ ਕਿ ਰੇਲ ਹਾਦਸੇ ਕਾਰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੋਗ ਵਜੋਂ ਆਤਿਸ਼ਬਾਜ਼ੀ ਦੀ ਵਰਤੋਂ ਨਹੀਂ ਕੀਤੀ ਗਈ ਸੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਿੱਖ ਜਗਤ ਨੂੰ ਗੁਰ-ਇਤਿਹਾਸ ਨੂੰ ਵਿਗਾੜਨ ਦੀਆਂ ਪੰਥ ਵਿਰੋਧੀਆਂ ਦੀਆਂ ਚਾਲਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਾਮ ਨੂੰ ਹੋਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਲੌਂਗੋਵਾਲ ਨੇ ਇਸ ਦਿਹਾੜੇ ਦੇ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਾਉਂਦਿਆਂ ਆਖਿਆ ਕਿ ਇਹ ਦਿਨ ਸੱਚ ਦੀ ਆਵਾਜ਼ ਬਣਨ ਅਤੇ ਜ਼ੁਲਮ ਤੋਂ ਸਤਾਏ ਲੋਕਾਂ ਦੇ ਹੱਕ ਵਿਚ ਅੱਗੇ ਆਉਣ ਦੀ ਪ੍ਰੇਰਣਾ ਦਿੰਦਾ ਹੈ।

# ਪੰਜਾਬ ਵਿੱਚ ਕਸ਼ਮੀਰੀ ਨੌਜਵਾਨਾਂ 'ਤੇ ਦਹਿਸ਼ਤ ਦਾ ਪਰਛਾਵਾਂ




**ਜਲੰਧਰ/ਬਿਊਰੋ ਨਿਊਜ਼ :** ਰਿਆਸਤ ਜੰਮੂ ਕਸ਼ਮੀਰ ਅੰਦਰ ਤਕਰੀਬਨ ਤਿੰਨ ਦਹਾਕਿਆਂ ਤੋਂ ਚੱਲ ਰਹੀ ਦਹਿਸ਼ਤ ਦੇ ਪਰਛਾਵਿਆਂ ਨੇ ਕਸ਼ਮੀਰੀ ਨੌਜਵਾਨਾਂ ਦਾ ਹੋਰਾਂ ਰਾਜਾਂ ਅੰਦਰ ਵੀ ਪਿੱਛਾ ਨਹੀਂ ਛੱਡਿਆ। ਮਹੀਨਾ ਪਹਿਲਾਂ ਜਲੰਧਰ ਤੋਂ ਹਥਿਆਰਾਂ ਸਮੇਤ ਫੜੇ ਗਏ ਤਿੰਨ ਨੌਜਵਾਨ ਅਤੇ ਪੁਲੀਸ ਵੱਲੋਂ ਮਕਸੂਦਾਂ ਥਾਣੇ ਅੱਗੇ ਹੋਏ ਹਲਕੀ ਕਿਸਮ ਦੇ ਵਿਸਫੋਟਾਂ ਵਿਚ ਵੀ ਕਸ਼ਮੀਰੀ ਨੌਜਵਾਨਾਂ ਦੀ ਸ਼ਮੂਲੀਅਤ ਦੇ ਕੀਤੇ ਦਾਅਵੇ ਦਾ ਅਸਰ ਇਹ ਹੋਇਆ ਕਿ ਪੇਇੰਗ ਗੈਸਟ ਵਜੋਂ ਰਹਿ ਰਹੇ ਬਹੁਤ ਸਾਰੇ ਕਸ਼ਮੀਰੀ ਨੌਜਵਾਨ ਪੜ੍ਹਾਈ ਛੱਡ ਕੇ ਵਾਪਸ ਪਰਤ ਗਏ ਹਨ। ਇਹਨਾਂ ਦੇ ਮਨਾਂ ਵਿੱਚ ਡਰ ਬੈਠ ਗਿਆ ਹੈ ਕਿ ਪਤਾ ਨਹੀਂ ਕਦੋਂ ਕਿਸ ਵਿਦਿਆਰਥੀ ਨੂੰ ਪੁਲੀਸ ਚੁੱਕ ਕੇ ਲੈ ਜਾਵੇ। ਕਈ ਵਿਦਿਆਰਥੀ ਤਾਂ ਪੀਜੀ ਵਿੱਚੋਂ ਆਪਣਾ ਸਾਰਾ ਸਾਮਾਨ ਵੀ ਚੁੱਕ ਕੇ ਲੈ ਗਏ ਹਨ। ਛੁੱਟੀਆਂ 'ਤੇ ਗਏ ਕਈ ਕਸ਼ਮੀਰੀ ਵਿਦਿਆਰਥੀਆਂ ਨੇ ਆਪਣੀਆਂ ਛੁੱਟੀਆਂ ਤੱਕ ਵਧਾ ਲਈਆਂ ਹਨ। ਲੁਧਿਆਣਾ ਵਿੱਚ ਵੀ ਪੁਲਸ ਨੇ ਛਾਪਾਮਾਰੀ ਕਰਕੇ ਚਾਰ ਕਸ਼ਮੀਰੀਆਂ ਨੂੰ ਹਿਰਾਸਤ ਵਿੱਚ ਲਿਆ ਸੀ ਤੇ ਖਬਰ ਆਈ ਸੀ ਕਿ ਉਹਨਾਂ ਕੋਲੋਂ ਚਾਰ ਏ ਕੇ 47 ਰਾਈਫਲਾਂ ਅਤੇ ਪਿਸਤੌਲ ਤੇ ਕਸ਼ਮੀਰੀ ਸ਼ਾਲ ਬਰਾਮਦ ਹੋਏ ਹਨ, ਸ਼ੱਕੀ ਗਤੀਵਿਧੀਆਂ ਦੀ ਗੱਲ ਕੀਤੀ ਗਈ ਸੀ, ਪਰ ਹੁਣ ਖਬਰ ਆਈ ਹੈ ਕਿ ਪੁਲਸ ਨੇ ਇਹਨਾਂ ਚਹੁੰ ਨੂੰ ਕਲੀਨ ਚਿੱਟ ਦੇ ਕੇ ਰਿਹਾਅ ਕਰ ਦਿੱਤਾ ਹੈ। ਦੀਵਾਲੀ ਵਾਲੀ ਰਾਤ ਲੁਧਿਆਣਾ ਸ਼ਹਿਰ ਵਿਚ ਵੀ ਚਾਰ ਕਾਰੋਬਾਰੀਆਂ ਨੂੰ ਥਾਣੇ ਲਿਜਾ ਕੇ ਪੁੱਛਗਿੱਛ ਕਰਨ ਤੋਂ ਬਾਅਦ ਛੱਡਿਆ ਗਿਆ। ਜੰਮੂ ਕਸ਼ਮੀਰ ਵਿਚ ਹਾਲਾਤ ਖ਼ਰਾਬ ਹੋਣ ਕਰਕੇ ਮਾਪਿਆਂ ਨੇ ਆਪਣੇ ਬੱਚੇ ਪੰਜਾਬ ਅਤੇ ਹੋਰਾਂ ਰਾਜਾਂ ਵਿਚ ਪੜ੍ਹਨ ਲਈ ਭੇਜੇ ਹੋਏ ਹਨ। ਪੰਜਾਬ ਵਿਚ ਕਸ਼ਮੀਰੀ ਨੌਜਵਾਨ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੇ ਰਹੇ ਹਨ। ਦੇਸ਼ ਵਿਚ ਵੱਡੀ ਘੱਟ ਗਿਣਤੀ ਸਬੰਧੀ ਬਣਾਏ ਜਾ ਰਹੇ ਨਾਂਹਪੱਖੀ ਮਾਹੌਲ ਅਤੇ ਪੁਲੀਸ ਵੱਲੋਂ ਵਰਤੇ ਗਏ ਤੌਰ ਤਰੀਕਿਆਂ ਕਾਰਨ ਵਿਦਿਆਰਥੀਆਂ ਵਿਚ ਡਰ ਦੀ ਭਾਵਨਾ ਪਨਪ ਰਹੀ ਹੈ ਅਤੇ ਨਾਲ ਹੀ ਪੇਇੰਗ ਗੈਸਟ ਹਾਊਸ ਚਲਾ ਰਹੇ ਲੋਕਾਂ ਨੇ ਵੀ ਬਹੁਤੀਆਂ ਥਾਵਾਂ ਉੱਤੇ ਕਸ਼ਮੀਰੀ ਨੌਜਵਾਨਾਂ ਨੂੰ ਖਾਲੀ ਕਰਨ ਲਈ ਕਹਿ ਦਿੱਤਾ ਹੈ। ਇਹ ਵਰਤਾਰਾ ਕੇਵਲ ਜਲੰਧਰ ਤੱਕ ਸੀਮਤ ਨਹੀਂ, ਇਸ ਦਾ ਅਸਰ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਵੀ ਹੋਣਾ ਸ਼ੁਰੂ ਹੋ ਗਿਆ ਹੈ।

ਜਲੰਧਰ ਪੁਲਸ ਨੇ ਦਾਅਵਾ ਕੀਤਾ ਹੈ ਕਿ ਮਕਸੂਦਾਂ ਥਾਣੇ ਦੇ ਬਾਹਰ ਚਾਰ ਹਲਕੇ ਬੰਬ ਧਮਾਕੇ ਕਰਨ ਵਾਲੇ ਚਾਰ ਕਸ਼ਮੀਰੀਆਂ ਵਿਚੋਂ ਦੋ ਜਣਿਆਂ ਨੂੰ ਕਾਬੂ ਕਰ ਲਿਆ ਹੈ ਜਦੋਂ ਕਿ ਫਰਾਰ ਹਨ। ਫੜੇ ਗਏ ਨੌਜਵਾਨ ਸੇਂਟ ਸੋਲਜ਼ਰ ਇੰਜਨੀਅਰਿੰਗ ਕਾਲਜ ਜਲੰਧਰ ਦੇ ਵਿਦਿਆਰਥੀ 22 ਸਾਲਾ ਸ਼ਾਹਿਦ ਕਿਊਮ ਤੇ 23 ਸਾਲਾ ਫਾਜ਼ਿਲ ਬਸ਼ੀਰ ਹਨ, ਰੂਫ ਤੇ ਗਾਜ਼ੀ ਫਰਾਰ ਹਨ। ਪੁਲਸ ਨੇ ਦਾਅਵਾ ਕੀਤਾ ਹੈ ਕਿ ਧਮਾਕਿਆਂ ਦਾ ਮਾਸਟਰ ਮਾਈਂਡ ਜ਼ਾਕਿਰ ਰਸ਼ੀਦ ਭੱਟ ਉਰਫ ਜ਼ਾਕਿਰ ਮੂਸਾ ਹੈ। ਫੜੇ ਗਏ ਤੇ ਫਰਾਰ ਕਸ਼ਮੀਰੀ ਵਿਦਿਆਰਥੀਆਂ ਦਾ ਸਬੰਧ ਅਨਸਾਰ ਗਜਾਵਤ ਉਲ ਹੱਕ ਨਾਂ ਦੀ ਕਸ਼ਮੀਰੀ ਜਥੇਬੰਦੀ ਨਾਲ ਹੈ, ਜਿਸ ਦਾ ਅੱਗੇ ਅਲਕਾਇਦਾ ਨਾਲ ਸਬੰਧ ਦੱਸਿਆ ਜਾ ਰਿਹਾ ਹੈ। ਸ਼ਾਹਿਦ ਕਿਊਮ ਨੂੰ 4 ਨਵੰਬਰ ਨੂੰ ਜਲੰਧਰ ਤੋਂ ਫੜਿਆ ਗਿਆ ਸੀ ਜਦਕਿ ਫਾਜ਼ਿਲ ਬਸ਼ੀਰ ਨੂੰ ਕਸ਼ਮੀਰ ਤੋਂ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਗਿਆ ਹੈ।

ਮਕਸੂਦਾਂ ਥਾਣੇ ਦੇ ਬਾਹਰ ਬੰਬ ਧਮਾਕਿਆਂ ਦੀ ਗੁੱਥੀ ਸੁਲਝਾਉਣ ਦਾ ਦਾਅਵਾ ਕਰ ਰਹੀ ਜਲੰਧਰ ਪੁਲਸ ਨੇ ਕਹਾਣੀ ਸੁਣਾਈ ਹੈ ਕਿ 14 ਸਤੰਬਰ ਨੂੰ ਰਾਤ ਪੌਣੇ ਅੱਠ ਵਜੇ ਦੇ ਕਰੀਬ ਮਕਸੂਦਾਂ ਥਾਣੇ ਦੇ ਬਾਹਰ ਚਾਰ ਹਲਕੇ ਧਮਾਕੇ ਵਾਲੇ ਹੈਂਡ ਗ੍ਰਨੇਡ ਸੁੱਟੇ ਗਏ ਸਨ। ਇਨ੍ਹਾਂ ਦਾ ਪਹਿਲਾ ਨਿਸ਼ਾਨਾ ਬਿਧੀਪੁਰ ਨੇੜਲੇ ਸੀਆਰਪੀਐਫ ਅਤੇ ਆਈਟੀਬੀਪੀ ਕੈਂਪਸ ਸਨ, ਪਰ ਬਾਅਦ ਵਿਚ ਇਨ੍ਹਾਂ ਨੇ ਉਸ ਨੂੰ ਬਦਲ ਕੇ ਮਕਸੂਦਾਂ ਥਾਣੇ ਨੂੰ ਆਪਣਾ ਨਿਸ਼ਾਨਾ ਬਣਾ ਲਿਆ। ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਵਾਰਦਾਤ ਕਰਨ ਲਈ 13 ਸਤੰਬਰ ਨੂੰ ਸ੍ਰੀਨਗਰ ਤੋਂ ਚੰਡੀਗੜ੍ਹ ਤੱਕ ਹਵਾਈ ਜਹਾਜ਼ ਰਾਹੀਂ ਦੋ ਜਣੇ ਆਏ ਸਨ। ਇਨ੍ਹਾਂ ਚਾਰਾਂ ਜਣਿਆਂ ਨੇ ਘਟਨਾ ਨੂੰ ਅੰਜਾਮ ਦੇਣ ਲਈ ਇਕ ਕਾਲੇ ਰੰਗ ਦਾ ਪਲਸਰ ਮੋਟਰਸਾਈਕਲ ਆਪਣੇ ਦੋਸਤ ਕੋਲੋਂ ਲਿਆ ਸੀ। ਘਟਨਾ ਵਾਲੇ ਦਿਨ 14 ਸਤੰਬਰ ਨੂੰ ਚਾਰੇ ਜਣੇ ਸਾਢੇ ਚਾਰ ਵਜੇ ਇਕੱਠੇ ਹੋਏ ਤੇ ਫਿਰ ਇਹ ਸਾਢੇ ਪੰਜ ਵਜੇ ਸ਼ਾਮ ਪੁਲੀਸ ਥਾਣੇ ਵੱਲ ਰਵਾਨਾ ਹੋ ਗਏ।

ਸਾਢੇ ਸੱਤ ਵਜੇ ਤੋਂ ਲੈ ਕੇ ਪੌਣੇ ਅੱਠ ਦੇ ਵਿਚਕਾਰ ਉਨ੍ਹਾਂ ਨੇ ਇਹ ਚਾਰੇ ਗ੍ਰਨੇਡ ਥਾਣੇ ਵੱਲ ਸੁੱਟੇ। ਉਥੋਂ ਤਿੰਨ ਜਣੇ ਡੀਏਵੀ ਕਾਲਜ, ਪਟੇਲ ਚੌਂਕ ਤੋਂ ਹੁੰਦੇ ਹੋਏ ਜਲੰਧਰ ਬੱਸ ਸਟੈਂਡ ਪੁੱਜੇ ਜਦਕਿ ਸ਼ਾਹਿਦ ਜਲੰਧਰ ਬਾਈਪਾਸ ਤੋਂ ਹੁੰਦਾ ਹੋਇਆ ਬੱਸ ਅੱਡੇ ਪਹੁੰਚਿਆ। ਰੂਫ ਤੇ ਗਾਜੀ ਨੇ ਜੰਮੂ ਦੇ ਕਾਊਂਟਰ ਤੋਂ ਜੰਮੂ ਕਸ਼ਮੀਰ ਵਾਸਤੇ ਬੱਸ ਫੜੀ ਸੀ ਪਰ ਸਵਾਲ ਉੱਠਦਾ ਹੈ ਕਿ ਇਹ ਚਾਰੇ ਜਿਨ੍ਹਾਂ ਦੇ ਮੂੰਹ ਢਕੇ ਹੋਏ ਸਨ, ਇਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਕਿਵੇਂ ਜਾ ਸਕਦੇ ਹਨ? ਫਿਰ ਇਹ ਦੋ ਘੰਟੇ 10 ਮਿੰਟ ਉਥੇ ਕੀ ਕਰਦੇ ਰਹੇ? ਇਸ ਬਾਰੇ ਪੁਲੀਸ ਕੁਝ ਵੀ ਸਪੱਸ਼ਟ ਨਹੀਂ ਕਰ ਸਕੀ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥
ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਫਰਿਜ਼ਨੋ

(ਬਰਾਂਚ ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ)

**4250-E. LINCOLN AVE FRESNO CA-93725**

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਨੌਵਾਂ

# ਮਹਾਨ ਨਗਰ ਕੀਰਤਨ

**25 ਨਵੰਬਰ 2018**
**ਦਿਨ ਐਤਵਾਰ**



ਇਲਾਕੇ ਭਰ ਦੇ ਸਮੂਹ ਗੁਰੂ ਘਰਾਂ ਦੇ ਕੀਰਤਨੀ ਜਥੇ ਹਾਜ਼ਰੀ ਭਰਨਗੇ। ਗੁਰੂਘਰ ਵਿਖੇ ਰੋਜ਼ਾਨਾ ਸਵੇਰੇ ਅਤੇ ਸ਼ਾਮ ਦੇ ਦੀਵਾਨ ਸਜਦੇ ਹਨ। ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ ਅਤੇ ਕਥਾਵਾਚਕ ਹਾਜ਼ਰੀ ਭਰਦੇ ਹਨ। ਸੰਗਤਾਂ ਨੂੰ ਰੋਜ਼ਾਨਾ ਦੇ ਗੁਰਬਾਣੀ ਦੇ ਚਲ ਰਹੇ ਸਮਾਗਮਾਂ ਅਤੇ ਨਗਰ ਕੀਰਤਨ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## ਪ੍ਰੋਗਰਾਮ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 23 ਨਵੰਬਰ 2018 ਦਿਨ ਸ਼ੁੱਕਰਵਾਰ ਸਵੇਰੇ 09:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ : 25 ਨਵੰਬਰ 2018 ਦਿਨ ਐਤਵਾਰ ਸਵੇਰੇ 08:00 ਵਜੇ
ਉਪਰੰਤ ਨਗਰ ਕੀਰਤਨ ਦੀ ਰਵਾਨਗੀ ਠੀਕ ਸਵੇਰੇ 10:00 ਵਜੇ ਹੋਵੇਗੀ।
*19 ਤੋਂ 24 ਨਵੰਬਰ ਤੱਕ ਭਾਈ ਸ਼ੇਰ ਸਿੰਘ ਅੰਬਾਲਾ ਹਰ ਰੋਜ ਸ਼ਾਮ ਗੁਰਬਾਣੀ ਅਤੇ ਇਤਿਹਾਸ ਵਿਚਾਰ ਕਰਨਗੇ*
ਢਾਡੀ ਜੱਥਾ ਲਖਮੀਰ ਸਿੰਘ ਕੋਮਲ ਰੋਜਾਨਾ ਸ਼ਾਮ ਅਤੇ ਐਤਵਾਰ ਦਿਵਾਨ।

### ਪਹੁੰਚ ਰਹੇ ਰਾਗੀ ਅਤੇ ਕਥਾਵਾਚਕ

ਭਾਈ ਰਣਜੀਤ ਸਿੰਘ, ਵਿਦਿਆਰਥੀ ਟਮਦਮੀ ਟਕਸਾਲ
ਰਾਗੀ ਜਥਾ ਭਾਈ ਬਲਵਿੰਦਰ ਸਿੰਘ, ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ
ਹਜ਼ੂਰੀ ਰਾਗੀ ਜਥਾ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਅੰਮ੍ਰਿਤ ਅਭਿਲਾਖੀ ਸੰਪਰਕ 559-834-9444
ਫਲੋਟ ਜਾਣਕਾਰੀ (ਭਾਈ ਜਗਰੂਪ ਸਿੰਘ) 209-648-4994
ਵਿਸ਼ੇਸ਼ ਜਾਣਕਾਰੀ (ਭਾਈ ਜਤਿੰਦਰ ਸਿੰਘ) 559-575-1205
ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ 559-834-4780

### ਬੇਨਤੀ ਕਰਤਾ

ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ, ਭਾਈ ਦਲਬੀਰ ਸਿੰਘ ਸੰਧਰ, ਭਾਈ ਦਲਬੀਰ ਸਿੰਘ ਪੱਡਾ, ਭਾਈ ਮੇਜਰ ਸਿੰਘ ਜੌਹਲ, ਭਾਈ ਨਛੱਤਰ ਸਿੰਘ ਧਾਰੀਵਾਲ, ਭਾਈ ਜਤਿੰਦਰ ਸਿੰਘ ਅਤੇ ਸਮੂਹ ਸੰਗਤ।


ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ
549ਵੇਂ ਪ੍ਰਕਾਸ਼ ਦਿਹਾੜੇ
ਦੀਆਂ ਸਮੁੱਚੀ ਲੋਕਾਈ ਨੂੰ
ਲੱਖ ਲੱਖ ਵਧਾਈਆਂ
ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦਿਆਂ
21 ਨਵੰਬਰ 2018, ਦਿਨ ਬੁੱਧਵਾਰ ਨੂੰ ਸਵੇਰੇ ਅਖੰਡ ਪਾਠ ਆਰੰਭ ਹੋਣਗੇ।
ਜਿਨ੍ਹਾਂ ਦੀ ਸੰਪੂਰਨਤਾ 23 ਨਵੰਬਰ 2018 ਦਿਨ ਸ਼ੁੱਕਰਵਾਰ ਨੂੰ ਹੋਵੇਗੀ।
ਇਸ ਤੋਂ ਇਲਾਵਾ 51 ਸ੍ਰੀ ਸਹਿਜ ਪਾਠਾਂ ਦੇ ਭੋਗ 3:00ਵਜੇ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਪੈਣਗੇ।
ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਅਪਾਰ ਰਹਿਮਤ ਅਤੇ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਸਦਕਾ ਖ਼ਾਲਸਾ ਸਕੂਲ ਅਤੇ ਕਿਚਨ ਦੀ ਨਵੀਂ ਬਣੀ ਇਮਾਰਤ ਦਾ ਸ਼ੁਭ ਮਹੂਰਤ 23 ਨਵੰਬਰ 2018, ਦਿਨ ਸ਼ੁੱਕਰਵਾਰ ਨੂੰ ਕੀਤਾ ਜਾਵੇਗਾ।
ਨਵੀਂ ਬਿਲਡਿੰਗ ਵਿਚ 21 ਨਵੰਬਰ 2018, ਦਿਨ ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 23 ਨਵੰਬਰ 2018 ਨੂੰ ਸੰਪੂਰਨਤਾ ਤੋਂ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦਿਆਂ ਵੱਧ ਚੜ੍ਹ ਕੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰੋ ਜੀ।
ਹੋਰ ਜਾਣਕਾਰੀ ਲਈ ਸੰਪਰਕ ਕਰੋ :-
ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ 510-790-0177


ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥
ਧੰਨ ਧੰਨ ਸਾਹਿਬ
ਸ਼੍ਰੀ ਗੁਰੂ ਨਾਨਕ ਦੇਵ ਜੀ
ਦੇ ਪ੍ਰਕਾਸ਼ ਪੁਰਬ ਤੇ ਆਤਮ ਰਸ ਕੀਰਤਨ ਦਰਬਾਰ
ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਡੇਸ਼ਨ ਵਿਖੇ
AT GURUDWARA SAHIB KHALSA CARE FOUNDATION
9989, Laurel Canyon Blvd, Pacoima, CA 91331
Nov 18 & 25 (Sunday)
Time : 10:00 am to 1:00 pm
Nov 19 & 24 (Mon-Sat)
Time : 6:30 pm to 8:30 pm
Sant Anoop Singh Ji
Bhai Varinder Singh
Bhai Kulvinder Singh ji
Bhai Surdeep Singh ji
Bhai Gurjot Singh ji
BHAI KANHIAIYA JEE LANGAR SEWA DAL
FOR MORE INFORMATION PLEASE CONTACT:
BALDEV SINGH (818) 468-9898, BALWINDER SINGH (818) 404-0811, MAKHAN SINGH (681) 225 - 7157, PARAMJIT SINGH (626) 354-6653

# ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**



## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

### ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ

ਸਮੂਹ ਨਾਨਕ ਨਾਮਲੇਵਾ ਸਿੱਖ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਸ਼ਿਕਾਗੋ ਦੀਆਂ ਸੰਗਤਾਂ ਵਲੋਂ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ-ਭਾਵਨਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸੰਗਤਾਂ ਵਲੋਂ ਸਾਂਝੇ ਰੂਪ ਵਿਚ ਸ੍ਰੀ ਸਹਿਜ ਪਾਠ 18 ਨਵੰਬਰ ਐਤਵਾਰ ਨੂੰ ਆਰੰਭ ਕੀਤੇ ਜਾਣਗੇ, ਜਿਨ੍ਹਾਂ ਦੇ ਭੋਗ 23 ਨਵੰਬਰ ਸ਼ੁੱਕਰਵਾਰ ਨੂੰ ਸ਼ਾਮ ਦੇ ਦੀਵਾਨਾਂ ਵਿਚ ਪਾਏ ਜਾਣਗੇ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ 24 ਨਵੰਬਰ ਦਿਨ ਸ਼ਨਿਚਰਵਾਰ ਨੂੰ ਸਵੇਰੇ 05:30 ਵਜੇ ਪ੍ਰਭਾਤ ਫੇਰੀ ਕੱਢੀ ਜਾਵੇਗੀ।
25 ਨਵੰਬਰ 2018 ਦਿਨ ਐਤਵਾਰ ਦੇ ਵਿਸ਼ੇਸ਼ ਦੀਵਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਹੋਣਗੇ।

### ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ

ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਸੰਬੰਧੀ ਵਿਸ਼ੇਸ਼ ਸਮਾਗਮ ਹੋ ਰਹੇ ਹਨ। ਗੁਰੂ ਸਾਹਿਬ ਦੀ ਸ਼ਹੀਦੀ ਦੇ ਸੰਬੰਧ ਵਿਚ 23 ਨਵੰਬਰ 2018 ਦਿਨ ਸ਼ੁੱਕਰਵਾਰ ਨੂੰ ਸਵੇਰੇ 06:00 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਜਿਨ੍ਹਾਂ ਦੇ ਭੋਗ 25 ਨਵੰਬਰ 2018 ਦਿਨ ਐਤਵਾਰ ਨੂੰ ਸਵੇਰੇ 09:30 ਵਜੇ ਪਾਏ ਜਾਣਗੇ ਅਤੇ ਸ੍ਰੀ ਨਿਸ਼ਾਨ ਸਾਹਿਬ ਦੇ ਬਸਤਰ ਬਦਲੇ ਜਾਣਗੇ।

*ਸ਼ਿਕਾਗੋ ਦੀਆਂ ਸਮੁੱਚੀਆਂ ਸੰਗਤਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪ ਜੀ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਪਹੁੰਚ ਕੇ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਇਨ੍ਹਾਂ ਵਿਸ਼ੇਸ਼ ਸਮਾਗਮਾਂ ਵਿਚ ਗੁਰਦੁਆਰਾ ਸਾਹਿਬ ਦੇ ਹੈਡਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਕਥਾ ਕਰਨਗੇ। ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵਲੋਂ ਕੀਰਤਨ ਰਾਹੀਂ ਧੁਰ ਕੀ ਬਾਣੀ ਸੰਗਤਾਂ ਨੂੰ ਸਰਵਣ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਸੰਗਤੀ ਮੈਂਬਰ ਵੀ ਕੀਰਤਨ ਰਾਹੀਂ ਹਾਜ਼ਰੀ ਲਗਵਾਉਣਗੇ।*

ਮਾਂਗਟ ਤੇ ਗਰੇਵਾਲ ਪਰਿਵਾਰ ਵਲੋਂ ਕਰਵਾਏ ਜਾ ਰਹੇ ਸ੍ਰੀ ਆਖੰਡਪਾਠ ਸਾਹਿਬ ਦੋਨੋਂ ਦਿਹਾੜਿਆਂ ਨੂੰ ਸਮਰਪਤ ਹੋਣਗੇ

### ਬੇਨਤੀ ਕਰਤਾ

**ਲਖਵੀਰ ਸਿੰਘ ਸੰਧੂ, ਸੁਤਿੰਦਰ ਸਿੰਘ, ਜਗਦੀਸ਼ ਸਿੰਘ ਸੰਧੂ, ਜੈਰਾਮ ਸਿੰਘ ਕਾਹਲੋਂ, ਹਰਿੰਦਰਪਾਲ ਸਿੰਘ, ਦਾਰਾ ਸਿੰਘ, ਗੁਰਮੀਤ ਸਿੰਘ ਖਾਲਸਾ, ਮਹਾਂਬੀਰ ਸਿੰਘ ਬਰਾੜ, ਸਲਵਿੰਦਰ ਕੌਰ ਸੰਧੂ, ਤਰਲੋਚਨ ਸਿੰਘ ਢਿੱਲੋਂ, ਅੱਛਰ ਸਿੰਘ, ਜਤਿੰਦਰ ਸਿੰਘ, ਦਵਿੰਦਰ ਸਿੰਘ ਗਰੇਵਾਲ, ਗੁਰਜੀਤ ਸਿੰਘ, ਪ੍ਰਭਜੋਤ ਸਿੰਘ ਬੈਂਸ, ਜੁਗਿੰਦਰ ਸਿੰਘ,ਮੱਖਣ ਸਿੰਘ ਕਲੇਰ, ਗੁਰਸ਼ਰਨ ਸਿੰਘ, ਬਾਬਾ ਗੁਰਚਰਨ ਸਿੰਘ,ਅਵਤਾਰ ਸਿੰਘ,ਗੁਰਸ਼ੇਰ ਸਿੰਘ,ਭਜਨ ਸਿੰਘ ਮਾਂਗਟ ਅਤੇ ਸਮੂਹ ਸੰਗਤ।**

## ਐਤਵਾਰ ਦੇ ਦੀਵਾਨ ਸ਼੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਪੁਰਬ ਨੂੰ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਹੋਣਗੇ।

*ਗੁਰੂ ਕੇ ਲੰਗਰਾਂ ਦੀ ਸੇਵਾ ਤਿੰਨ ਦਿਨ ਮਾਂਗਟ ਪਰਿਵਾਰ ਤੇ ਗਰੇਵਾਲ ਪਰਿਵਾਰ ਵਲੋਂ ਕੀਤੀ ਜਾਏਗੀ*


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ!
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders


Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING
TABLE CLOTH, NAPKINS, CHAIRS ETC.

ੴ ਸਤਿਗੁਰ ਪ੍ਰਸਾਦਿ ॥

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥

# HOLLYWOOD SIKH TEMPLE

(GURDWARA VERMONT - 323-665-7707)

## CELEBRATING 549TH PARKASH UTSAV OF

# SRI GURU NANAK DEV JI



**Sunday Dec. 2, 2018**

**7am To 5pm**

**Friendship Auditorium,**
**3201 Riverside Dr.**
**Los Angeles, CA 90027**

**7am - 9am: ASA-DI-VAAR, 9am - 11am: Kirtan by Children Jathas**
**11am - 5pm: Kirtan by renowned Ragi Jathas & Ragis from all over S. California**



Bhai Harjinder Singh ji



Sant Anoop Singh Ji



Bhai Ajit Singh Ji

## BREAKFAST SEWA BY: BHAI KANHAIYA DAL

**FOR PUNJABI BAZAR, CONTACT:**
*(Vendors, Please Bring Your Own Canopies.*
*Tables Will Be Provided By Us.*
S. Bhupinder Singh Dhillon ...323-514-6347
S. Baljinder Singh Multani .....213-249-8099
S. Gurdev Singh.......................323-304-4871

**RAGI JATHAS PLEASE CONTACT:**
S. Santokh Singh.............310 569 9506
S. Baldev Singh Johal.....661 965 5937

**VALET PARKING**
**& SHUTTLE AVAILABLE**

**MANAGEMENT COMMITTEE:**

Dr. Amarjit Singh Marwah (Chairman) • S. Baldev Singh Johal (President) • S. Bhupinder Singh Dhillon (V.P.) • S. Santokh Singh (Gen. Secy.)
S. Ronak Singh (Add. Secy.) • S. Nirmal Sehmbey (Membership Chairman) • S. Baljinder Singh Multani (V.P. Finance) • S. Gurdev Singh (Treasurer),
S. Gulbagh Singh (Add. Treasurer) • S. Amarjit Singh (Langar Inc.) • S. Sarbjit Padda (Maintenance) • Manjinder Singh Sagoo (Video)

For all other information, please call: S. Baldev Singh Johal (661) 965-5937 • S. Bhupinder Singh Dhillon (323) 514-6347 • S. Santokh Singh (310) 569-9506
Visit our website: www.HollywoodSikhTemple.org • E-mail: info@HollywoodSikhTemple.org , 323-665-7707

47833

# ਗੁਰਬਾਣੀ ਅਨੁਸਾਰ ਕਿਰਦਾਰ ਉਸਾਰੇ ਬਿਨਾ ਗੱਲ ਨਹੀਂ ਬਣਨੀ : ਅਜਮੇਰ ਸਿੰਘ

**ਪ੍ਰੋ. ਬਲਵਿੰਦਰਪਾਲ ਸਿੰਘ**



ਸਾਡੇ ਕੋਲ ਸਿੱਖ ਵਿਦਵਾਨਾਂ ਦੀ ਕਮੀ ਹੈ ਪਰ ਜਿੰਨੇ ਵੀ ਹਨ ਉਸਾਰੂ ਕਾਰਜ ਕਰ ਰਹੇ ਹਨ। ਇਸ ਤੋਂ ਇਲਾਵਾ ਸਿੱਖ ਪੱਤਰਕਾਰ ਵੀ ਹਨ ਪਰ ਉਹ ਵੀ ਘੱਟ ਹਨ। ਮੈਂ ਅੱਜ ਸਿੱਖ ਚਿੰਤਕਾਂ ਬਾਰੇ ਗੱਲ ਕਰਾਂਗਾ। ਸਰਦਾਰ ਗੁਰਤੇਜ ਸਿੰਘ, ਸਰਦਾਰ ਗੁਰਦਰਸ਼ਨ ਸਿੱਖ ਢਿੱਲੋਂ ਹਿਸਟੋਰੀਅਨ, ਜਸਪਾਲ ਸਿੰਘ ਸਿੱਧੂ ਵਧੀਆ ਕਾਰਜ ਕਰ ਰਹੇ ਹਨ। ਡਾਕਟਰ ਸੁਖਦਿਆਲ ਸਿੰਘ ਜੀ ਨੇ ਸਿੱਖ ਹਿਸਟਰੀ ਬਾਰੇ ਰਚਨਾਤਮਕ ਕੰਮ ਕੀਤਾ ਹੈ। ਡਾਕਟਰ ਗੰਡਾ ਸਿੰਘ ਤੋਂ ਬਾਅਦ ਉਹਨਾਂ ਦਾ ਕੰਮ ਕਾਫੀ ਵਧੀਆ ਹੈ। ਜੇ ਅਜਮੇਰ ਸਿੰਘ ਬਾਰੇ ਗੱਲ ਕਰੀਏ ਤਾਂ ਇਸ ਉਤੇ ਫਖਰ ਹੁੰਦਾ ਹੈ ਕਿ ਸ. ਅਜਮੇਰ ਸਿੰਘ ਨੇ ਜੂਨ-84 ਦੇ ਸਿੱਖ ਸੰਤਾਪ ਅਤੇ ਸਿੱਖ ਹਿਸਟਰੀ ਬਾਰੇ ਵਿਸ਼ਲੇਸ਼ਣ ਪੱਖ ਤੋਂ ਨਵੀਂ ਤੇ ਉਸਾਰੂ ਦ੍ਰਿਸ਼ਟੀ ਤੋਂ ਕੰਮ ਕੀਤਾ ਹੈ। ਉਹਨਾਂ ਦੀ ਲੇਖਣੀ ਨੂੰ ਅਸੀਂ ਸਾਹਿਤਕ ਨਾਮ 'ਇਤਿਹਾਸਕ ਆਲੋਚਨਾ' ਦਾ ਦੇ ਸਕਦੇ ਹਾਂ। ਇਹ ਵਿਧੀ ਅਪਨਾਉਣੀ ਸੌਖੀ ਨਹੀਂ ਹੁੰਦੀ। ਗੰਭੀਰ ਕਿਸਮ ਦੇ ਵਿਦਵਾਨ ਹੀ ਅਜਿਹੀ ਵਿਧੀ ਅਪਣਾ ਸਕਦੇ ਹਨ ਜਿਸ ਨੂੰ ਇਤਿਹਾਸ ਬਾਰੇ ਡੂੰਘੀ ਸਮਝ ਹੋਵੇ। ਅਜਮੇਰ ਸਿੰਘ ਦੀ ਖਾਸੀਅਤ ਹੈ ਕਿ ਉਸ ਦੀ ਭਾਸ਼ਾ ਆਮ ਲੋਕਾਂ ਦੀ ਸਮਝ ਵਿਚ ਆਉਣ ਵਾਲੀ ਹੈ। ਸਰਕਾਰੀ ਕਾਮਰੇਡਾਂ ਵਿਰੁੱਧ ਗਦਰੀ ਬਾਬਿਆਂ ਨੂੰ ਲੈ ਕੇ ਤੇ ਸਰਕਾਰੀ ਕਾਮਰੇਡਾਂ ਦੇ ਪੰਜਾਬ ਸੰਤਾਪ ਵਿਰੁੱਧ ਰੋਲ ਬਾਰੇ ਜੋ ਉਹਨਾਂ ਪੈਂਤੜਾ ਮੱਲਿਆ ਹੈ, ਉਸ ਲਈ ਉਹ ਸ਼ਲਾਘਾ ਦੇ ਹੱਕਦਾਰ ਹਨ। ਕਿਤੇ ਕੁਝ ਗਲਤੀਆਂ ਵੀ ਹੋਈਆਂ ਹੋਣਗੀਆਂ ਪਰ ਉਹਨਾਂ ਦੀ ਲਿਖਤ ਬਾਰੇ ਉਸਾਰੂ ਆਲੋਚਨਾ ਹੋਣੀ ਚਾਹੀਦੀ ਹੈ। ਇਹ ਕੋਈ ਯੋਗ ਪੈਂਤੜਾ ਨਹੀਂ ਕਿ ਉਹਨਾਂ ਨੂੰ ਸਾਬਕਾ ਨਕਸਲਵਾਦੀ ਕਹਿ ਕੇ ਰੱਦ ਕਰ ਦੇਈਏ। ਜਦ ਉਹ ਅੰਮ੍ਰਿਤਧਾਰੀ ਹਨ ਤਾਂ ਉਹਨਾਂ ਨੂੰ ਸਾਬਕਾ ਨਕਸਲੀ ਕਹਿ ਕੇ ਨਿੰਦਣਾ ਗੁਰੂ ਵਿਰੁੱਧ ਗੁਸਤਾਖੀ ਹੈ।

ਅੱਜਕੱਲ੍ਹ ਸਰਦਾਰ ਅਜਮੇਰ ਸਿੰਘ ਵਿਰੁੱਧ ਨਿੰਦਾ ਕਰਨ ਦੀ ਲਹਿਰ ਚੱਲੀ ਹੈ। ਜੋ ਬ੍ਰਾਹਮਣਵਾਦ ਵਿਰੁੱਧ ਲਿਖੇਗਾ ਇਹ ਹਮਲੇ ਸਹਿਣੇ ਪੈਣਗੇ। ਜਿਨ੍ਹਾਂ ਵਿਦਵਾਨਾਂ ਨੇ ਸਿੱਖੀ ਬਾਰੇ ਰਚਨਾਤਮਕ ਕੰਮ ਕੀਤਾ ਉਹ ਬਾਅਦ ਵਿਚ ਬ੍ਰਾਹਮਣਵਾਦ ਦੀ ਸੇਵਾ ਕਰਕੇ ਵਾਈਸ ਚਾਂਸਲਰ ਬਣ ਗਏ ਤੇ ਹੋਰ ਵੱਡੇ ਪ੍ਰੋਜੈਕਟ ਲੈ ਲਏ ਪਰ ਅਜਮੇਰ ਸਿੰਘ ਨੇ ਕੀ ਖੱਟਿਆ? ਉਹਨਾਂ ਨੇ ਕੋਈ ਸਰਕਾਰੀ ਅਹੁਦਾ ਨਹੀਂ ਖੱਟਿਆ ਪਰ ਸੰਗਤ ਵਲੋਂ ਮਾਣ ਬਹੁਤ ਖੱਟਿਆ। ਅਜਮੇਰ ਦੀ ਕਲਮ ਵਿਕਾਊ ਨਹੀਂ ਹੈ। ਉਸ ਦਾ ਅਟੈਕ ਬ੍ਰਾਹਮਣਵਾਦ ਉਤੇ ਹੈ। ਉਹ ਸਿੱਖ ਕਿਰਦਾਰ, ਸਿੱਖ ਸਭਿਆਚਾਰ ਉਤੇ ਜ਼ੋਰ ਦੇ ਰਿਹਾ ਹੈ। ਉਹ ਸਧਾਰਨ ਭਾਸ਼ਾ ਰਾਹੀਂ ਸਿੱਖ ਥਾਟ ਲੈ ਕੇ ਹਾਜ਼ਰ ਹੋਇਆ ਹੈ। ਸਾਨੂੰ ਵਿਚਾਰ ਅੱਗੇ ਤੋਰਨ ਦੀ ਲੋੜ ਹੈ। ਪਿਛਲੇ ਸਾਲ ਫਰੀਦਕੋਟ ਦੇ ਗੁਰਦੁਆਰਾ ਸਾਹਿਬ ਵਿਚ ਸੰਗਤਾਂ ਨੇ ਅਜਮੇਰ ਸਿੰਘ ਅਤੇ ਮੈਨੂੰ ਬੁਲਾਇਆ ਸੀ। ਉਹ ਲੈਕਚਰ ਸਿੰਘ ਸਭਾ ਲਹਿਰ ਬਾਰੇ ਸੀ। ਮੈ ਆਖਿਆ ਸੀ ਕਿ ਅਜਮੇਰ ਭਾਜੀ ਤੁਸੀਂ ਸਿੱਖ ਸਮੱਸਿਆ ਬਹੁਤ ਖੂਬਸੂਰਤੀ ਨਾਲ ਪੇਸ਼ ਕਰਦੇ ਹੋ ਪਰ ਹੱਲ ਵਿਸਥਾਰ ਨਾਲ ਪੇਸ਼ ਕਰੋ, ਹਰੇਕ ਸੁਣਨਾ ਚਾਹੁੰਦਾ ਹੈ, ਤਾਂ ਉਹ ਕਹਿੰਦੇ ਕਿ ਗੁਰਬਾਣੀ ਅਨੁਸਾਰ ਕਿਰਦਾਰ ਉਸਾਰੇ ਬਿਨਾ ਗੱਲ ਬਣਨੀ ਨਹੀਂ। ਮੈ ਵੀ ਇਸ ਸੋਚ ਦਾ ਹਾਂ। ਦੂਸਰੀ ਮੇਰੀ ਸੋਚ ਹੈ ਕਿ ਗੁਰੂਆਂ ਦੀ ਵਿਚਾਰਧਾਰਾ ਸਭ ਲੋਕਾਂ ਤਕ ਲੈ ਕੇ ਜਾਈਏ, ਇਸੇ ਵਿਚ ਸਿੱਖ ਪੰਥ ਦਾ ਭਵਿੱਖ ਹੈ। ਸਾਨੂੰ ਦਲਿਤ, ਈਸਾਈ, ਮੁਸਲਮਾਨ, ਬੋਧੀ, ਹਿੰਦੂ ਸਭ ਮਨੁੱਖਾਂ ਨਾਲ ਡਾਇਲਾਗ ਕਰਨਾ ਪਵੇਗਾ। ਸਾਡਾ ਕੋਈ ਵੈਰੀ ਤੇ ਕੋਈ ਬੇਗਾਨਾ ਨਹੀਂ ਹੈ। ਅਸੀਂ ਸਭ ਨਾਲ ਪਿਆਰ ਕਰੀਏ। ਜ਼ੁਲਮ ਤੇ ਭ੍ਰਿਸ਼ਟਾਚਾਰ ਦਾ ਵਿਰੋਧ ਕਰੀਏ। ਸ਼ਾਂਤੀ ਤੇ ਇਨਸਾਫ ਲਈ ਲੜੀਏ। ਅਸੀਂ ਗੁਰੂਆਂ ਦਾ ਸਭਿਆਚਾਰ ਪੂਰੇ ਵਿਸ਼ਵ ਵਿਚ ਲੈ ਕੇ ਜਾਣਾ ਹੈ।

### ਅਜਮੇਰ ਸਿੰਘ ਬਾਰੇ ਵੱਖ ਵੱਖ ਸ਼ਖਸੀਅਤਾਂ ਦੀ ਰਾਇ

ਅਜਮੇਰ ਸਿੰਘ ਜੀ ਨੂੰ ਬਹੁਤ ਵਾਰ ਸੁਣਿਆ ਹੈ ਇੱਕ ਚੰਗਾ ਇਤਿਹਾਸਕਾਰ ਹੋਣ ਦੇ ਨਾਲ-ਨਾਲ ਇੱਕ ਵਧੀਆ ਬੁਲਾਰਾ ਵੀ ਹੈ।

**- ਕੁਲਵਿੰਦਰ ਸਿੰਘ ਪਰਿਹਾਰ**

ਸ. ਅਜਮੇਰ ਸਿੰਘ ਦੇ ਵਿਚਾਰ ਸੁਣਨ ਵਾਲੇ ਹੁੰਦੇ ਨੇ, ਸਮਕਾਲੀ ਘਟਨਾਵਾਂ ਅਤੇ ਇਤਿਹਾਸ ਸਬੰਧੀ ਉਹਨਾਂ ਦੀ ਪਾਰਖੂ ਨਜ਼ਰ ਤੇ ਨਜ਼ਰੀਆ ਸੁਣ ਕੇ ਵਿਚਾਰਨਯੋਗ ਹੁੰਦਾ ਹੈ।

**- ਜਸਵਿੰਦਰ ਸਿੰਘ ਜੱਸ ਅਮਰਕੋਟੀ**

ਵਿਦਵਾਨ ਚਿੰਤਕ ਅਤੇ ਉਸ ਤੋਂ ਵੀ ਵਧੀਆ ਇਨਸਾਨ ਹਨ ਸਰਦਾਰ ਅਜਮੇਰ ਸਿੰਘ। ਆਮ ਬੋਲਚਾਲ ਦੀ ਭਾਸ਼ਾ ਵਿੱਚ ਕੀਤੀ ਡੂੰਘੀ ਵਿਚਾਰ ਵੀ ਸਹਿਜੇ ਹੀ ਦਿਲ ਅਤੇ ਦਿਮਾਗ ਵਿੱਚ ਉਤਰ ਜਾਂਦੀ ਹੈ। ਬਹੁਤ ਕੁੱਝ ਸਿੱਖਣ ਨੂੰ ਮਿਲਿਆ ਇਸ ਰੱਬ ਵਰਗੀ ਰੂਹ ਤੋਂ। ਇਨਸਾਨ ਗਲਤੀਆਂ ਦਾ ਪੁਤਲਾ ਹੈ, ਅਣਜਾਣਪੁਣੇ ਵਿਚ ਕੁਝ ਗਲਤੀਆਂ ਅਜਮੇਰ ਸਿੰਘ ਤੋਂ ਵੀ ਹੋ ਸਕਦੀਆਂ ਹਨ, ਆਖਰ ਉਹ ਵੀ ਇਨਸਾਨ ਹੈ ਪਰ ਉਹਨਾਂ ਸਿੱਖ ਇਤਿਹਾਸ ਨੂੰ ਇਕ ਵੱਖਰੇ ਪੱਖ ਤੋਂ ਸੰਗਤਾਂ ਵਿੱਚ ਰੱਖਿਆ ਬਾ-ਕਮਾਲ ਹੈ।

**-ਗੁਰਬਾਗ ਸਿੰਘ ਫਿੱਡੇ**

ਅਜਮੇਰ ਸਿੰਘ ਯੂਨੀਵਰਸਿਟੀਆਂ ਦੇ ਸਿੱਖ ਨੌਜਵਾਨਾਂ ਦੀ ਪਹਿਲੀ ਪਸੰਦ ਬਣ ਚੁੱਕੇ ਹਨ। ਮੈਂ ਉਨ੍ਹਾਂ ਦੇ ਪੀਏਯੂ ਲੁਧਿਆਣਾ ਵਿਖੇ ਦੋ ਸੈਮੀਨਾਰਾਂ ਵਿੱਚ ਹਾਜ਼ਰੀ ਭਰੀ ਤਾਂ ਦੇਖਿਆ ਕਿ ਨੌਜਵਾਨ ਸਾਹ ਰੋਕ ਕੇ ਸੁਣ ਰਹੇ ਸਨ।

**-ਜਗਤਾਰ ਸਿੰਘ ਦੌਧਰ**

## ਬਾਦਲਾਂ ਤੇ ਸਿਰਸੇਵਾਲੇ ਦੀ ਵਿਚੋਲਗਿਰੀ ਕਰਕੇ ਕਸੂਤਾ ਫਸਿਆ ਅਕਸ਼ੈ

**ਬਠਿੰਡਾ/ਬਿਊਰੋ ਨਿਊਜ਼ :** ਬਾਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਨੂੰ ਬੇਅਦਬੀ ਮਾਮਲੇ ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਵਿਸ਼ੇਸ਼ ਟੀਮ ਨੇ ਸੰਮਨ ਕੀਤੇ ਹਨ। ਮਾਮਲਾ ਸਿਰਸੇਵਾਲੇ ਸਾਧ ਦੀ ਵਿਵਾਦਤ ਫਿਲਮ ਨੂੰ ਪੰਜਾਬ ਵਿਚ ਰਿਲੀਜ਼ ਕਰਵਾਉਣ ਬਦਲੇ ਕਥਿਤ ਤੌਰ 'ਤੇ ਸੌ ਕਰੋੜ ਦੀ "ਸੌਦੇਬਾਜ਼ੀ" ਨਾਲ ਜੁੜਿਆ ਹੋਇਆ ਹੈ। ਵਿਸ਼ੇਸ਼ ਜਾਂਚ ਟੀਮ ਨੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ, ਦੋਵੇਂ ਪਿਓ-ਪੁੱਤ ਨੂੰ ਵੀ ਸੰਮਨ ਕੀਤੇ ਹਨ। ਪੰਜਾਬ ਦੇ ਇਕ ਸਾਬਕਾ ਵਿਧਾਇਕ ਹਰਬੰਸ ਸਿੰਘ ਜਲਾਲ ਵੱਲੋਂ ਬੇਅਦਬੀ ਮਾਮਲਿਆਂ ਦੀ ਜਾਂਚ ਲਈ ਬਣੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਮੂਹਰੇ ਬਕਾਇਦਾ ਬਿਆਨ ਦੇ ਕੇ ਇਸ ਤਰ੍ਹਾਂ ਦੀ "ਸੌਦੇਬਾਜ਼ੀ" ਦਾ ਜ਼ਿਕਰ ਕੀਤਾ ਗਿਆ ਸੀ। ਇਸ ਜਾਂਚ ਰਿਪੋਰਟ ਵਿਚ ਇਸ ਦਾ ਪੂਰਾ ਜ਼ਿਕਰ ਹੈ।

## ਵਾਰੀਅਰ ਸਿੱਖ ਨਾਈਟ




ਲੰਘੇ ਸੋਮਵਾਰ ਕੈਲੀਫੋਰਨੀਆ ਦੇ ਪ੍ਰਸਿੱਧ ਸ਼ਹਿਰ ਬੇ ਏਰੀਆ ਦੀ ਸਿੱਖ ਸੰਗਤ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ, ਸੈਨਹੋਜੇ ਅਤੇ ਸੈਲਡਫ ਸੰਸਥਾ ਦੇ ਵੱਡਮੁੱਲੇ ਸਹਿਯੋਗ ਸਦਕਾ ਦੁਨੀਆ ਦੀ ਪ੍ਰਸਿੱਧ ਬਾਸਕਟਬਾਲ ਵਾਰੀਅਰ ਦੀ ਟੀਮ ਨਾਲ "ਵਾਰੀਅਰ ਸਿੱਖ ਨਾਈਟ" ਮਨਾਈ ਗਈ। ਇਸ ਵਿਚ ਸਿੱਖ ਸੰਗਤਾਂ ਨੇ ਬੜੇ ਚਾਅ ਅਤੇ ਉਤਸ਼ਾਹ ਨਾਲ ਸ਼ਮੂਲੀਅਤ ਕਰਕੇ ਦੂਸਰੀਆਂ ਕੌਮਾਂ ਨੂੰ ਆਪਣੇ ਇਤਿਹਾਸ ਅਤੇ ਸੱਭਿਆਚਾਰ ਤੋਂ ਜਾਣੂ ਕਰਵਾਉਣ ਦਾ ਯਤਨ ਕੀਤਾ। ਅਮਰੀਕਾ ਵਿਚ ਨਵੰਬਰ ਮਹੀਨਾ ਵਿਸ਼ੇਸ਼ ਤੌਰ 'ਤੇ ਸਿੱਖ ਅਵੇਅਰਨੈਸ ਮਹੀਨੇ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸੇ ਨੂੰ ਹੀ ਮੁੱਖ ਰੱਖਦਿਆਂ ਸਿੱਖ ਸੰਗਤਾਂ ਨੇ ਵਿਸ਼ੇਸ਼ ਤੌਰ 'ਤੇ "ਵਾਰੀਅਰ ਸਿੱਖ ਨਾਈਟ" 'ਚ ਸ਼ਮੂਲੀਅਤ ਕਰਕੇ ਆਪਣੀ ਵੱਖਰੀ ਪਛਾਣ ਨੂੰ ਉਜਾਗਰ ਕੀਤਾ।






# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FLEET ONE
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO
Stopping Centers
TA
TravelCenters of America
Love's
Travel Stops & Country Stores

# ਮੋਟੇ ਫੰਡ ਦੇਣ ਵਾਲੇ ਪ੍ਰਵਾਸੀ ਪੰਜਾਬੀਆਂ ਦੀ ਕੇਜਰੀਵਾਲ ਦੇ ਨਾਮ ਚਿੱਠੀ

## ✪ ਕੇਜਰੀਵਾਲ ਨੂੰ ਪੰਜਾਬ ਦਾ ਗੱਦਾਰ ਕਿਹਾ ✪ ਪੰਜਾਬੀਆਂ ਨਾਲ ਧੋਖੇ ਤੇ ਧੋਖਾ ਕਰੀ ਜਾਣ ਦਾ ਲਾਇਆ ਦੋਸ਼

**ਆਮ ਆਦਮੀ ਪਾਰਟੀ ਨੂੰ ਜਿੰਨਾ ਸਮਰਥਨ ਵਿਦੇਸ਼ਾਂ ਚ ਵਸਦੇ ਪੰਜਾਬੀਆਂ ਨੇ ਦਿੱਤਾ ਸੀ, ਓਨਾ ਕਿਸੇ ਹੋਰ ਪਾਰਟੀ ਦੇ ਹਿੱਸੇ ਨਹੀਂ ਆਇਆ, ਪਰ ਆਮ ਆਦਮੀ ਪਾਰਟੀ ਪ੍ਰਵਾਸੀਆਂ ਦੇ ਮੋਹ ਪਿਆਰ ਤੇ ਤਿਆਗ ਨੂੰ ਸ਼ਾਇਦ ਹਜ਼ਮ ਨਹੀਂ ਕਰ ਸਕੀ, ਇਸੇ ਕਰਕੇ ਮਿਲੀਅਨਜ਼ ਡਾਲਰ ਫੰਡ ਦੇਣ ਵਾਲੇ ਤੇ ਆਪਣਾ ਕੀਮਤੀ ਸਮਾਂ ਪਾਰਟੀ ਦੀ ਉਸਾਰੀ ਦੇ ਲੇਖੇ ਲਾਉਣ ਵਾਲੇ ਪ੍ਰਵਾਸੀ ਪੰਜਾਬੀ ਅੱਜ ਬੇਹੱਦ ਨਿਰਾਸ਼ ਹਨ। 100 ਤੋਂ ਵੱਧ ਪੰਜਾਬੀ ਐੱਨ.ਆਰ.ਆਈਜ਼ ਨੇ ਸੁਖਪਾਲ ਖਹਿਰਾ ਅਤੇ ਕੰਵਰ ਸੰਧੂ ਨੂੰ ਮੁਅੱਤਲ ਕਰਨ ਦਾ ਸਖ਼ਤ ਵਿਰੋਧ ਕਰਦੇ ਹੋਏ, ਅਰਵਿੰਦ ਕੇਜਰੀਵਾਲ ਨੂੰ ਪੰਜਾਬ ਦਾ ਗੱਦਾਰ ਐਲਾਨ ਦਿੱਤਾ ਹੈ। ਆਪਣੀ ਚਿੱਠੀ 'ਚ ਇਹਨਾਂ ਪ੍ਰਵਾਸੀਆਂ ਨੇ ਲਿਖਿਆ ਹੈ-**

ਪੇਸ਼ਕਸ਼ : ਅਮਨਦੀਪ ਹਾਂਸ

ਸੇਵਾ ਵਿਖੇ

**ਅਰਵਿੰਦ ਕੇਜਰੀਵਾਲ**

ਇਹ ਚਿੱਠੀ ਉਹਨਾਂ ਪਰਵਾਸੀ ਪੰਜਾਬੀਆਂ ਵੱਲੋਂ ਹੈ, ਜਿਹਨਾਂ ਨੇ ਮਿਲੀਅਨਜ਼ ਡਾਲਰ ਤੁਹਾਡੀ ਪਾਰਟੀ ਲਈ ਭੇਜੇ ਸਨ।

ਅਸੀਂ ਲੋਕਾਂ ਨੇ ਸੰਨ 2013 ਤੋਂ ਅਨਮੋਲ ਸਮਾਂ ਅਤੇ ਸਮਰਥਨ ਇਸ ਕਰਕੇ ਤੁਹਾਡੀ ਪਾਰਟੀ ਨੂੰ ਦਿੱਤਾ ਸੀ ਤਾਂਜੋ ਸਿਸਟਮ 'ਚ ਬਦਲਾਅ ਲਈ ਤੁਹਾਡੀ ਪਾਰਟੀ ਦੀ ਮਜ਼ਬੂਤੀ ਨਾਲ ਉਸਾਰੀ ਹੋ ਸਕੇ। ਸਵਰਾਜ ਦੀ ਵਿਚਾਰਧਾਰਾ ਅਤੇ ਸੰਕਲਪ ਲਿਆਂਦਾ ਗਿਆ ਸੀ, ਇਸ ਕਰਕੇ ਹੀ ਐਨਆਰਆਈਜ਼ ਤੁਹਾਡੀ ਪਾਰਟੀ ਨੂੰ ਸਮਰਥਨ ਦਿੰਦੇ ਰਹੇ। ਪੰਜਾਬੀ ਐੱਨਆਰਆਈਜ਼ ਨੇ ਤੁਹਾਨੂੰ ਦਿੱਲੀ ਦਾ ਮੁੱਖ ਮੰਤਰੀ ਬਣਾਉਣ ਲਈ ਵੀ ਮੁੱਖ ਭੂਮਿਕਾ ਨਿਭਾਈ।

ਪਰ ਅਸੀਂ ਪਰਵਾਸੀ ਆਪਣਾ ਕੀਮਤੀ ਸਮਾਂ, ਊਰਜਾ ਤੇ ਪੈਸਾ ਤੁਹਾਡੇ ਲਈ ਦੇ ਕੇ ਅੱਜ ਬੁਰੀ ਤਰ੍ਹਾਂਨਿਰਾਸ਼ ਹੋ ਕੇ ਬੈਠੇ ਹਾਂ, ਕਿਉਂਕਿ ਜੋ ਆਸ ਦਿਖਾ ਕੇ, ਗੱਲਾਂ ਕਰਕੇ ਤੁਸੀਂ ਸੱਤਾ ਵਿਚ ਆਏ ਸੀ, ਉਹਨਾਂ ਉਮੀਦਾਂ ਉਤੇ ਤੁਸੀਂ ਪੂਰੀ ਤਰ੍ਹਾਂਪੋਚਾ ਫੇਰ ਕੇ ਰੱਖ ਦਿੱਤਾ, ਪੰਜਾਬੀਆਂ ਦੀਆਂ ਉਮੀਦਾਂ ਨੂੰ ਮੇਟ ਕੇ ਰੱਖ ਦਿੱਤਾ। ਹਾਲਤ ਇਹ ਹੈ ਕਿ ਇਤਿਹਾਸ ਵਿਚ "ਅਰਵਿੰਦ ਕੇਜਰੀਵਾਲ ਇਕ ਪੰਜਾਬ ਦੇ ਗੱਦਾਰ" ਦੇ ਤੌਰ 'ਤੇ ਜਾਣੇ ਜਾਣਗੇ।

ਇੱਕ-ਦੋ ਵਾਰ ਨਹੀਂ, ਕਈ ਵਾਰ ਤੁਸੀਂ ਦਿੱਲੀ ਵਾਲਿਆਂਨੇ ਪੰਜਾਬ ਦੇ ਲੋਕਾਂ ਪ੍ਰਤੀ ਆਪਣੇ ਬੁਰੇ ਇਰਾਦਿਆਂ ਦਾ ਮੁਜ਼ਾਹਰਾ ਕੀਤਾ, ਤੁਹਾਡੇ ਤੋਂ ਵੱਡੀਆਂ ਆਸਾਂ ਰੱਖਣ ਵਾਲੇ ਲੋਕਾਂਦੀਆਂ ਭਾਵਨਾਵਾਂ ਨਾਲ ਤੁਸੀਂ ਧੋਖਾ ਕੀਤਾ, ਜਿਨ੍ਹਾਂ ਨੇ ਪਿਛਲੇ 5 ਸਾਲਾਂ ਤੋਂ ਤੁਹਾਨੂੰ ਆਪਣਾ ਕੀਮਤੀ ਸਮਾਂ ਅਤੇ ਪੈਸਾ ਦਿੱਤਾ। ਅਸੀਂ ਤੁਹਾਡੇ ਪਿਛਲੇ ਪੰਜ ਸਾਲਾਂ ਦੀ ਕਾਰਗੁਜ਼ਾਰੀ ਦੀ ਘੋਖ ਕਰਦੇ ਹਾਂ ਤਾਂਬਹੁਤ ਕੁਝ ਅਜਿਹਾ ਨਸ਼ਰ ਹੁੰਦਾ ਹੈ ਜੋ ਸਾਬਤ ਕਰਦਾ ਹੈ ਕਿ ਤੁਸੀਂ ਪੰਜਾਬ ਅਤੇ ਪੰਜਾਬੀਆਂ ਨਾਲ ਧੋਖਾ ਕੀਤਾ ਹੈ :

ਸੰਨ 2014 ਦੀਆਂ ਆਮ ਚੋਣਾਂ ਵਿਚ, ਪੰਜਾਬ ਨੇ ਪੰਜਾਬੀ ਐੱਨਆਰਆਈਜ਼ ਦੀ ਅਪੀਲ ਉਤੇ , ਬੇਨਤੀ ਉਤੇ, ਤਰਲੇ ਉਤੇ ਤੁਹਾਨੂੰ ਆਕਸੀਜਨ ਪ੍ਰਦਾਨ ਕੀਤੀ, ਪੂਰੇ ਮੁਲਕ 'ਚ ਤੁਹਾਡੀ ਪਾਰਟੀ ਕੁਝ ਨਾ ਕਰ ਸਕੀ, ਪਰ ਪੰਜਾਬ ਨੇ ਤੁਹਾਨੂੰ ਸੰਸਦ ਲਈ ਚਾਰ ਸੀਟਾਂ ਜਿਤਾ ਦਿੱਤੀਆਂ, ਪਰ ਤੁਸੀਂ ਚਹੁੰ ਸੰਸਦ ਮੈਂਬਰਾਂ ਨੂੰ ਇਕ-ਦੂਜੇ ਨਾਲੋਂ ਹੀ ਨਹੀਂ ਤੋੜਿਆ, ਬਲਕਿ ਸੰਨ 2015 ਵਿਚ ਅਨੁਸ਼ਾਸਨੀ ਕਮੇਟੀ ਦੇ ਚੇਅਰਪਰਸਨ ਡਾ. ਦਲਜੀਤ ਸਿੰਘ ਨੂੰ ਵੀ ਦਰਕਿਨਾਰ ਕਰਕੇ ਰੱਖ ਦਿੱਤਾ। ਤੁਸੀਂ ਡਾ. ਧਰਮਵੀਰ ਗਾਂਧੀ, ਹਰਿੰਦਰ ਖਾਲਸਾ ਅਤੇ ਹੋਰਨਾਂ ਦੇ ਨਾਲ ਪੰਜਾਬੀਆਂ ਨੂੰ ਵੀ ਮੁਅੱਤਲ ਕਰਕੇ ਰੱਖ ਦਿੱਤਾ, ਕਿਉਂਕਿ ਉਨ੍ਹਾਂ ਨੇ ਤੁਹਾਨੂੰ ਯੋਗੇਂਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਣ ਨੂੰ ਹਾਸ਼ੀਏ ਉਤੇ ਕਰਨ ਬਾਰੇ ਸਵਾਲ ਪੁੱਛੇ ਸਨ। ਤੁਹਾਡੇ ਵਲੋਂ ਚੁਸਤੀ ਨਾਲ ਕੀਤਾ ਗਿਆ ਪੰਜਾਬ ਦੇ ਲੋਕਾਂ ਲਈ ਇਹ ਪਹਿਲਾ ਨੁਕਸਾਨ ਸੀ ਜਦੋਂ ਉਨ੍ਹਾਂ ਦੇ ਸੰਸਦ ਮੈਂਬਰਾਂ ਨੂੰ ਸਿਰਫ ਏਸ ਕਰਕੇ ਪਾਰਟੀ ਨੇ ਮੁਅੱਤਲ ਕਰ ਦਿੱਤਾ ਕਿਉਂਕਿ ਉਹਨਾਂ ਨੇ ਪਾਰਟੀ ਦਾ ਥੰਮ੍ਹ ਬਣੇ ਲੀਡਰਾਂ ਨੂੰ ਬਾਹਰ ਕਰਨ ਬਾਰੇ ਸਵਾਲ ਪੁੱਛਣ ਦੀ ਜੁਰਅਤ ਦਿਖਾਈ ਸੀ।

ਦੂਜੀ ਵਾਰ ਧੋਖਾ ਓਦੋਂ ਹੋਇਆ, ਜਦ ਸਾਲ 2016 ਦੌਰਾਨ ਤੁਸੀਂ ਪਾਰਟੀ ਤੋਂ ਸੁੱਚਾ ਸਿੰਘ ਛੋਟੇਪੁਰ ਨੂੰ ਫਰਜ਼ੀ ਅਤੇ ਝੂਠੇ ਦੋਸ਼ਾਂ ਨਾਲ ਕੱਢਿਆ। ਛੋਟੇਪੁਰ ਨੂੰ ਪਾਰਟੀ ਚੋਂ ਬਾਹਰ ਕਰਨਾ ਪਾਰਟੀ ਲਈ ਵਿਧਾਨ ਸਭਾ ਚੋਣਾਂ 2017 ਵਿੱਚ ਨੁਕਸਾਨ ਦਾ ਵੱਡਾ ਕਾਰਨ ਸੀ ਪਰ ਫਿਰ ਵੀ ਅਸੀਂ ਇਸ ਦੀ ਅਣਦੇਖੀ ਕੀਤੀ ਕਿਉਂਕਿ ਚੋਣਾਂਵਿਚ ਬਹੁਤ ਕੁਝ ਦਾਅ 'ਤੇ ਲਾਇਆ ਸੀ, ਖ਼ੂਨ ਪਸੀਨਾ ਵਹਾਇਆ ਸੀ।

ਤੀਸਰਾ ਧੋਖਾ, ਚੋਣਾਂ ਤੋਂ ਬਾਅਦ ਤੁਸੀਂ ਅਤੇ ਤੁਹਾਡੀ ਕੋਰ ਟੀਮ ਨੇ ਗੁਰਪ੍ਰੀਤ ਘੁੱਗੀ ਨਾਲ ਧੋਖਾ ਕਰਕੇ ਪੰਜਾਬੀਆਂ ਨਾਲ ਕੀਤਾ, ਉਹ ਤੁਹਾਡੀ ਪਾਰਟੀ ਨਾਲ ਤੁਰਿਆ, ਉਸ ਨੂੰ ਲੱਗਿਆ ਸੀ ਕਿ ਇਸ ਪਾਰਟੀ ਜਰੀਏ ਉਹ ਪੰਜਾਬੀਆਂ ਚ ਸਕਾਰਾਤਮਕ ਊਰਜਾ ਲਿਆਉਣਗੇ ਪਰ ਤੁਸੀਂ ਉਨ੍ਹਾਂਦੀ ਬੇਇੱਜ਼ਤੀ ਕੀਤੀ, ਧੋਖਾ ਕੀਤਾ ਅਤੇ ਉਹ ਸਿਆਸਤ ਛੱਡ ਗਿਆ। ਅਸੀਂ ਫਿਰ ਚੁੱਪ-ਚਾਪ ਸ਼ਾਂਤ ਹੋ ਗਏ ਤੇ ਇਸ ਨੂੰ ਅਣਡਿੱਠ ਕੀਤਾ। ਫੇਰ ਗੁਰਦਾਸਪੁਰ ਜ਼ਿਮਨੀ ਚੋਣ ਆਈ, ਅਸੀਂ ਉਸ ਲਈ ਕੰਮ ਕੀਤਾ, ਸਿਰਫ ਇਸ ਉਮੀਦ ਨਾਲ ਕਿ ਤੁਸੀਂ ਸ਼ਾਇਦ ਆਪਣੀਆਂਗਲਤੀਆਂ ਤੋਂ ਕੁਝ ਸਿੱਖੋਗੇ ਤੇ ਪੰਜਾਬ ਦੇ ਵੱਡੇ ਹਿੱਤਲਈ ਸ਼ਾਇਦ ਕੁਝ ਕਰੋਗੇ, ਪਰ ਅਸੀਂ ਗਲਤ ਸਾਬਤ ਹੋਏ, ਧੋਖਾ ਖਾ ਗਏ।

ਚੌਥਾ ਅਤੇ ਸਭ ਤੋਂ ਵੱਡਾ ਧੋਖਾ ਸਾਡੇ ਪੰਜਾਬੀਆਂ ਨਾਲ ਉਦੋਂ ਹੋਇਆ, ਜਦੋਂ ਤੁਸੀਂ ਬਿਕਰਮਜੀਤ ਸਿੰਘ ਮਜੀਠੀਆ ਤੋਂ ਮੁਆਫੀ ਮੰਗੀ

ਅਸੀਂ ਸਮਝ ਹੀ ਨਾ ਸਕੇ ਕਿ ਅਜਿਹਾ ਕਿਉਂ ਹੋਇਆ, ਤੁਸੀਂ ਆਖਰ ਮਾਫੀ ਕਿਉਂ ਮੰਗੀ ?

ਤੁਸੀਂ ਅਤੇ ਤੁਹਾਡੀ ਪੂਰੀ ਟੀਮ ਨੇ ਸਾਰੇ ਪੰਜਾਬੀ ਵਲੰਟੀਅਰਾਂ, ਉਮੀਦਵਾਰਾਂ ਅਤੇ ਨੇਤਾਵਾਂ ਨੂੰ ਪੋਸਟਰ ਲਗਾਉਣ ਲਈ ਮਜਬੂਰ ਕੀਤਾ ਸੀ ਕਿ ਮਜੀਠੀਆ ਡਰੱਗ ਤਸਕਰ ਹੈ। ਤੁਹਾਡੇ ਉਤੇ ਭਰੋਸਾ ਕਰਕੇ ਪੰਜਾਬ ਦੇ ਹਜ਼ਾਰਾਂ ਵਲੰਟੀਅਰਾਂ ਨੇ ਨਤੀਜਾ ਭੁਗਤਣ ਤੋਂ ਬਗੈਰ ਮਜੀਠੀਆ ਬਾਰੇ ਅਜਿਹਾ ਪ੍ਰਚਾਰ ਕੀਤਾ। ਇਥੋਂ ਤਕ ਕਿ ਸਕੂਲੀ ਬੱਚੇ ਵੀ ਹੱਥ ਵਿਚ ਇਹ ਬੈਨਰ ਲੈ ਕੇ ਤੁਰੇ ਸਨ। ਪਰ ਤੁਸੀਂ ਪੰਜਾਬ ਦੇ ਬੱਚਿਆਂ ਤੋਂ ਲੈ ਕੇ ਪਰਵਾਸੀ ਪੰਜਾਬੀਆਂ ਤੱਕ ਸਾਰੇ ਵਲੰਟੀਅਰਾਂ ਨਾਲ ਧੋਖਾ ਕੀਤਾ। ਕਿਸੇ ਨਾਲ ਮਸ਼ਵਰੇ ਤੋਂ ਬਗੈਰ ਆਪਣੇ ਸ਼ਬਦ ਵਾਪਸ ਲੈ ਲਏ। ਤੁਸੀਂ ਕਦੇ ਵੀ ਆਪਣੀ ਪਾਰਟੀ ਦੇ ਚੁਣੇ ਹੋਏ ਨੇਤਾਵਾਂ ਨਾਲ ਕਦੇ ਵੀ ਸਲਾਹ ਨਹੀਂ ਕੀਤੀ।



ਪੰਜਵਾਂ ਧੋਖਾ, ਹਾਲ ਹੀ ਵਿਚ ਹੋਇਆ ਹੈ, ਸੁਖਪਾਲ ਖਹਿਰਾ ਦੀ ਮੁਅੱਤਲੀ। ਉਹ ਮਿਹਨਤੀ ਹੈ, ਵਿਰੋਧੀ ਧਿਰ ਦੇ ਨੇਤਾ ਵਜੋਂ ਪੂਰੀ ਠੋਕ ਵਜਾ ਕੇ ਡਿਊਟੀ ਨਿਭਾਉਂਦਾ ਰਿਹਾ, ਉਹ ਲੋਕਾਂ'ਚ ਵਿਚਰਿਆ, ਵਲੰਟੀਅਰਾਂ ਦੀ ਗੱਲ ਸੁਣੀ, ਪੰਜਾਬ ਦੇ ਲੋਕਾਂ ਦੀ ਗੱਲ ਸੁਣੀ ਅਤੇ ਜਿੰਨੀ ਹੋ ਸਕੇ ਉਨ੍ਹਾਂ ਦੀ ਮਦਦ ਕੀਤੀ।

ਸੁਖਪਾਲ ਖਹਿਰਾ ਨੇ ਅਸਲ ਵਿਚ ਦਿਖਾਇਆ ਅਤੇ ਸਾਬਤ ਕੀਤਾ ਕਿ ਪੰਜਾਬ ਵਿਚ ਨਹੀਂ ਬਲਕਿ ਪੂਰੇ ਭਾਰਤ ਵਿਚ ਵਿਰੋਧੀ ਧਿਰ ਦੇ ਨੇਤਾ ਦੀ ਅਸਲ ਭੂਮਿਕਾ ਕੀ ਹੋਣੀ ਚਾਹੀਦੀ ਹੈ। ਪਰ ਤੁਸੀਂ ਖਹਿਰਾ ਦੇ ਵਧ ਰਹੇ ਸਿਆਸੀ ਕੱਦ ਤੇ ਉਸ ਦੀ ਲੋਕ-ਮਨਭਾਉਂਦੀ ਕਾਰਗੁਜ਼ਾਰੀ ਨੂੰ ਬਰਦਾਸ਼ਤ ਨਹੀਂ ਕਰ ਸਕੇ। ਤੁਸੀਂ ਪੰਜਾਬ ਪ੍ਰਤੀ ਆਪਣੀ ਬਿਮਾਰ ਮਾਨਸਿਕਤਾ ਜ਼ਾਹਰ ਕੀਤੀ। ਪੰਜਾਬ ਦੇ ਵਿਧਾਇਕਾਂ ਦੀ ਸਮੁੱਚੀ ਟੀਮ ਨਾਲ ਸਲਾਹ ਕੀਤੇ ਬਗੈਰ ਟਵੀਟ ਰਾਹੀਂ ਸੁਖਪਾਲ ਖਹਿਰਾ ਨੂੰ ਵਿਰੋਧੀ ਧਿਰ ਦੇ ਅਹੁਦੇ ਤੋਂ ਲਾਹ ਕੇ ਪੰਜਾਬ ਦੇ ਸਭ ਤੋਂ ਉਭਰ ਰਹੇ ਪ੍ਰਮੁੱਖ ਚਿਹਰੇ ਨੂੰ ਬੇਇੱਜ਼ਤ ਕੀਤਾ, ਬਿਨਾ ਸਿਰ ਪੈਰ ਦੇ ਦੋਸ਼ਾਂ ਨਾਲ ਖਹਿਰਾ ਨੂੰ ਪਾਰਟੀ ਚੋਂ ਮੁਅੱਤਲ ਕਰ ਦਿੱਤਾ।

ਤੁਸੀਂ ਕੰਵਰ ਸੰਧੂ ਵਰਗੇ ਸੀਨੀਅਰ ਤੇ ਸੁਲਝੇ ਹੋਏ ਪੱਤਰਕਾਰ ਨੂੰ ਵੀ ਪਾਰਟੀ ਚੋਂ ਬਾਹਰ ਕਰ ਦਿੱਤਾ। ਇਹ ਵੀ ਭੁੱਲ ਗਏ ਕਿ ਉਹ ਹਮੇਸ਼ਾ ਮੀਡੀਆ ਵਿਚ ਤੁਹਾਡੇ ਲਈ ਇਕ ਸੁਲਝਿਆ ਹੋਇਆ ਬੁਲਾਰਾ ਰਿਹਾ ਤੇ ਪੰਜਾਬ ਲਈ ਚੰਗੇ ਐਲਾਨਨਾਮੇ ਘੜਨ ਚ ਉਸ ਦਾ ਯੋਗਦਾਨ ਰਿਹਾ।

ਛੇਵਾਂ ਧੋਖਾ, ਜਦੋਂ ਤੁਸੀਂ ਦਿੱਲੀ ਵਿਚ ਪ੍ਰਦੂਸ਼ਣ ਲਈ ਪੰਜਾਬ ਦੇ ਗਰੀਬ ਕਿਸਾਨਾਂ 'ਤੇ ਦੋਸ਼ ਲਾਇਆ। ਤੁਹਾਡਾ ਇਹ ਬਿਆਨ ਇਕ ਲਾਪਰਵਾਹ ਸਿਆਸਤਦਾਨ ਦੇ ਬਿਆਨ ਵਰਗਾ ਸੀ ਜਾਂ ਇਹ ਧਰੁੱਵੀਕਰਨ ਦੀ ਘਿਨਾਉਣੀ ਰਾਜਨੀਤੀ ਸੀ, ਤੁਸੀਂ ਇਸ ਬਾਰੇ ਚੰਗੀ ਤਰ੍ਹਾਂ ਘੋਖ ਨਹੀਂ ਕੀਤੀ ਸਾਰੇ ਤੱਥਾਂ ਨੂੰ ਨਜ਼ਰਅੰਦਾਜ਼ ਕੀਤਾ।

ਤੁਹਾਨੂੰ ਯਾਦ ਕਰਵਾ ਦੇਈਏ ਕਿ ਸਾਲ -2014, 2015 ਅਤੇ 2016 ਵਿਚ ਤੁਸੀਂ ਹੀ ਦਿੱਲੀ ਦੇ ਮੁੱਖ ਮੰਤਰੀ ਸੀ ਤੇ ਕਿਸਾਨ ਉਦੋਂ ਵੀ ਪਰਾਲੀ ਸਾੜਦੇ ਰਹੇ ਪਰ ਤੁਹਾਨੂੰ ਉਦੋਂ ਫਰਕ ਨਹੀਂ ਸੀ ਪੈਂਦਾ, ਕਿਉਂਕਿ ਉਦੋਂ ਤੁਸੀਂ ਪੰਜਾਬੀਆਂ ਤੋਂ ਪੈਸਾ ਬਟੋਰ ਰਹੇ ਸੀ ਤੇ ਤੁਹਾਨੂੰ ਆਸ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਬਣੋਗੇ। ਬਹੁਤ ਸਾਰੀਆਂ ਛੋਟੀਆਂ ਅਤੇ ਵੱਡੀਆਂ ਘਟਨਾਵਾਂ ਵਾਪਰੀਆਂ ਪਰ ਅਸੀਂ ਸਾਰੇ ਤੁਹਾਡੇ ਨਾਲ ਖੜ੍ਹੇ ਰਹੇ, ਪੰਜਾਬ ਨੂੰ ਬਿਹਤਰ ਬਣਾਉਣ ਦੀ ਉਮੀਦ ਚ ਸਭ ਕੁਝ ਅਣਡਿੱਠ ਕੀਤਾ।

ਅਸੀਂ ਹਮੇਸ਼ਾ ਤੁਹਾਨੂੰ ਭਗਵੰਤ ਮਾਨ ਦੀ ਲਾਲਪਰੀ ਪੀਣ ਦੀ ਸਮੱਸਿਆ ਕਾਰਨ ਹੋਣ ਵਾਲੀ ਗੜਬੜੀ ਲਈ ਚੇਤਾਵਨੀ ਦਿੱਤੀ ਸੀ। ਅਸੀਂ ਤੁਹਾਡੇ ਨੁਮਾਇੰਦਿਆਂ ਦੁਆਰਾ ਝੂਠੇ ਰਿਕਾਰਡ ਬਣਾ ਕੇ ਲੀਡਰਾਂ ਨੂੰ ਬਦਨਾਮ ਕਰਨ ਵਾਲੀ ਘਟੀਆ ਰਣਨੀਤੀ ਬਾਰੇ ਤੁਹਾਨੂੰ ਚਿਤਾਵਨੀ ਦਿੱਤੀ । ਨੇਤਾਵਾਂ ਦੇ ਅਕਸ ਨੂੰ ਲੈ ਕੇ ਹਾਲ ਹੀ ਵਿਚ ਗੈਰੀ ਬੜਿੰਗ ਵਲੋਂ ਲਿਆਂਦੀ ਰਿਕਾਰਡਿੰਗ ਨੈਤਿਕਤਾ ਦੇ ਪੱਖ ਤੋਂ ਹੇਠਲੇ ਦਰਜੇ ਦੀ ਹੈ। ਹੁਣ ਜਦੋਂ ਸਾਰੇ ਸੁਹਿਰਦ ਲੋਕ ਪਾਰਟੀ ਅੰਦਰਲਾ ਵਿਵਾਦ ਮੁਕਾਉਣ ਵੱਲ ਵਧ ਰਹੇ ਸਨ ਤਾਂ ਇੱਕ ਦਮ ਇਕਤਰਫਾ ਅਹੁਦੇਦਾਰੀਆਂ ਦੀ ਵੰਡ ਸ਼ੁਰੂ ਹੋ ਗਈ। ਇਸ ਨਾਲ ਸਾਫ ਹੋ ਗਿਆ ਕਿ ਇਹ ਪੱਖਪਾਤ, ਕੰਟਰੋਲ ਤੇ ਮਾਸਟਰ ਪਲਾਨਿੰਗ ਉਹਨਾਂ ਲੀਡਰਾਂ ਤੋ ਖਹਿੜਾ ਛੁਡਵਾਉਣ ਲਈ ਵਰਤਿਆ ਪੈਂਤੜਾ ਹੈ, ਜੋ ਪੰਜਾਬ ਲਈ ਕੁਝ ਕਰਨਾ ਲੋਚਦੇ ਹਨ।

ਇਕ ਹੋਰ ਮੁੱਦਾ ਵੀ ਧਿਆਨਗੋਚਰ ਹੈ ਕਿ ਫੰਡਾਂ ਦੀ ਵੰਡ-ਵਰਤੋਂ ਬਾਰੇ ਅਤੇ ਚੋਣਾਂ 'ਚ ਮਿਲੀ ਹਾਰ ਬਾਰੇ ਚਰਚਾ ਕਰਨ ਲਈ ਕੋਈ ਸੰਪਰਕ, ਕੋਈ ਗੱਲਬਾਤ ਲਈ ਪਲੇਟਫਾਰਮ, ਚੈਨਲ ਕੁਝ ਵੀ ਨਹੀਂ..? ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਉਤੇ ਬਹੁਤ ਸਾਰੇ ਇਲਜਾਮ ਲੱਗੇ ਪਰ ਕੋਈ ਕਾਰਵਾਈ ਸਾਨੂੰ ਤਾਂ ਕਿਤੇ ਨਜ਼ਰ ਨਹੀਂ ਪਈ। ਸਗੋਂ ਸੰਜੇ ਸਿੰਘ ਨੂੰ ਰਾਜ ਸਭਾ 'ਚ ਪੁਚਾ ਦਿੱਤਾ ਗਿਆ ਅਤੇ ਦੁਰਗੇਸ਼ ਪਾਠਕ ਪੀਏਸੀ ਦੇ ਨਾਲ ਨਾਲ ਸਿਖਰਲੇ ਅਹੁਦਿਆਂ ਉਤੇ ਬਿਰਾਜਮਾਨ ਹੈ। ਤੇ ਇਸ ਤੋਂ ਵੀ ਵੱਧ ਕੇਜਰੀਵਾਲ ਸਾਹਿਬ 'ਗੁਪਤਿਆਂ' ਨੂੰ ਦਿੱਤੀਆਂ ਰਾਜ ਸਭਾ ਸੀਟਾਂ ਤੁਹਾਡੀ ਇਮਾਨਦਾਰ ਸਿਆਸਤ ਕਰਨ ਵਾਲੀ ਸੁਹਿਰਦਤਾ ਦੇ ਸਾਰੇ ਪਾਜ ਉਘਾੜ ਚੁੱਕੀਆਂ ਹਨ।

ਉਕਤ ਸਾਰੇ ਨੁਕਤਿਆਂ ਨੂੰ ਵਾਚ ਕੇ ਅਸੀਂ ਇਹ ਕਹਿਣ ਲਈ ਮਜਬੂਰ ਹੋਏ ਹਾਂ ਕਿ ਤੁਸੀਂ ਪੰਜਾਬ ਦੇ ਗੱਦਾਰ ਹੋ, ਧੋਖੇਬਾਜ਼ ਹੋ ਤੇ ਆਮ ਕਰਕੇ ਸਿਆਸਤਦਾਨਾਂ ਲਈ ਵਰਤਿਆ ਜਾਂਦਾ 'ਵਿਸ਼ੇਸ਼ਣ' ਚੋਰ ਵੀ ਤੁਹਾਡੇ ਲਈ ਢੁਕਵਾਂ ਹੈ।

ਤੁਸੀਂ ਇਕ ਭ੍ਰਿਸ਼ਟ ਲੀਡਰ ਵਾਂਗ ਪੰਜਾਬ ਨੂੰ ਲੁੱਟਿਆ, ਨਾ ਸਿਰਫ ਪੰਜਾਬੀਆਂ ਦੀ ਹੱਡ ਭੰਨ੍ਹਵੀਂ ਮਿਹਨਤ ਦੀ ਕਮਾਈ ਲੁੱਟੀ, ਬਲਕਿ ਉਹਨਾਂ ਦੀਆਂ ਭਾਵਨਾਵਾਂ ਨਾਲ ਵੀ ਖੇਡੇ।

ਸਾਨੂੰ ਪੂਰੀ ਆਸ ਹੈ ਕਿ ਪੰਜਾਬ ਦੇ ਇਤਿਹਾਸ ਨੂੰ ਦਰਸਾਉਂਦੀਆਂ ਕਿਤਾਬਾਂ 'ਚ ਤੁਸੀਂ ਪੰਜਾਬ ਦੇ ਗੱਦਾਰ ਵਜੋਂ ਪ੍ਰਚਾਰੇ ਜਾਓਗੇ। ਪੰਜਾਬ ਨੇ ਤੁਹਾਨੂੰ ਮੌਕਾ ਵੀ ਦਿੱਤਾ ਤੇ ਆਸ ਵੀ ਪਰ ਤੁਸੀਂ ਪੰਜਾਬ ਨੂੰ ਧੋਖੇ ਤੋਂ ਬਿਨਾ ਕੁਝ ਨਹੀਂ ਦਿੱਤਾ।

ਅਸੀਂ 'ਆਪ' ਨਾਲੋਂ ਆਪਣੇ ਸਾਰੇ ਨਾਤੇ ਤੋੜਦੇ ਹਾਂ ਅਤੇ ਸੁਖਪਾਲ ਸਿੰਘ ਖਹਿਰਾ, ਕੰਵਰ ਸੰਧੂ ਤੇ ਉਹਨਾਂ ਨਾਲ ਖੜ੍ਹੇ ਹੋਰ ਵਿਧਾਇਕਾਂ ਦਾ ਸਾਥ ਦੇਵਾਂਗੇ।

**USA Team Members**

Satbeer Brar, Manjinder Singh Sandhu, Amritpal Singh Dhillon, New York- Bittu Sidhu & Jaswant Singh, Dharam Singh & Baljinder Singh, Salwinder Malhi & Bittu Grewal, Convener & Jaswinder Singh, Sect.,Virginia, Washington DC & Maryland – Sukhi Pannu, Amarjeet Singh, Harpreet Gill, Mehtab Singh Kahlon & Inderbir Samra, Lakhvir Singh Sandhu.

**Canada Member**

Surinder Mavi, Harry Dhaliwal, Harinder Somal - Brampton, Pall Badwal, Jagjit minhas, Jasbir Sandhu, Dalip Multani, Kulbir Sandhu, Satwant Kaur Sandhu.

**Europe Team Members**

Davinder Singh Ghaloti, Germany, Balkar Singh Dhillon, Italy Rome, Gurdial Singh Bajwa, Austria, Prabhjeet singh Aulakh , Portugal.

**New Zealand Team Members**

Khushmeet Kaur Sidhu, Sikanderjit Bajwa, Didar Singh Virk

**ਤੁਸੀਂ ਅਤੇ ਤੁਹਾਡੀ ਪੂਰੀ ਟੀਮ ਨੇ ਸਾਰੇ ਪੰਜਾਬੀ ਵਲੰਟੀਅਰਾਂ, ਉਮੀਦਵਾਰਾਂ ਅਤੇ ਨੇਤਾਵਾਂ ਨੂੰ ਪੋਸਟਰ ਲਗਾਉਣ ਲਈ ਮਜਬੂਰ ਕੀਤਾ ਸੀ ਕਿ ਮਜੀਠੀਆ ਡਰੱਗ ਤਸਕਰ ਹੈ। ਤੁਹਾਡੇ ਉਤੇ ਭਰੋਸਾ ਕਰਕੇ ਪੰਜਾਬ ਦੇ ਹਜ਼ਾਰਾਂ ਵਲੰਟੀਅਰਾਂ ਨੇ ਨਤੀਜਾ ਭੁਗਤਣ ਤੋਂ ਬਗੈਰ ਮਜੀਠੀਆ ਬਾਰੇ ਅਜਿਹਾ ਪ੍ਰਚਾਰ ਕੀਤਾ। ਇਥੋਂ ਤਕ ਕਿ ਸਕੂਲੀ ਬੱਚੇ ਵੀ ਹੱਥ ਵਿਚ ਇਹ ਬੈਨਰ ਲੈ ਕੇ ਤੁਰੇ ਸਨ। ਪਰ ਤੁਸੀਂ ਪੰਜਾਬ ਦੇ ਬੱਚਿਆਂ ਤੋਂ ਲੈ ਕੇ ਪਰਵਾਸੀ ਪੰਜਾਬੀਆਂ ਤੱਕ ਸਾਰੇ ਵਲੰਟੀਅਰਾਂ ਨਾਲ ਧੋਖਾ ਕੀਤਾ।**

**ਸੰਨ 2014 ਦੀਆਂ ਆਮ ਚੋਣਾਂ ਵਿਚ, ਪੰਜਾਬ ਨੇ ਪੰਜਾਬੀ ਐੱਨਆਰਆਈਜ਼ ਦੀ ਅਪੀਲ ਉਤੇ , ਬੇਨਤੀ ਉਤੇ, ਤਰਲੇ ਉਤੇ ਤੁਹਾਨੂੰ ਆਕਸੀਜਨ ਪ੍ਰਦਾਨ ਕੀਤੀ, ਪੂਰੇ ਮੁਲਕ 'ਚ ਤੁਹਾਡੀ ਪਾਰਟੀ ਕੁਝ ਨਾ ਕਰ ਸਕੀ, ਪਰ ਪੰਜਾਬ ਨੇ ਤੁਹਾਨੂੰ ਸੰਸਦ ਲਈ ਚਾਰ ਸੀਟਾਂ ਜਿਤਾ ਦਿੱਤੀਆਂ, ਪਰ ਤੁਸੀਂ ਚਹੁੰ ਸੰਸਦ ਮੈਂਬਰਾਂ ਨੂੰ ਇਕ-ਦੂਜੇ ਨਾਲੋਂ ਹੀ ਨਹੀਂ ਤੋੜਿਆ, ਬਲਕਿ ਸੰਨ 2015 ਵਿਚ ਅਨੁਸ਼ਾਸਨੀ ਕਮੇਟੀ ਦੇ ਚੇਅਰਪਰਸਨ ਡਾ. ਦਲਜੀਤ ਸਿੰਘ ਨੂੰ ਵੀ ਦਰਕਿਨਾਰ ਕਰਕੇ ਰੱਖ ਦਿੱਤਾ। ਤੁਸੀਂ ਡਾ. ਧਰਮਵੀਰ ਗਾਂਧੀ, ਹਰਿੰਦਰ ਖਾਲਸਾ ਅਤੇ ਹੋਰਨਾਂ ਦੇ ਨਾਲ ਪੰਜਾਬੀਆਂ ਨੂੰ ਵੀ ਮੁਅੱਤਲ ਕਰਕੇ ਰੱਖ ਦਿੱਤਾ, ਕਿਉਂਕਿ ਉਨ੍ਹਾਂ ਨੇ ਤੁਹਾਨੂੰ ਯੋਗੇਂਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਣ ਨੂੰ ਹਾਸ਼ੀਏ ਉਤੇ ਕਰਨ ਬਾਰੇ ਸਵਾਲ ਪੁੱਛੇ ਸਨ।**

# ਫੇਸਬੁੱਕ ’ਤੇ ਲੜਕੀਆਂ ਦਾ ਸ਼ੋਸ਼ਣ ਕਰਨ ਵਾਲੇ ਗੈਂਗ ਸਰਗਰਮ

- ਲੜਕੀਆਂ ਦੀਆਂ ਫੋਟੋਆਂ ਨੂੰ ਫੋਟੋਸ਼ਾਪ ਰਾਹੀਂ ਅਸ਼ਲੀਲ ਬਣਾ ਕੇ ਪਾਉਂਦੇ ਨੇ ਪੋਰਨ ਸਾਈਟਾਂ ’ਤੇ
- ਫੋਟੋਆਂ ਹਟਾਉਣ ਦੇ ਬਦਲੇ ਮੰਗਦੇ ਨੇ ਪੈਸੇ
- ਪੈਸੇ ਲੈਣ ਤੋਂ ਬਾਅਦ ਆਪਣਾ ਅਕਾਊਂਟ ਕਰ ਦਿੰਦੇ ਨੇ ਡੀਐਕਟੀਵੇਟ



ਜਲੰਧਰ/ਬਿਊਰੋ ਨਿਊਜ਼ ; ਜੇਕਰ ਤੁਸੀਂ ਵੀ ਸੋਸ਼ਲ ਮੀਡੀਆ ਸਾਈਟਾਂ ’ਤੇ ਆਪਣੀ ਨਿੱਜੀ ਫੋਟੋ ਤੇ ਡਾਟਾ ਨੂੰ ਧੜੱਲੇ ਨਾਲ ਸ਼ੇਅਰ ਕਰ ਰਹੇ ਹੋ, ਤਾਂ ਸਾਵਧਾਨ ਹੋ ਜਾਓ, ਕਿਉਂਕਿ ਫੇਸਬੁਕ ’ਤੇ ਅਜਿਹੇ ਕ੍ਰਿਮੀਨਲਸ ਤਦਾਦ ਤੇਜ਼ੀ ਨਾਲ ਵਧ ਰਹੀ ਹੈ, ਜੋ ਖ਼ਾਸ ਕਰਕੇ ਲੜਕੀਆਂ ਨੂੰ ਸ਼ਿਕਾਰ ਬਣਾਉਂਦੇ ਹਨ। ਇਹ ਕ੍ਰਿਮੀਨਲਸ ਫੋਟੋ ਮੋਰਫ ਸਾਫਟਵੇਅਰ ਦੀ ਮਦਦ ਨਾਲ ਲੜਕੀਆਂ ਦੀ ਫੋਟੋ ਨੂੰ ਵਿਗਾੜਦੇ ਹਨ ਤੇ ਬਲੈਕਮੇਲ ਕਰਕੇ ਉਨ੍ਹਾਂ ਤੋਂ ਪੈਸੇ ਉਗਰਾਹੁੰਦੇ ਹਨ। ਇੰਟਰਨੈੱਟ ’ਤੇ ਵੱਡੀ ਗਿਣਤੀ ’ਚ ਅਜਿਹੇ ਐਪ ਉਪਲੱਬਧ ਹਨ, ਜਿਸ ਦੀ ਮਦਦ ਨਾਲ ਕਿਸੇ ਵੀ ਫੋਟੋ ਨੂੰ ਮੋਰਫ ਕੀਤਾ ਜਾ ਸਕਦਾ ਹੈ। ਫੋਟੋ ਮੋਰਫਿੰਗ ਤੋਂ ਬਾਅਦ ਅਪਰਾਧੀ ਉਸ ਨੂੰ ਪੋਰਨ ਸਾਈਟਾਂ ਵਿੱਚ ਅਪਲੋਡ ਕਰਨ ਦੀ ਧਮਕੀ ਦਿੰਦੇ ਹਨ। ਹੁਣੇ ਜਿਹੇ ਦਿੱਲੀ ਦੀ ਇੱਕ ਲੜਕੀ ਨੇ ਪੁਲੀਸ ਵਿੱਚ ਰਿਪੋਰਟ ਦਰਜ ਕਰਾਈ ਹੈ ਕਿ ਫੇਸਬੁਕ ’ਤੇ ਸ਼ੇਅਰ ਕੀਤੀ ਗਈ ਉਸ ਦੀ ਇੱਕ ਤਸਵੀਰ ਨੂੰ ਪੋਰਨ ਸਾਈਟਾਂ ’ਤੇ ਪਾਉਣ ਤੋਂ ਬਾਅਦ ਉਸ ਤੋਂ ਪੈਸੇ ਦੀ ਮੰਗ ਕੀਤੀ ਗਈ।

## ਲੜਕੀ ਤੋਂ ਉਗਰਾਹੇ 20,000

ਦਿੱਲੀ ਦੇ ਮਯੂਰ ਵਿਹਾਰ ਇਲਾਕੇ ਵਿੱਚ ਰਹਿਣ ਵਾਲੀ ਇੱਕ ਲੜਕੀ ਨੇ ਦਿੱਲੀ ਪੁਲੀਸ ਵਿੱਚ ਦਰਜ ਸ਼ਿਕਾਇਤ ਵਿੱਚ ਦੱਸਿਆ ਕਿ ਇੱਕ ਦਿਨ ਅਚਾਨਕ ਉਸ ਦੇ ਮੋਬਾਈਲ ਨੰਬਰ ’ਤੇ ਇੱਕ ਅਣਪਛਾਤੇ ਵਿਅਕਤੀ ਦਾ ਫੋਨ ਆਇਆ ਤੇ ਉਸ ਨੇ ਦੱਸਿਆ ਕਿ ਉਸ ਨੇ ਫੇਸਬੁਕ ’ਤੇ ਸ਼ੇਅਰ ਕੀਤੀ ਗਈ ਲੜਕੀ ਦੀਆਂ ਤਸਵੀਰਾਂ ਦੀ ਸਲਾਈਡ ਨੂੰ ਪੋਰਨ ਸਾਈਟ ’ਤੇ ਅਪਲੋਡ ਕਰ ਦਿੱਤਾ ਹੈ ਤੇ ਉਸ ਦੀਆਂ ਸਲਾਈਡਾਂ ਨੂੰ ਸਾਈਟਾਂ ਤੋਂ ਹਟਾਉਣ ਲਈ 20,000 ਰੁਪਏ ਦੀ ਮੰਗ ਕੀਤੀ, ਪਰ ਪੈਸੇ ਮਿਲਣ ਦੇ ਬਾਵਜੂਦ ਉਸ ਦੀਆਂ ਸਲਾਈਡਾਂ ਪੋਰਨ ਸਾਈਟਾਂ ਤੋਂ ਡਿਲੀਟ ਨਹੀਂ ਕੀਤੇ ਗਏ।

## ਪੋਰਨ ਵੀਡੀਓ ’ਚ ਮਿਲੀ ਸਾਊਥ ਦਿੱਲੀ ਦੀ ਵਿਦਿਆਰਥਣ

ਸਾਊਥ ਦਿੱਲੀ ਦੀ 18 ਸਾਲਾ ਇੱਕ ਵਿਦਿਆਰਥਣ ਉਸ ਵੇਲੇ ਸੁੰਨ ਰਹਿ ਗਈ ਜਦੋਂ ਉਸ ਨੂੰ ਪਤਾ ਲੱਗਾ ਕਿ ਉਸ ਦੀਆਂ ਮੋਰਫਡ ਤਸਵੀਰਾਂ ਇੱਕ ਆਨਲਾਈਨ ਪੋਰਨ ਵੀਡੀਓ ’ਚ ਮੌਜੂਦ ਹਨ। ਵਿਦਿਆਰਥਣ ਨੂੰ ਆਨਲਾਈਨ ਵੀਡੀਓ ਦਾ ਲਿੰਕ ਕਿਸੇ ਅਣਪਛਾਤੇ ਸ਼ਖ਼ਸ ਨੇ ਉਸ ਦੇ ਚੈਟ ਮੈਸੇਂਜਰ ’ਤੇ ਭੇਜਿਆ ਸੀ ਤੇ ਭੇਜਣ ਵਾਲੇ ਸ਼ਖ਼ਸ ਨੇ ਉਕਤ ਵੀਡੀਓ ਨੂੰ ਡਿਲੀਟ ਕਰਨ ਦੇ ਇਵਜ਼ ਵਿੱਚ ਪੈਸਿਆਂ ਦੀ ਮੰਗ ਕੀਤੀ। ਜਾਂਚ ਵਿੱਚ ਖੁਲਾਸਾ ਹੋਇਆ ਕਿ ਪੋਰਨ ਵੀਡੀਓ ਵਿੱਚ ਮੌਜੂਦ ਵਿਦਿਆਰਥਣ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਸਾਈਟਾਂ ਤੋਂ ਕਾਪੀ ਕੀਤੀ ਗਈ ਸੀ ਤੇ ਬਲੈਕਮੇਲਿੰਗ ਲਈ ਤਸਵੀਰ ਨੂੰ ਮੋਰਫਡ ਕਰਕੇ ਵੀਡੀਓ ’ਤੇ ਪਾਇਆ ਗਿਆ ਸੀ।

## ਫੇਸਬੁਕ ਅਕਾਊਂਟ ਰਾਹੀਂ ਲੁੱਟੇ 15000

ਨੋਇਡਾ ਬੇਸਡ ਇੱਕ ਔਰਤ ਵੱਲੋਂ ਪੁਲੀਸ ਵਿੱਚ ਦਰਜ ਕਰਾਈ ਇੱਕ ਰਿਪੋਰਟ ਵਿੱਚ ਦੱਸਿਆ ਕਿ ਇੱਕ ਹੈਕਰ ਨੇ ਫੇਸਬੁਕ ਅਕਾਊਂਟ ’ਤੇ ਕੰਟਰੋਲ ਰਾਹੀਂ ਉਸ ਦੇ ਇੱਕ ਰਿਸ਼ਤੇਦਾਰ ਤੋਂ 15000 ਰੁਪਏ ਠੱਗ ਲਏ। ਉਸ ਅਨੁਸਾਰ ਫੇਸਬੁਕ ਮੈਸੇਂਜਰ ’ਤੇ ਇੱਕ ਦਿਨ ਉਨ੍ਹਾਂ ਨੂੰ ਇੱਕ ਮੈਸੇਜ ਮਿਲਿਆ, ਕਿ ਇੱਕ ਪੋਰਨ ਸਾਈਟ ’ਤੇ ਉਸ ਦੀਆਂ ਅਸ਼ਲੀਲ ਤਸਵੀਰਾਂ ਹਨ ਤੇ ਜਦੋਂ ਦਿੱਤੇ ਗਏ ਲਿੰਕ ’ਤੇ ਔਰਤ ਨੇ ਕਲਿੱਕ ਕੀਤਾ, ਤਾਂ ਹੈਕਰ ਨੇ ਉਸ ਦਾ ਅਕਾਊਂਟ ਹੈਕ ਕਰ ਲਿਆ ਤੇ ਉਸ ਤੋਂ ਬਾਅਦ ਹੈਕਰਾਂ ਨੇ ਔਰਤ ਦੇ ਅਕਾਊਂਟ ਵਿੱਚ ਦਰਜ ਉਸ ਦੇ ਦੋਸਤਾਂ ਨੂੰ ਅਚਾਨਕ ਪੈਸਿਆਂ ਦੀ ਜ਼ਰੂਰਤ ਵਾਲੇ ਮੈਸੇਜ ਭੇਜਣੇ ਸ਼ੁਰੂ ਕਰ ਦਿੱਤੇ। ਇਸ ਝਾਂਸੇ ਵਿੱਚ ਔਰਤ ਦੀ ਇੱਕ ਰਿਸ਼ਤੇਦਾਰ ਆ ਗਈ ਤੇ ਉਸ ਨੇ ਪੇਟੀਐਮ ਰਾਹੀਂ ਹੈਕਰਾਂ ਨੂੰ 15000 ਰੁਪਏ ਭੇਜ ਦਿੱਤੇ।

## ਸਾਈਬਰ ਸੈੱਲ ਮੈਂਬਰ ਬਣ ਕੇ ਕੀਤੀ ਗਈ ਬਲੈਕਮੇਲਿੰਗ

ਅਪ੍ਰੈਲ ਮਹੀਨੇ ਨੇ ਦਿੱਲੀ ਪੁਲੀਸ ਦੀ ਸਾਈਬਰ ਸੈੱਲ ਕੋਲ ਸੈਂਕੜੇ ਅਜਿਹੀਆਂ ਸ਼ਿਕਾਇਤਾਂ ਦਰਜ ਹੋਈਆਂ, ਜਿਸ ਵਿੱਚ ਜ਼ਿਆਦਾਤਰ ਪ੍ਰੋਫੈਸ਼ਨਲਸ ਸਨ। ਉਨ੍ਹਾਂ ਨੇ ਦੱਸਿਆ ਕਿ ਕਿਸੇ ਨੇ ਉਨ੍ਹਾਂ ਦਾ ਫੇਸਬੁਕ ਪ੍ਰੋਫਾਈਲ ਤੇ ਪੰਨੇ ਨੂੰ ਹੈਕ ਕਰ ਲਿਆ ਹੈ ਤੇ ਹੁਣ ਬਲੈਕਮੇਲ ਰਾਹੀਂ ਪੈਸੇ ਦੀ ਮੰਗ ਕਰ ਰਿਹਾ ਹੈ। ਸ਼ਿਕਾਇਤ ਕਰਤਾਵਾਂ ਦੇ ਮੁਤਾਬਕ ਫੋਨ ਕਰਨ ਵਾਲਾ ਸ਼ਖ਼ਸ ਖ਼ੁਦ ਨੂੰ ਦਿੱਲੀ ਸਾਈਬਰ ਸੈੱਲ ਦਾ ਮੈਂਬਰ ਦੱਸਦਾ ਹੈ ਤੇ ਉਨ੍ਹਾਂ ਦੇ ਅਕਾਊਂਟ ਹੈਕ ਕਰਨ ਤੋਂ ਬਾਅਦ ਉਸ ਨੇ ਅਕਾਊਂਟ ਰਿਲੀਜ਼ ਕਰਨ ਦੇ ਇਵਜ਼ ਵਿੱਚ ਮੋਟੀ ਰਕਮ ਵੀ ਉਗਰਾਹੇ। ਸਾਈਬਰ ਕ੍ਰਿਮੀਨਲਸ ਜ਼ਿਆਦਾਤਰ ਉਨ੍ਹਾਂ ਪ੍ਰੋਫੈਸ਼ਨਲਸ ਦੇ ਪ੍ਰੋਫਾਈਲ ਤੇ ਪੰਨੇ ਨੂੰ ਹੈਕ ਕਰਦੇ ਹਨ, ਜੋ ਫਿਲਮ ਜਾਂ ਫੈਸ਼ਨ ਇੰਡਸਟਰੀ ਨਾਲ ਜੁੜੇ ਹੋਏ ਹੁੰਦੇ ਹਨ, ਕਿਉਂਕਿ ਦੂਜਿਆਂ ਦੀ ਤੁਲਨਾ ਵਿੱਚ ਉਨ੍ਹਾਂ ਦੇ ਪੰਨਿਆਂ ’ਤੇ ਲਾਈਕਸ ਤੇ ਰੀਵਿਊ ਜ਼ਿਆਦਾ ਹੁੰਦੇ ਹਨ।

## ਅਕਾਊਂਟ ’ਤੇ ਕੰਟਰੋਲ ਤੋਂ ਬਾਅਦ ਕਰਦੇ ਸਨ ਉਗਰਾਹੀ

ਇੱਕ ਵਾਰ ਯੂਜ਼ਰਸ ਦੇ ਅਕਾਊਂਟ ’ਤੇ ਪੂਰੀ ਤਰ੍ਹਾਂ ਨਾਲ ਕੰਟਰੋਲ ਕਰ ਲੈਣ ਤੋਂ ਬਾਅਦ ਕ੍ਰਿਮੀਨਲਸ ਆਪਣੇ ਇਰਾਦੇ ਯੂਜ਼ਰਸ ਨੂੰ ਆਗਾਹ ਕਰਨ ਅਤੇ ਆਪਣੇ ਇਰਾਦੇ ਦੱਸਣ ਵਿੱਚ ਜ਼ਰਾ ਵੀ ਸੰਕੋਚ ਨਹੀਂ ਕਰਦੇ ਹਨ। ਉਹ ਪੀੜਤ ਯੂਜ਼ਰਸ ਨੂੰ ਬਕਾਇਦਾ ਫੋਨ ਕਰਕੇ ਦੱਸਦੇ ਸਨ ਕਿ ਉਨ੍ਹਾਂ ਦਾ ਪ੍ਰੋਫਾਈਲ ਤੇ ਪੰਨਾ ਹੈਕ ਹੋ ਗਿਆ ਹੈ। ਹਾਲਾਂ ਕਿ ਅਕਾਊਂਟ ਦਾ ਕੰਟਰੋਲ ਦੁਬਾਰਾ ਦੇਣ ਲਈ ਉਹ ਯੂਜ਼ਰਸ ਤੋਂ ਮਾਮੂਲੀ ਰਕਮ (2100 ਰੁਪਏ) ਦੀ ਹੀ ਮੰਗ ਕਰਦੇ ਹਨ।

## 20 ਤੋਂ ਵੱਧ ਹੋ ਚੁੱਕੇ ਨੇ ਸ਼ਿਕਾਰ

ਪੀੜਤ ਯੂਜ਼ਰਸ ਦੇ ਮੁਤਾਬਕ ਫੇਸਬੁਕ ਪ੍ਰੋਫਾਈਲ ਤੇ ਪੰਨੇ ਨੂੰ ਹੈਕ ਕਰਕੇ ਉਗਰਾਹੀ ਕਰਨ ਵਾਲੇ ਕ੍ਰਿਮੀਨਲਸ ਹੁਣ ਤੱਕ ਦਿੱਲੀ ਵਿੱਚ ਕੁਲ 20 ਲੋਕਾਂ ਨੂੰ ਬਲੈਕਮੇਲ ਕਰ ਚੁੱਕੇ ਹਨ ਤੇ ਕਈ ਪ੍ਰੋਫੈਸ਼ਨਲ ਯੂਜ਼ਰਸ ਜਿਨ੍ਹਾਂ ਦੇ ਪੰਨੇ ’ਤੇ ਵੱਡੀ ਗਿਣਤੀ ਵਿੱਚ ਲਾਈਕਸ ਤੇ ਰੀਵਿਊਜ਼ ਹੁੰਦੇ ਸਨ, ਉਨ੍ਹਾਂ ਨੂੰ ਹੈਕਰਸ ਤੋਂ ਆਪਣੇ ਪੰਨੇ ਵਾਪਸ ਪ੍ਰਾਪਤ ਕਰਨ ਲਈ 20,000 ਤੋਂ ਲੈ ਕੇ 1 ਲੱਖ ਰੁਪਏ ਤੋਂ ਵੱਧ ਚੁਕਾਉਣੇ ਪਏ ਹਨ। ਹਾਲਾਂ ਕਿ ਸ਼ਿਕਾਇਤ ਮਿਲਣ ਤੋਂ ਬਾਅਦ ਵੀ ਦਿੱਲੀ ਪੁਲੀਸ ਦੀ ਸਾਈਬਰ ਸੈੱਲ ਹਾਲੇ ਵੀ ਅਜਿਹੇ ਹੈਕਰਾਂ ਨੂੰ ਦਬੋਚਣ ਵਿੱਚ ਨਾਕਾਮ ਸਾਬਤ ਹੋਈ ਹੈ।

## ਇੱਕ ਆਰਗੇਨਾਈਜ਼ਡ ਕਰਾਈਮ ਬਣਿਆ ਅਕਾਊਂਟ ਹੈਕਿੰਗ

ਸਾਈਬਰ ਸੈੱਲ ਨਾਲ ਜੁੜੇ ਦਿੱਲੀ ਪੁਲੀਸ ਦੇ ਮੁਤਾਬਕ ਪਹਿਲਾਂ ਪ੍ਰੇਮੀ ਤੇ ਪ੍ਰੇਮਿਕਾਵਾਂ ਫੇਸਬੁਕ ’ਤੇ ਅਜਿਹੀਆਂ ਹਰਕਤਾਂ ਕਰਦੇ ਪਾਏ ਜਾਂਦੇ ਸਨ, ਪਰ ਹੁਣ ਇਹ ਇੱਕ ਸੰਗਠਿਤ ਕਰਾਈਮ ਵਿਚ ਬਦਲ ਗਿਆ ਹੈ, ਜਿੱਥੇ ਅਪਰਾਧੀ ਹੁਣ ਸੌਖਾ ਪੈਸਾ ਬਣਾਉਣ ਦੇ ਚੱਕਰ ਵਿੱਚ ਇਸ ਕੰਮ ਨੂੰ ਅੰਜਾਮ ਦੇਣ ਲੱਗੇ ਹਨ।

## ਹੈਕਰਸ ਇੰਝ ਕਰਦੇ ਨੇ ਯੂਜ਼ਰਸ ਦਾ ਅਕਾਊਂਟ ਹੈਕ

ਦਿੱਲੀ ਪੁਲੀਸ ਦੇ ਮੁਤਾਬਕ ਯੂਜ਼ਰਸ ਦਾ ਫੇਸਬੁਕ ਪ੍ਰੋਫਾਈਲ ਤੇ ਪੰਨੇ ਨੂੰ ਹੈਕ ਕਰਨ ਲਈ ਕ੍ਰਿਮੀਨਲਸ ਯੂਜ਼ਰਸ ਨੂੰ ਦੱਸਦੇ ਹਨ ਕਿ ਉਨ੍ਹਾਂ ਦੀ ਪ੍ਰੋਫਾਈਲ ਤੇ ਪੰਨੇ ਦੇ ਖ਼ਿਲਾਫ਼ ਕਈਆਂ ਨੇ ਸ਼ਿਕਾਇਤ ਦਰਜ ਕਰਾਈ ਹੈ। ਜਿਹੜੇ ਯੂਜ਼ਰਸ ਇਨ੍ਹਾਂ ਦੇ ਝਾਂਸੇ ਵਿੱਚ ਆ ਜਾਂਦੇ ਹਨ, ਉਨ੍ਹਾਂ ਨੂੰ ਕ੍ਰਿਮੀਨਲਸ ਫਾਰਗੇਟ ਪਾਸਵਰਡ ਆਪਸ਼ਨ ’ਤੇ ਕਲਿੱਕ ਕਰਨ ਨੂੰ ਕਹਿੰਦੇ ਹਨ ਤੇ ਫੇਸਬੁਕ ਵੱਲੋਂ ਭੇਜੇ ਗਏ ਸਕਿਓਰਿਟੀ ਕੋਡ ਹਾਸਲ ਕਰਕੇ ਅਕਾਊਂਟ ਹੈਕ ਕਰ ਲੈਂਦੇ ਸਨ। ਯੂਜ਼ਰਸ ਦੇ ਅਕਾਊਂਟ ਨੂੰ ਹੈਕ ਕਰਨ ਤੋਂ ਬਾਅਦ ਉਹ ਅਕਾਊਂਟ ’ਤੇ ਪੂਰੀ ਤਰ੍ਹਾਂ ਨਾਲ ਕੰਟਰੋਲ ਕਰਨ ਲਈ ਅਕਾਊਂਟ ਨਾਲ ਜੁੜੇ ਮੇਲ ਆਈਡੀ ਤੇ ਮੋਬਾਈਲ ਨੰਬਰ ਨੂੰ ਵੀ ਬਦਲ ਦਿੰਦੇ ਸਨ।

## ਐੱਫਬੀ ’ਤੇ ਨਿੱਜੀ ਡਾਟਾ ਜਨਤਕ ਕਰਨਾ ਹੈ ਘਾਤਕ

ਸਾਈਬਰ ਮਾਹਿਰਾਂ ਦੇ ਮੁਤਾਬਕ ਯੂਜ਼ਰਸ ਨੂੰ ਹੁਣ ਸੋਸ਼ਲ ਸਾਈਟਾਂ ’ਤੇ ਆਪਣੇ ਨਿੱਜੀ ਡਾਟਾ ਤੇ ਤਸਵੀਰ ਨੂੰ ਜਨਤਕ ਕਰਨ ਵਿੱਚ ਸਾਵਧਾਨੀ ਵਰਤਣੀ ਚਾਹੀਦੀ ਹੈ, ਕਿਉਂਕਿ ਆਨਲਾਈਨ ਬੈਠੇ ਕ੍ਰਿਮੀਨਲਸ ਉਨ੍ਹਾਂ ਦੀ ਦੁਰਵਰਤੋਂ ਲਈ ਉਡੀਕ ਕਰ ਰਹੇ ਹੁੰਦੇ ਹਨ। ਮਾਹਿਰ ਕਹਿੰਦੇ ਹਨ ਕਿ ਅੱਜਕੱਲ੍ਹ ਆਨਲਾਈਨ ਅਜਿਹੇ ਬਹੁਤ ਸਾਰੇ ਐਪਸ ਤੇ ਸਾਫਟਵੇਅਰਾਂ ਦੇ ਬਦਲ ਮੌਜੂਦ ਹਨ, ਜਿਨ੍ਹਾਂ ਦੀ ਮਦਦ ਨਾਲ ਅਪਰਾਧੀ ਯੂਜ਼ਰਸ ਕਿਸੇ ਦੇ ਵੀ ਅਕਾਊਂਟ ਵਿੱਚ ਸ਼ੇਅਰ ਕੀਤੀਆਂ ਗਈਆਂ ਤਸਵੀਰਾਂ ਦੀ ਦੁਰਵਰਤੋਂ ਕਰ ਸਕਦੇ ਹਨ।

## ਉਗਰਾਹੀ ਤੋਂ ਬਾਅਦ ਡੀਐਕਟੀਵੇਟ ਕਰ ਦਿੰਦੇ ਨੇ ਅਕਾਊਂਟ

ਦਿੱਲੀ ਪੁਲੀਸ ਵਿੱਚ ਸੀਨੀਅਰ ਅਧਿਕਾਰੀ ਮੁਤਾਬਕ ਅੱਜਕੱਲ੍ਹ ਸਰਗਰਮ ਅਜਿਹੇ ਕਈ ਗਿਰੋਹ ਹਨ, ਜੋ ਅਜਿਹੇ ਯੂਜ਼ਰਸ ਦਾ ਸ਼ਿਕਾਰ ਕਰਕੇ ਪੈਸਿਆਂ ਦੀ ਉਗਰਾਹੀ ਕਰਦੇ ਹਨ, ਜਿਹੜੇ ਮਾਮਲੇ ਦੀ ਪੁਲੀਸ ਵਿੱਚ ਸ਼ਿਕਾਇਤ ਕਰਨ ਤੇ ਜਨਤਕ ਕਰਨ ਵਿੱਚ ਕਤਰਾਉਂਦੇ ਹਨ। ਅਧਿਕਾਰੀ ਮੁਤਾਬਕ ਪੁਲੀਸ ਦੀ ਰਡਾਰ ਤੋਂ ਬਚਣ ਲਈ ਅਜਿਹੇ ਕ੍ਰਿਮੀਨਲਸ ਯੂਜ਼ਰਸ ਤੋਂ ਪੈਸੇ ਦੀ ਉਗਰਾਹੀ ਕਰਨ ਤੋਂ ਬਾਅਦ ਤੁਰੰਤ ਅਕਾਊਂਟ ਨੂੰ ਡੀਐਕਟੀਵੇਟ ਕਰ ਦਿੰਦੇ ਹਨ, ਜਿਨ੍ਹਾਂ ਰਾਹੀਂ ਉਹ ਯੂਜ਼ਰਸ ਨਾਲ ਸੰਪਰਕ ਕਰਦੇ ਹਨ।

---

# ਚਿੰਤਾ ਤੋਂ ਕਿਵੇਂ ਮੁਕਤ ਹੋਈਏ ?

ਨਰਿੰਦਰ ਸਿੰਘ ਕਪੂਰ



ਚਿੰਤਾ ਤੋਂ ਭਾਵ ਕੁਝ ਅਣਚਾਹਿਆ ਵਾਪਰਨ ਤੋਂ ਹੈ। ਮਨੁੱਖ ਤੋਂ ਹੇਠਲੇ ਜੀਵਾਂ ਵਿੱਚ ਕੋਈ ਚਿੰਤਾ ਨਹੀਂ, ਕਿਉਂਕਿ ਉਨ੍ਹਾਂ ਕੋਲ ਬੁੱਧੀ ਨਹੀਂ, ਉਹ ਸੋਚਦੇ ਨਹੀਂ। ਚਿੰਤਾ ਵਾਲੇ ਸਾਰੇ ਅਨੁਭਵ ਮਨੁੱਖ ਦੀ ਰੂਪ-ਰੇਖਾ, ਸੁਭਾਅ, ਆਦਤਾਂ ਆਦਿ ਨੂੰ ਨਿਰਧਾਰਤ ਕਰਦੇ ਹਨ। ਵਾਰ ਵਾਰ ਫੇਲ੍ਹ ਹੋਣ ਵਾਲਾ ਅਨੈਤਿਕ ਅਤੇ ਹਿੰਸਕ ਹੋ ਜਾਂਦਾ ਹੈ। ਇਸਤਰੀਆਂ, ਪੁਰਸ਼ਾਂ ਨਾਲੋਂ ਵਧੇਰੇ ਚਿੰਤਾ ਕਰਦੀਆਂ ਹਨ, ਕਿਉਂਕਿ ਉਨ੍ਹਾਂ ਦੇ ਰੁਝੇਵੇਂ ਅਤੇ ਜ਼ਿੰਮੇਵਾਰੀਆਂ ਵਧੇਰੇ ਹੁੰਦੀਆਂ ਹਨ ਅਤੇ ਉਨ੍ਹਾਂ ਦਾ ਧਿਆਨ ਵਧੇਰੇ ਥਾਵਾਂ ਅਤੇ ਵਿਅਕਤੀਆਂ ’ਤੇ ਵੰਡਿਆ ਹੁੰਦਾ ਹੈ। ਹਰੇਕ ਮਨੁੱਖ ਹੋਰਾਂ ਨਾਲੋਂ ਵੱਖਰਾ ਹੋਣਾ ਚਾਹੁੰਦਾ ਹੈ, ਪ੍ਰਚਾਰ ਵੀ ਕੀਤਾ ਜਾਂਦਾ ਹੈ ਕਿ ਭੀੜ ਤੋਂ ਵੱਖਰੇ ਹੋਵੋ, ਇਕੱਲੇ ਖੜੋਵੋ, ਪਰ ਇਕੱਲੇ ਹੋਣ ਦੇ ਸੰਤਾਪ ਅਨੇਕਾਂ ਹਨ। ਇਸ ਸਥਿਤੀ ਵਿੱਚੋਂ ਵਿਅਕਤੀਵਾਦ ਉਪਜਦਾ ਹੈ। ਸਮੂਹਿਕ ਜੀਵਨ ਦੀ ਸੁਰੱਖਿਆ ਦੀ ਥਾਂ ਵਿਅਕਤੀਵਾਦੀ ਸਥਿਤੀ ਮਨੁੱਖੀ ਵਿਹਾਰ ਦੇ ਨਵੇਂ ਰੂਪ ਉਘਾੜ ਰਹੀ ਹੈ। ਹੁਣ ਕੋਈ ਵੀ ਦੋ ਵਿਅਕਤੀ ਇੱਕ-ਦੂਜੇ ਨਾਲ ਰਲ ਕੇ ਨਹੀਂ ਰਹਿ ਸਕਦੇ। ਇਹੀ ਕਾਰਨ ਹੈ ਕਿ ਤਲਾਕ ਵਧ ਰਹੇ ਹਨ ਅਤੇ ਮਾਨਸਿਕ ਸਮੱਸਿਆਵਾਂ ਉਪਜ ਰਹੀਆਂ ਹਨ। ਹੁਣ ਹਰੇਕ ਅਦਾਰੇ, ਸੰਸਥਾ ਆਦਿ ਵਿੱਚ ਪਹਿਲਾਂ ਹੀ ਦਰਜਾਬੰਦੀ ਸਥਾਪਿਤ ਹੋਈ ਹੁੰਦੀ ਹੈ ਜਿਸ ਕਾਰਨ ਕਿਸੇ ਦਾ ਬਾਹਰੋਂ ਆ ਕੇ ਪ੍ਰਵੇਸ਼ ਕਰਨਾ ਜਾਂ ਕੁਝ ਨਵਾਂ ਕਰਨਾ ਪ੍ਰਵਾਨ ਨਹੀਂ ਹੋ ਰਿਹਾ। ਇਸ ਕਾਰਨ ਹਰ ਕਿਸੇ ਨੂੰ ਪਛਾੜੇ ਜਾਣ, ਪਿੱਛੇ ਰਹਿ ਜਾਣ ਦਾ ਡਰ ਹੈ ਜਿਸ ਕਾਰਨ ਹਰ ਕੋਈ ਮਾਨਸਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਿਹਾ ਹੈ।

ਅਜੋਕੇ ਸੰਸਾਰ ਵਿੱਚ ਧਰਮ ਚਿੰਤਾ ਨੂੰ ਦੂਰ ਨਹੀਂ ਕਰ ਰਿਹਾ ਸਗੋਂ ਚਿੰਤਾ ਦੇ ਨਾਲ ਤਣਾਅ ਅਤੇ ਵਿਰੋਧ ਵੀ ਉਪਜਾ ਰਿਹਾ ਹੈ। ਆਸਤਕ ਜਾਂ ਨਾਸਤਕ ਹੋਣਾ ਮਨੁੱਖ ਦਾ ਨਿੱਜੀ ਨਿਰਣਾ ਹੁੰਦਾ ਹੈ, ਪਰ ਇਹ ਦੋਵੇਂ ਨਿਰਣੇ ਇੱਕ-ਦੂਜੇ ਦੀ ਆਲੋਚਨਾ ਅਤੇ ਨਿੰਦਾ ਦਾ ਸ਼ਿਕਾਰ ਹੁੰਦੇ ਹਨ। ਚਿੰਤਾ ਵਿਰੋਧੀ ਭਾਵ ਉਪਜਾਉਂਦੀ ਹੈ। ਹੁਣ ਲਗਪਗ ਹਰੇਕ ਵਿਅਕਤੀ ਜ਼ਿੰਦਗੀ ਵਿੱਚ ਅਨੇਕਾਂ ਵਾਰ ਇੰਨਾ ਪ੍ਰੇਸ਼ਾਨ ਹੋ ਜਾਂਦਾ ਹੈ ਕਿ ਉਹ ਘਰੋਂ ਦੌੜ ਜਾਣ, ਆਤਮਘਾਤ ਜਾਂ ਕਤਲ ਕਰਨ ਬਾਰੇ ਸੋਚਦਾ ਹੈ। ਨਸ਼ਿਆਂ ਦੀ ਵਧ ਰਹੀ ਵਰਤੋਂ ਦਾ ਕਾਰਨ ਜ਼ਿੰਦਗੀ ਤੋਂ ਨਿਰਾਸ਼ਤਾਂ ਹੀ ਹੈ। ਉਦੇਸ਼ਹੀਣ ਜੀਵਨ, ਕਿਸੇ ਆਸ ਦੀ ਅਣਹੋਂਦ, ਵਸੀਲਿਆਂ ਦੀ ਘਾਟ ਅਤੇ ਹਨੇਰਾ ਭਵਿੱਖ ਆਤਮਘਾਤ ਦੇ ਕਾਰਨ ਬਣ ਰਹੇ ਹਨ। ਮਰਨ ਤੋਂ ਪਹਿਲਾਂ, ਮਰਨ ਦੀ ਸਹੂਲਤ ਸਿਰਫ਼ ਮਨੁੱਖ ਨੂੰ ਪ੍ਰਾਪਤ ਹੈ। ਚਿੰਤਾਵਾਂ ਵਧਣ ਕਾਰਨ ਆਤਮਘਾਤ ਇੱਕ ਪ੍ਰਵਾਨਿਤ ਹੱਲ ਬਣਦਾ ਜਾ ਰਿਹਾ ਹੈ। ਕਈ ਵਿਕਸਿਤ ਦੇਸ਼ਾਂ ਵਿੱਚ ਸੁਭਾਵਿਕ ਮੌਤਾਂ ਨਾਲੋਂ ਆਤਮਘਾਤ ਵਧੇਰੇ ਹੋਣ ਲੱਗ ਪਏ ਹਨ। ਆਪਣੇ ਆਪ ਨੂੰ ਮਾਰਨ ਦੀ ਯੋਗਤਾ ਕਤਲ ਕਰਨ ਦਾ ਹੀ ਨਵਾਂ ਰੂਪ ਹੈ। ਮਨੁੱਖ ਜਿਸ ਸੁਤੰਤਰਤਾ ਦੀ ਮੰਗ ਕਰਦਾ ਹੈ, ਉਹ ਵਾਸਤਵ ਵਿੱਚ ਮਨਮਾਨੀ ਕਰਨ ਦੀ ਸੁਤੰਤਰਤਾ ਹੁੰਦੀ ਹੈ। ਮਨੁੱਖ ਸੁਤੰਤਰਤਾ ਚਾਹੁੰਦਾ ਹੈ, ਪਰ ਜ਼ਿੰਮੇਵਾਰੀ ਤੋਂ ਬਚਦਾ ਹੈ, ਅਧਿਕਾਰ ਚਾਹੁੰਦਾ ਹੈ ਪਰ ਕਰਤੱਵ ਪਾਲਣਾ ਲਈ ਤਿਆਰ ਨਹੀਂ। ਅਜਿਹੀ ਸਥਿਤੀ ਤਣਾਅ ਅਤੇ ਚਿੰਤਾ ਸਿਰਜਦੀ ਹੈ।

ਇਸ ਸਾਰੀ ਚਰਚਾ ਦਾ ਉਦੇਸ਼ ਇਹ ਸਥਾਪਿਤ ਕਰਨਾ ਹੈ ਕਿ ਚਿੰਤਾ ਮਨੁੱਖ ਦੀ ਆਪਣੀ ਸਿਰਜਣਾ ਹੈ ਜਿਹੜੀ ਵੱਖ ਵੱਖ ਸੰਭਾਵਨਾਵਾਂ ਅਤੇ ਸਥਿਤੀਆਂ ਵਿੱਚੋਂ ਚੋਣ ਕਰਨ ਕਰਕੇ ਉਪਜਦੀ ਹੈ। ਬੁੱਧੀ ਅਤੇ ਚੇਤਨਾ ਦੀ ਦੁਰਵਰਤੋਂ ਕਾਰਨ ਮਨੁੱਖ ਕੁਦਰਤ ਵਿੱਚੋਂ ਬਾਹਰ ਨਿਕਲ ਗਿਆ ਹੈ। ਉਦਾਹਰਣ ਵਜੋਂ ਮਨੁੱਖ ਤੋਂ ਸਿਵਾਏ ਕੋਈ ਝੂਠ ਨਹੀਂ ਬੋਲਦਾ। ਮਨੁੱਖ ਤੋਂ ਇਲਾਵਾ ਸਮੁੱਚਾ ਜੀਵ-ਜੰਤੂ ਜਗਤ ਸੱਚ ਵਿੱਚ ਕੁਦਰਤ ਦੇ ਨੇਮਾਂ ਅਨੁਸਾਰ ਜਿਊਂਦਾ ਹੈ।

# ਭਾਰਤੀ ਰਿਜ਼ਰਵ ਬੈਂਕ ਨੂੰ ਮੋਮ ਦੀ ਗੁੱਡੀ ਬਣਾਉਣ ਤੁਰੀ ਮੋਦੀ ਸਰਕਾਰ

**✪ ਰਾਜਨ ਤੋਂ ਬਾਅਦ ਪਟੇਲ ਨਾਲ ਵੀ ਮੋਦੀ ਸਰਕਾਰ ਦੀ ਸੁਰ ਨਾ ਰਲ਼ੀ ✪ ਸਿਆਸੀ ਦਬਾਅ ਹੇਠ ਆਰ ਬੀ ਆਈ ਨੂੰ ਨੇਮ ਘੜਨ ਲਈ ਕੀਤਾ ਜਾ ਰਿਹੈ ਮਜਬੂਰ**

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਅਜਿਹਾ ਪਹਿਲੀ ਵਾਰ ਨਹੀਂ ਹੈ ਕਿ ਕੇਂਦਰ ਸਰਕਾਰ ਤੇ ਭਾਰਤੀ ਰਿਜ਼ਰਵ ਬੈਂਕ 'ਚ ਮੱਤਭੇਦ ਹੋਏ ਹੋਣ, ਇਹ ਤਾਂ ਨਹਿਰੂ ਦੇ ਯੁੱਗ ਤੋਂ ਹੁੰਦੇ ਰਹੇ ਹਨ। ਆਰਬੀਆਈ ਕਾਨੂੰਨ ਦੀ ਧਾਰਾ 7 ਤਹਿਤ ਜਨਤਕ ਹਿੱਤ ਵਿਚ ਕੇਂਦਰ ਸਰਕਾਰ ਨੂੰ ਇਹ ਅਧਿਕਾਰ ਹੈ ਕਿ ਉਹ ਆਰਬੀਆਈ ਨੂੰ ਦਿਸ਼ਾ-ਨਿਰਦੇਸ਼ ਦੇ ਸਕਦੀ ਹੈ। ਇਹ ਪਹਿਲੀ ਵਾਰ ਹੈ ਕਿ ਸਰਕਾਰ ਨੇ ਆਪਣੀ ਗੱਲ ਮਨਵਾਉਣ ਲਈ ਇਸ ਧਾਰਾ ਤਹਿਤ ਦਿਸ਼ਾ ਨਿਰਦੇਸ਼ ਦਿੱਤੇ ਹਨ। ਬਹੁਤ ਸਾਰੇ ਆਰਥਿਕ ਮਾਹਿਰ ਮਹਿਸੂਸ ਕਰ ਰਹੇ ਹਨ ਕਿ ਸਰਕਾਰ ਨਵੇਂ ਪੈਂਤੜੇ ਨਾਲ ਰਿਜ਼ਰਵ ਬੈਂਕ ਉੱਤੇ ਬੇਲੋੜਾ ਦਬਾਅ ਬਣਾ ਰਹੀ ਹੈ।

ਭਾਰਤੀ ਰਿਜ਼ਰਵ ਬੈਂਕ ਬਰਤਾਨਵੀ ਰਾਜ ਸਮੇਂ 1934 ਵਿੱਚ ਹੋਂਦ ਵਿੱਚ ਆਇਆ ਸੀ। ਉਹ ਦਿਨ ਤੇ ਆਹ ਦਿਨ, ਨਾ ਬਰਤਾਨਵੀ ਸ਼ਾਸਕਾਂ ਨੇ ਰਿਜ਼ਰਵ ਬੈਂਕ ਆਫ਼ ਇੰਡੀਆ ਐਕਟ, 1934 ਦੀ ਧਾਰਾ 7 ਦੀ ਵਰਤੋਂ ਕੀਤੀ ਸੀ ਤੇ ਨਾ ਹੁਣ ਤੱਕ ਸ਼ਾਸਨ ਵਿੱਚ ਰਹੀਆਂ ਕੇਂਦਰੀ ਸਰਕਾਰਾਂ ਨੇ। ਸਰਕਾਰ ਤੇ ਰਿਜ਼ਰਵ ਬੈਂਕ ਦੇ ਕਰਤੇ-ਧਰਤਿਆਂ ਵਿਚਾਲੇ ਬੁਨਿਆਦੀ ਸੁਆਲਾਂ ਨੂੰ ਲੈ ਕੇ ਮੱਤਭੇਦ ਓਦੋਂ ਜਨਤਕ ਤੌਰ ਉੱਤੇ ਉਜਾਗਰ ਹੋਏ, ਜਦੋਂ ਲੰਘੇ 26 ਅਕਤੂਬਰ ਵਾਲੇ ਦਿਨ ਇੱਕ ਸਮਾਗਮ ਵਿੱਚ ਬੋਲਦਿਆਂ ਹੋਇਆਂ ਰਿਜ਼ਰਵ ਬੈਂਕ ਦੇ ਡਿਪਟੀ ਗਵਰਨਰ ਵਿਰਲ ਆਚਾਰੀਆ ਨੇ ਕਿਹਾ ਕਿ ਸਰਕਾਰ ਰਿਜ਼ਰਵ ਬੈਂਕ ਦੀ ਆਜ਼ਾਦਾਨਾ ਹੈਸੀਅਤ ਦਾ ਮਾਣ ਨਹੀਂ ਰੱਖ ਰਹੀ ਤੇ ਉਸ ਨੂੰ ਆਉਣ ਵਾਲੇ ਦਿਨਾਂ ਵਿੱਚ ਕੌਮਾਂਤਰੀ ਪੂੰਜੀ ਬਾਜ਼ਾਰ ਦੀ ਨਾਰਾਜ਼ਗੀ ਸਹਿਣ ਕਰਨੀ ਪਵੇਗੀ।

ਹਾਲਾਂਕਿ ਰਿਜ਼ਰਵ ਬੈਂਕ ਸੰਵਿਧਾਨਿਕ ਤੌਰ 'ਤੇ ਆਜ਼ਾਦ ਨਹੀਂ ਹੈ ਕਿਉਂਕਿ ਗਵਰਨਰ ਦੀ ਨਿਯੁਕਤੀ ਸਰਕਾਰ ਹੀ ਕਰਦੀ ਹੈ ਪਰ ਆਰ. ਬੀ. ਆਈ. ਨੂੰ ਬੈਂਕਿੰਗ ਖੇਤਰ ਨੂੰ ਕੰਟਰੋਲ ਕਰਨ ਲਈ ਵਿਆਪਕ ਖ਼ੁਦਮੁਖ਼ਤਿਆਰੀ ਹਾਸਿਲ ਹੈ। ਦੇਸ਼ ਦੇ ਆਰਥਿਕ ਵਿਕਾਸ ਦੇ ਟੀਚੇ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਨੂੰ ਨੋਟ ਪਸਾਰੇ ਦੀ ਦਰ ਨੂੰ 2 ਤੋਂ 6 ਫੀਸਦੀ ਵਿਚਾਲੇ ਕੰਟਰੋਲ ਰੱਖਣ ਦਾ ਅਧਿਕਾਰ ਹੈ ਤਾਂ ਆਖਿਰ ਕੀ ਹੋਇਆ ਕਿ ਸਰਕਾਰ ਅਤੇ ਰਿਜ਼ਰਵ ਬੈਂਕ ਵਿਚਾਲੇ ਨਾਜ਼ੁਕ ਸੰਤੁਲਨ ਇੰਨੀ ਬੁਰੀ ਤਰ੍ਹਾਂ ਨਾਲ ਵਿਗੜ ਗਿਆ?

**ਆਰਬੀਆਈ ਨੂੰ ਮੋਮ ਦੀ ਗੁੱਡੀ ਬਣਾਉਣਾ ਚਾਹੁੰਦੀ ਹੈ ਸਰਕਾਰ :** ਸਭ ਤੋਂ ਪਹਿਲਾਂ ਤਾਂ ਸਰਕਾਰ ਵਾਰ-ਵਾਰ ਰਿਜ਼ਰਵ ਬੈਂਕ ਨੂੰ ਵਿੱਤੀ ਘਾਟੇ ਨੂੰ ਵਿੱਤ ਪੋਸ਼ਿਤ ਕਰਨ ਲਈ ਜ਼ਿਆਦਾ ਪੂੰਜੀ ਦੇਣ ਦੀ ਅਪੀਲ ਕਰਦੀ ਰਹੀ ਹੈ। ਮੌਜੂਦਾ ਸਮੇਂ ਵਿਚ ਰਿਜ਼ਰਵ ਬੈਂਕ ਵੱਖ-ਵੱਖ ਸਰਗਰਮੀਆਂ ਤੋਂ ਕਮਾਏ ਮੁਨਾਫੇ ਨੂੰ ਡਿਵੀਡੈਂਡ ਦੇ ਰੂਪ ਵਿਚ ਸੌਂਪਦਾ ਹੈ ਪਰ ਸਰਕਾਰ ਰਿਜ਼ਰਵ ਬੈਂਕ ਦੇ 3.6 ਲੱਖ ਕਰੋੜ ਰੁਪਏ ਦੇ ਕੈਪੀਟਲ ਰਿਜ਼ਰਵ ਵਿਚ ਹਿੱਸਾ ਚਾਹੁੰਦੀ ਹੈ। ਰਿਜ਼ਰਵ ਬੈਂਕ ਲਗਾਤਾਰ ਇਸ ਦਾ ਵਿਰੋਧ ਕਰਦਾ ਰਿਹਾ ਹੈ, ਕਿਉਂਕਿ ਉਹ ਇਸ ਰਿਜ਼ਰਵ ਨੂੰ ਦੇਸ਼ 'ਤੇ ਆ ਸਕਣ ਵਾਲੀ ਕਿਸੇ ਵੀ ਕਿਸਮ ਦੀ ਆਫਤ ਨਾਲ ਨਜਿੱਠਣ ਲਈ ਸੁਰੱਖਿਅਤ ਰੱਖਦਾ ਹੈ। ਸਰਕਾਰ ਚਾਹੁੰਦੀ ਹੈ ਕਿ ਰਿਜ਼ਰਵ ਬੈਂਕ ਬੈਂਕਿੰਗ ਖੇਤਰ ਨੂੰ ਧਨ ਪ੍ਰਦਾਨ ਕਰੇ, ਜੋ ਇਨਫ੍ਰਾਸਟਰੱਕਚਰ ਲੀਜ਼ਿੰਗ ਐਂਡ ਫਾਇਨਾਂਸ਼ੀਅਲ ਸਰਵਿਸਿਜ਼ ਵਰਗੀਆਂ ਪ੍ਰਮੁੱਖ ਵਿੱਤੀ ਕੰਪਨੀਆਂ ਦੇ ਡਿਫਾਲਟ ਕਰਨ ਦੇ ਕਾਰਨ ਮੁਸ਼ਕਲ ਵਿਚ ਹਨ। ਆਰ. ਬੀ. ਆਈ. ਦੀ ਦਲੀਲ ਹੈ ਕਿ ਸਰਕਾਰ ਦੀ ਨਿਗਰਾਨੀ ਦੇ ਤਹਿਤ ਆਉਣ ਵਾਲੇ ਸਰਕਾਰੀ ਬੈਂਕਾਂ ਦੇ ਮਾਮਲੇ ਵਿਚ ਉਸ ਦੀ ਕੋਈ ਭੂਮਿਕਾ ਨਹੀਂ ਹੈ। ਪਰ ਸਰਕਾਰ ਚਾਹੁੰਦੀ ਹੈ ਕਿ ਆਰ. ਬੀ. ਆਈ. ਠੀਕ ਉਸੇ ਤਰ੍ਹਾਂ ਹੀ 'ਡੈਡੀਕੇਟਿਡ ਲਿਕਵਿਡਿਟੀ ਵਿੰਡੋ' ਪ੍ਰਦਾਨ ਕਰੇ, ਜਿਹੋ ਜਿਹੀ 2008-09 ਦੇ ਵਿੱਤੀ ਸੰਕਟ ਸਮੇਂ ਪ੍ਰਦਾਨ ਕੀਤੀ ਗਈ ਸੀ। ਸਰਕਾਰ ਰਿਜ਼ਰਵ ਬੈਂਕ 'ਤੇ ਇਸ ਗੱਲ ਲਈ ਵੀ ਜ਼ੋਰ ਪਾ ਰਹੀ ਹੈ ਕਿ ਉਹ 11 ਸਰਕਾਰੀ ਬੈਂਕਾਂ ਨੂੰ ਕਰਜ਼ਾ ਦੇਣ ਲਈ ਲਾਈਆਂ ਪਾਬੰਦੀਆਂ ਤੋਂ ਢਿੱਲ ਦੇਵੇ। ਇਹ ਪਾਬੰਦੀਆਂ ਇਸ ਲਈ ਲਾਈਆਂ ਗਈਆਂ ਸਨ ਕਿਉਂਕਿ ਬੈਂਕਾਂ ਦਾ ਪੂੰਜੀ ਆਧਾਰ ਕਾਫੀ ਘੱਟ ਹੋ ਚੁੱਕਾ ਸੀ।

ਰਿਜ਼ਰਵ ਬੈਂਕ ਚਾਹੁੰਦਾ ਸੀ ਕਿ ਉਹ ਆਪਣੇ ਪੂੰਜੀ ਅਨੁਪਾਤ ਵਿਚ ਸੁਧਾਰ ਕਰਨ ਅਤੇ ਪਾਬੰਦੀਆਂ ਹਟਾਉਣ ਤੋਂ ਪਹਿਲਾਂ ਮੁਨਾਫ਼ੇ ਵਿਚ ਆ ਜਾਣ ਪਰ ਸਰਕਾਰ ਨੂੰ ਲੱਗਦਾ ਹੈ ਕਿ ਪਾਬੰਦੀਆਂ ਲਾਉਣ ਵਿਚ ਰਿਜ਼ਰਵ ਬੈਂਕ ਨੇ ਬਹੁਤ ਜ਼ਿਆਦਾ ਸਖ਼ਤੀ ਵਰਤੀ ਹੈ।



**ਭਗਵੇਂਵਾਦੀ ਕੀਤੇ ਸੀ ਆਰਬੀਆਈ 'ਚ ਨਿਯੁਕਤ :** ਰਸਮੀ ਤੌਰ 'ਤੇ ਆਰ. ਬੀ. ਆਈ. ਬੋਰਡ ਦੇ ਮੈਂਬਰ ਅਰਥ ਸ਼ਾਸਤਰੀ ਅਤੇ ਉਦਯੋਗਪਤੀ ਰਹੇ ਹਨ ਪਰ ਸਰਕਾਰ ਨੇ ਪ੍ਰਮੁੱਖ ਭਾਜਪਾ ਸਮਰਥਕ ਅਤੇ ਆਰ. ਐੱਸ. ਐੱਸ. ਨਾਲ ਸਬੰਧਤ ਐੱਸ. ਗੁਰੂ-ਮੂਰਤੀ ਨੂੰ ਇਸ ਦੇ ਬੋਰਡ ਵਿਚ ਨਿਯੁਕਤ ਕੀਤਾ ਹੈ।

ਇਸ ਸਾਲ ਦੇ ਸ਼ੁਰੂ ਵਿਚ ਸਾਬਕਾ ਬੈਂਕਰ ਤੇ ਆਰ. ਐੱਸ. ਐੱਸ. ਦੇ ਕਰੀਬੀ ਸਤੀਸ਼ ਮਰਾਠੀ ਨੂੰ ਬੋਰਡ ਵਿਚ ਨਿਯੁਕਤ ਕੀਤਾ ਗਿਆ ਸੀ। ਸਰਕਾਰ ਦਾ ਇਹ ਕਦਮ ਵੀ ਰਿਜ਼ਰਵ ਬੈਂਕ ਨੂੰ ਨਾਗਵਾਰ ਗੁਜ਼ਰਿਆ ਸੀ।

**ਸਰਕਾਰੀ ਸ਼ਰਤਾਂ ਮੂਹਰੇ ਆਰ ਬੀ ਆਈ ਨੂੰ ਲਿਫਣ ਲਈ ਕੀਤਾ ਜਾ ਰਿਹੈ ਮਜਬੂਰ :** ਸਰਕਾਰ ਚਾਹੁੰਦੀ ਹੈ ਕਿ ਰਿਜ਼ਰਵ ਬੈਂਕ ਨੇ ਦੂਜੀਆਂ ਬੈਂਕਾਂ ਉੱਤੇ ਕਰਜ਼ੇ ਦੇਣ ਬਾਰੇ ਜਿਹੜੀਆਂ ਸ਼ਰਤਾਂ ਲਾਈਆਂ ਹਨ, ਉਨ੍ਹਾਂ ਨੂੰ ਕੁਝ ਨਰਮ ਕੀਤਾ ਜਾਵੇ, ਤਾਂ ਜੁ ਵੱਡੀਆਂ ਤੇ ਖ਼ਾਸ ਕਰ ਕੇ ਮੱਧ ਦਰਜੇ ਦੀਆਂ ਛੋਟੀਆਂ ਸਨਅਤੀ ਇਕਾਈਆਂ ਤੇ ਗ਼ੈਰ-ਜਥੇਬੰਦ ਸੈਕਟਰ ਵਿੱਚ ਕੰਮ ਕਰਨ ਵਾਲੇ ਅਦਾਰਿਆਂ ਨੂੰ ਆਸਾਨੀ ਨਾਲ ਕਰਜ਼ੇ ਹਾਸਲ ਕਰਵਾਏ ਜਾ ਸਕਣ। ਰਿਜ਼ਰਵ ਬੈਂਕ ਨੇ ਇਹ ਸ਼ਰਤ ਲਾ ਰੱਖੀ ਹੈ ਕਿ ਜਿਹੜੇ ਅਦਾਰੇ ਲਗਾਤਾਰ ਤਿੰਨ ਮਹੀਨਿਆਂ ਤੱਕ ਲਏ ਕਰਜ਼ਿਆਂ ਦੀਆਂ ਕਿਸ਼ਤਾਂ ਤੇ ਵਿਆਜ ਦੀ ਅਦਾਇਗੀ ਨਾ ਕਰਨ, ਉਨ੍ਹਾਂ ਨੂੰ ਹੋਰ ਕਰਜ਼ੇ ਕਿਸੇ ਵੀ ਸੂਰਤ ਵਿੱਚ ਨਾ ਪ੍ਰਾਪਤ ਕਰਵਾਏ ਜਾਣ ਤੇ ਨਾ ਪੁਰਾਣੇ ਕਰਜ਼ੇ ਨਵਿਆਏ ਜਾਣ।

ਵਿੱਤ ਮੰਤਰੀ ਨੇ ਆਰਬੀਆਈ ਦੀ ਕਾਰਗੁਜ਼ਾਰੀ ਬਾਰੇ ਇਸ ਗੱਲੋਂ ਨਾਖ਼ੁਸ਼ੀ ਪ੍ਰਗਟ ਕੀਤੀ ਹੈ ਕਿ ਪਿਛਲੀਆਂ ਸਰਕਾਰਾਂ ਦੌਰਾਨ ਉਸ ਨੇ 10 ਲੱਖ ਕਰੋੜ ਰੁਪਏ ਦਾ ਬੁਰਾ ਕਰਜ਼ਾ (ਐਨਪੀਏ) ਇਕੱਠਾ ਹੋਣ ਦਿੱਤਾ ਅਤੇ ਕੋਈ ਠੋਸ ਕਾਰਵਾਈ ਨਹੀਂ ਕੀਤੀ। ਸਰਕਾਰ ਵੱਲੋਂ 2019 ਵਿਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਕਾਰਨ ਉਠਾਏ ਜਾ ਰਹੇ ਲੋਕ-ਲੁਭਾਊ ਕਦਮਾਂ ਕਾਰਨ ਸਖ਼ਤ ਰੁਖ਼ ਅਪਣਾ ਕੇ ਆਰਬੀਆਈ ਸ਼ਾਇਦ ਨੋਟਬੰਦੀ ਉੱਤੇ ਠੋਸ ਸਟੈਂਡ ਨਾ ਲੈਣ ਅਤੇ ਐਨਪੀਏ ਉੱਤੇ ਲਗਾਮ ਨਾ ਲਗਾ ਸਕਣ ਦੀ ਪੁਰਾਣੀ ਕਮਜ਼ੋਰੀ ਨੂੰ ਦੂਰ ਕਰਨਾ ਚਾਹੁੰਦੀ ਹੈ। ਸਰਕਾਰ ਨੂੰ ਵੀ ਨੋਟਬੰਦੀ ਦੇ ਤਜਰਬੇ ਨਾਲ ਆਰਥਿਕ ਵਿਕਾਸ ਵਿਚ ਆਈ ਗਿਰਾਵਟ ਅਤੇ ਹੋਰ ਨੁਕਸਾਨ ਦੇ ਮੱਦੇਨਜ਼ਰ ਮੁਦਰਾ ਨੀਤੀ ਦੇ ਮਾਮਲੇ ਵਿਚ ਆਰਬੀਆਈ ਦੀ ਸਲਾਹ ਵੱਲ ਗੰਭੀਰ ਰੂਪ ਵਿਚ ਧਿਆਨ ਦੇਣ ਦੀ ਲੋੜ ਹੈ। ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਸਰਕਾਰ ਸਿਆਸੀ ਮਜਬੂਰੀਆਂ ਕਰਕੇ ਕੋਈ ਵਿੱਤੀ ਫੈਸਲੇ ਲੈਣਾ ਚਾਹੁੰਦੀ ਵੀ ਹੈ ਤਾਂ ਇਨ੍ਹਾਂ ਨੂੰ ਬਜਟ ਦੇ ਰਾਹ ਲਿਆਉਣਾ ਚਾਹੀਦਾ ਹੈ। ਆਰਬੀਆਈ ਦੀ ਬਾਂਹ ਮਰੋੜ ਕੇ ਬਜਟ ਸਪੋਰਟ ਤੋਂ ਬਿਨਾਂ ਕੀਤੇ ਫ਼ੈਸਲੇ ਦੇਸ਼ ਜਾਂ ਕਿਸੇ ਵੀ ਸੰਸਥਾ ਲਈ ਲਾਭਦਾਇਕ ਨਹੀਂ ਹੋ ਸਕਦੇ।

ਇਹ ਹਨ ਬੁਨਿਆਦੀ ਕਾਰਨ, ਜਿਨ੍ਹਾਂ ਕਰ ਕੇ ਸਰਕਾਰ ਤੇ ਰਿਜ਼ਰਵ ਬੈਂਕ ਦੇ ਕਰਤੇ-ਧਰਤਿਆਂ ਵਿਚਾਲੇ ਮੱਤਭੇਦ ਏਨੇ ਵਧ ਗਏ ਹਨ ਕਿ ਸਰਕਾਰ ਨੇ ਆਪਣੀ ਈਨ ਮੰਨਵਾਉਣ ਲਈ ਰਿਜ਼ਰਵ ਬੈਂਕ ਦੇ ਕੋਈ ਅੱਠ ਦਹਾਕੇ ਤੋਂ ਵੱਧ ਸਮਾਂ ਲੰਮੇ ਇਤਿਹਾਸ ਵਿੱਚ ਪਹਿਲੀ ਵਾਰ ਰਿਜ਼ਰਵ ਬੈਂਕ ਆਫ਼ ਇੰਡੀਆ ਐਕਟ, 1934 ਦੀ ਧਾਰਾ 7 ਦੀ ਵਰਤੋਂ ਕਰਨ ਦਾ ਫ਼ੈਸਲਾ ਲਿਆ ਹੈ।

ਵਿੱਤ ਮੰਤਰਾਲੇ ਨੇ ਪਿਛਲੇ ਦਿਨਾਂ ਵਿਚ ਰਿਜ਼ਰਵ ਬੈਂਕ ਨੂੰ ਵੱਖ ਵੱਖ ਤੌਰ ਉੱਤੇ ਤਿੰਨ ਪੱਤਰ ਲਿਖੇ ਹਨ। ਇਨ੍ਹਾਂ ਵਿਚ ਧਾਰਾ 7 ਦੇ ਰਾਹੀਂ ਨਗਦੀ ਦੇ ਪ੍ਰਬੰਧ ਲਈ ਢੁਕਵਾਂ ਢਾਚਾ ਤਿਆਰ ਕਰਨ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ। ਸੂਤਰਾਂ ਅਨੁਸਾਰ ਸਰਕਾਰ ਨੇ ਇਸ ਮਾਮਲੇ ਵਿਚ ਸਿੱਧੇ ਤੌਰ ਉੱਤੇ ਕੋਈ ਹੁਕਮ ਨਹੀਂ ਦਿੱਤੇ। ਸਿਰਫ ਬੈਂਕ ਦੇ ਨਾਲ ਅਣਸੁਲਝੇ ਮੁੱਦੇ ਵਿਚਾਰੇ ਹਨ।

**ਨੋਟਬੰਦੀ ਵੀ ਹੈ ਨਰਾਜ਼ਗੀ ਦਾ ਅਧਾਰ :** ਬਹੁਤ ਸਾਰੇ ਆਰਥਿਕ ਮਾਹਿਰ ਆਰਬੀਆਈ ਉੱਤੇ ਇਤਰਾਜ਼ ਪ੍ਰਗਟ ਕਰ ਰਹੇ ਹਨ ਕਿ ਭਾਰਤ ਸਰਕਾਰ ਵੱਲੋਂ ਨੋਟਬੰਦੀ ਦੇ ਐਲਾਨ ਸਮੇਂ ਬਣਦਾ ਸਟੈਂਡ ਨਹੀਂ ਲਿਆ ਗਿਆ। ਬਲਕਿ ਸਾਰਾ ਭਾਰ ਆਪਣੇ ਮੋਢਿਆਂ ਤੇ ਲੈ ਲਿਆ ਸੀ। ਨੋਟਬੰਦੀ ਨੇ ਨਾ ਕੇਵਲ ਗ਼ੈਰ-ਜਥੇਬੰਦਕ ਖੇਤਰ ਵਿਚ ਲੋਕਾਂ ਦੀ ਰੋਜ਼ੀ-ਰੋਟੀ ਨੂੰ ਭਾਰੀ ਸੱਟ ਮਾਰੀ ਬਲਕਿ ਜਥੇਬੰਦਕ ਖੇਤਰ ਵਿਚ ਵੀ ਵੱਡੀ ਹਿਲਜੁਲ ਪੈਦਾ ਹੋ ਗਈ ਸੀ। ਹੁਣ ਤੱਕ ਸਰਕਾਰ ਵੱਲੋਂ ਸਿਆਸੀ ਮੁਫ਼ਾਦ ਲਈ ਉਠਾਏ ਕਦਮਾਂ ਕਰਕੇ ਆਰਬੀਆਈ ਦਬਾਅ ਹੇਠ ਰਹੀ ਹੈ।

**ਮੋਦੀ ਸਰਕਾਰ ਦੇ ਵਿਕਾਸ ਦੇ ਦਾਅਵੇ ਖੋਖਲੇ :** ਸਾਡੇ ਹਾਕਮ ਇਹ ਦਾਅਵੇ ਕਰਦੇ ਰਹਿੰਦੇ ਹਨ ਕਿ ਭਾਰਤ ਸੰਸਾਰ ਦਾ ਸਭ ਤੋਂ ਵੱਧ ਤੇਜ਼ ਗਤੀ ਨਾਲ ਵਿਕਾਸ ਕਰਨ ਵਾਲਾ ਦੇਸ ਬਣ ਗਿਆ ਹੈ। ਉਨ੍ਹਾਂ ਵੱਲੋਂ ਇਹ ਦਾਅਵਾ ਵੀ ਕੀਤਾ ਜਾ ਰਿਹਾ ਹੈ ਕਿ ਅਸੀਂ ਕੁੱਲ ਕੌਮੀ ਆਮਦਨ ਦੇ ਮਾਮਲੇ ਵਿੱਚ ਫ਼ਰਾਂਸ ਤੋਂ ਵੀ ਅੱਗੇ ਲੰਘ ਗਏ ਹਾਂ। ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਇਹ ਵੀ ਕਹਿ ਦਿੱਤਾ ਹੈ ਕਿ 2025 ਤੱਕ ਭਾਰਤ ਸੰਸਾਰ ਦੀ ਤੀਜੀ ਵੱਡੀ ਆਰਥਕਤਾ ਬਣ ਜਾਵੇਗਾ, ਪਰ ਹਕੀਕਤਾਂ ਇਹਨਾਂ ਦਾਅਵਿਆਂ ਨਾਲ ਮੇਲ ਨਹੀਂ ਖਾਂਦੀਆਂ। ਹੁਣੇ-ਹੁਣੇ ਵਿਸ਼ਵ ਬੈਂਕ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਕਿਹਾ ਹੈ ਕਿ ਜੇ ਭਾਰਤ ਨੇ ਦਰਾਮਦੀ-ਬਰਾਮਦੀ ਵਪਾਰ ਦੇ ਵਧ ਰਹੇ ਘਾਟੇ ਉੱਤੇ ਕਾਬੂ ਪਾਉਣ ਦਾ ਜਤਨ ਨਾ ਕੀਤਾ ਤੇ ਡਾਲਰ ਦੇ ਮੁਕਾਬਲੇ ਰੁਪਏ ਦੀ ਘਟ ਰਹੀ ਕੀਮਤ ਦੇ ਰੁਝਾਨ ਨੂੰ ਨਾ ਰੋਕਿਆ ਤਾਂ ਦੇਸ ਦੇ ਬਦੇਸ਼ੀ ਸਿੱਕੇ ਦੇ ਰਾਖਵੇਂ ਭੰਡਾਰਾਂ ਵਿੱਚ ਕਮੀ ਆ ਜਾਵੇਗੀ ਤੇ ਕੌਮਾਂਤਰੀ ਪੂੰਜੀ ਬਾਜ਼ਾਰ ਵਿੱਚ ਭਾਰਤ ਦੀ ਸਾਖ ਨੂੰ ਧੱਕਾ ਲੱਗੇਗਾ। ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਡਿਪਟੀ ਗਵਰਨਰ ਵਿਰਲ ਆਚਾਰੀਆ ਨੇ ਸਰਕਾਰ ਨੂੰ ਇਹ ਸਪੱਸ਼ਟ ਚੇਤਾਵਨੀ ਦੇ ਦਿੱਤੀ ਹੈ ਕਿ ਜੇ ਉਸ ਨੇ ਬੈਂਕਾਂ ਦੀ ਖ਼ੁਦਮੁਖ਼ਤਾਰੀ ਨੂੰ ਬਹਾਲ ਨਾ ਕੀਤਾ ਤੇ ਉਨ੍ਹਾਂ ਦੇ ਕੰਮ-ਕਾਜ ਵਿੱਚ ਮੰਤਰੀਆਂ-ਮੁਸ਼ੱਦੀਆਂ, ਨੌਕਰਸ਼ਾਹਾਂ ਤੇ ਧਨ-ਕੁਬੇਰਾਂ ਦੀ ਵਧਦੀ ਦਖ਼ਲ-ਅੰਦਾਜ਼ੀ ਨੂੰ ਨਾ ਰੋਕਿਆ ਤਾਂ ਨਤੀਜੇ ਖ਼ਤਰਨਾਕ ਹੋ ਸਕਦੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਵਿਜੇ ਮਾਲਿਆ, ਮੇਹੁਲ ਚੋਕਸੀ, ਨੀਰਵ ਮੋਦੀ ਵਰਗੇ ਧਨਾਢ ਬੈਂਕਾਂ ਦਾ ਅਰਬਾਂ ਰੁਪਿਆ ਲੈ ਕੇ ਫਰਾਰ ਹੋ ਗਏ ਹਨ। ਇਸ ਲਈ ਉਪਰੋਕਤ ਗੱਠਜੋੜ ਹੀ ਜ਼ਿੰਮੇਵਾਰ ਹੈ। ਆਰਥਿਕ ਮਾਹਿਰ ਆਖਦੇ ਹਨ ਕਿ ਜੇ ਬੈਂਕਾਂ ਨੂੰ ਕੰਮ-ਕਾਜ ਕਰਨ ਵਿੱਚ ਪੂਰੀ ਖੁੱਲ੍ਹ ਹਾਸਲ ਹੋਵੇ ਤਾਂ ਉਹ ਲਾਜ਼ਮੀ ਹੀ ਐੱਨ ਪੀ ਏ ਦੇ ਵਾਧੇ ਨੂੰ ਰੋਕ ਸਕਦੇ ਹਨ।

## ਆਰਬੀਆਈ 'ਤੇ ਸਰਕਾਰ ਨੇ ਸੁਰ ਬਦਲੀ

ਕੇਂਦਰ ਸਰਕਾਰ ਨੇ ਭਾਵੇਂ ਸ਼ੁੱਕਰਵਾਰ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਕਿ ਇਹ ਭਾਰਤੀ ਰਿਜ਼ਰਵ ਬੈਂਕ ਤੋਂ ਇਕ ਲੱਖ ਕਰੋੜ ਰੁਪਏ ਲੈਣ ਲਈ ਕੋਈ ਦਬਾਅ ਨਹੀਂ ਬਣਾ ਰਹੀ ਪਰ ਸਰਕਾਰ ਦਾ ਰਿਜ਼ਰਵ ਬੈਂਕ ਨਾਲ ਜੋ ਰੱਫੜ ਇਨ੍ਹੀਂ ਦਿਨੀਂ ਪਿਆ ਹੋਇਆ ਹੈ ਅਤੇ ਰਿਜ਼ਰਵ ਬੈਂਕ ਦੇ ਗਵਰਨਰ ਊਰਜਿਤ ਪਟੇਲ ਨੇ ਜੋ ਪੈਂਤੜਾ ਮੱਲਿਆ ਹੋਇਆ ਹੈ, ਉਸ ਤੋਂ ਸਾਫ਼ ਜ਼ਾਹਿਰ ਹੈ ਕਿ ਮਾਮਲਾ ਏਨਾ ਸਰਲ ਨਹੀਂ ਹੈ। ਅਸਲ ਵਿਚ, ਮੁਲਕ ਦੀਆਂ ਵੱਖ ਵੱਖ ਅਹਿਮ ਸੰਸਥਾਵਾਂ ਬਾਰੇ ਸਰਕਾਰ ਦੀ ਜੋ ਪਹੁੰਚ ਪਿਛਲੇ ਕੁਝ ਸਮੇਂ ਦੌਰਾਨ ਲਗਾਤਾਰ ਸਾਹਮਣੇ ਆ ਰਹੀ ਹੈ, ਉਸ ਨਾਲ ਬੇਭਰੋਸਗੀ ਵਾਲਾ ਮਾਹੌਲ ਬਣਿਆ ਹੋਇਆ ਹੈ। ਸੀਬੀਆਈ ਦੇ ਮਾਮਲੇ 'ਤੇ ਸਰਕਾਰ ਨੇ ਜੋ ਰੁਖ਼ ਦਿਖਾਇਆ ਹੈ, ਉਸ ਨੇ ਇਸ ਸੰਸਥਾ ਦੇ ਵੱਕਾਰ ਨੂੰ ਡਾਢੀ ਸੱਟ ਮਾਰੀ ਹੈ। ਸਰਕਾਰ ਨੇ ਕਿਹਾ ਕਿ ਉਹ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਰਾਖਵੇਂ ਭੰਡਾਰ ਵਿੱਚੋਂ 3.6 ਲੱਖ ਕਰੋੜ ਰੁਪਏ ਨਹੀਂ ਮੰਗ ਰਹੀ ਹੈ ਪਰ ਉਹ ਕੇਂਦਰੀ ਬੈਂਕ ਦੇ ਢੁਕਵੇਂ ਆਰਥਿਕ ਪੂੰਜੀਕਰਨ ਦੀ ਰੂਪ-ਰੇਖਾ ਤੈਅ ਕਰਨ ਬਾਰੇ ਵਿਚਾਰਾਂ ਕਰ ਰਹੀ ਹੈ। ਆਰਥਿਕ ਮਾਮਲਿਆਂ ਬਾਰੇ ਸਕੱਤਰ ਸੁਭਾਸ਼ ਚੰਦਰ ਗਰਗ ਨੇ ਕਿਹਾ ਕਿ ਮੀਡੀਆ ਵਿੱਚ ਕਈ ਗੁਮਰਾਹਕੁਨ ਕਿਆਸੇ ਚੱਲ ਰਹੇ ਹਨ ਅਤੇ ਸਰਕਾਰ ਦੀ ਵਿੱਤੀ ਹਾਲਤ ਪੂਰੀ ਤਰ੍ਹਾਂ ਨਾਲ ਲੀਹ 'ਤੇ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਆਰਬੀਆਈ ਤੋਂ 3.6 ਲੱਖ ਕਰੋੜ ਜਾਂ ਇਕ ਲੱਖ ਕਰੋੜ ਰੁਪਏ ਲੈਣ ਦੀ ਕੋਈ ਤਜਵੀਜ਼ ਨਹੀਂ ਹੈ।

## ਮੋਦੀ ਨੇ ਸੂਟ-ਬੂਟ ਵਾਲੇ ਦੋਸਤਾਂ ਨੂੰ ਲਾਭ ਪਹੁੰਚਾਇਆ: ਰਾਹੁਲ ਗਾਂਧੀ

**ਨਵੀਂ ਦਿੱਲੀ :** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ ਦੋ ਸਾਲ ਦੇ ਸਿਖਰਲੇ ਪੱਧਰ 'ਤੇ ਚਲੇ ਜਾਣ ਸਬੰਧੀ ਖ਼ਬਰ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸੇਧਿਆ ਅਤੇ ਦੋਸ਼ ਲਾਇਆ ਕਿ ਮੋਦੀ ਨੇ ਸੂਟ-ਬੂਟ ਵਾਲੇ ਦੋਸਤਾਂ ਨੂੰ ਲਾਭ ਪਹੁੰਚਾਉਣ ਅਤੇ ਨੌਜਵਾਨਾਂ ਦੇ ਸੁਫ਼ਨੇ ਮਿੱਟੀ ਵਿੱਚ ਮਿਲਾਉਣ ਦਾ ਕੰਮ ਕੀਤਾ ਹੈ। ਗਾਂਧੀ ਨੇ ਪ੍ਰਧਾਨ ਮੰਤਰੀ 'ਤੇ ਤਨਜ਼ ਕਸਦਿਆਂ ਟਵੀਟ ਕੀਤਾ,"2014-ਠੱਗ ਵਿਦਿਆ 1: ਮੈਨੂੰ ਪ੍ਰਧਾਨ ਮੰਤਰੀ ਬਣਾਓ, ਮੈਂ 2 ਕਰੋੜ ਰੁਜ਼ਗਾਰ ਮੁਹੱਈਆ ਕਰਵਾਵਾਂਗਾ। 2016-ਠੱਗ ਵਿਦਿਆ 2: ਨੋਟਬੰਦੀ ਵਿੱਚ ਮੇਰਾ ਸਾਥ ਦਿਓ, ਮੈਂ ਕਾਲਾ ਧਨ ਵਾਪਸ ਲੈ ਕੇ ਆਵਾਂਗਾ। 2018-ਅਸਲੀਅਤ: ਸੂਟ-ਬੂਟ ਵਾਲੇ ਦੋਸਤਾਂ ਨੂੰ ਰਾਫ਼ਾਲ ਵਿੱਚ ਉਡਾਵਾਂਗਾ, ਨੌਜਵਾਨਾਂ ਦੇ ਸੁਫ਼ਨੇ ਮਿੱਟੀ ਵਿੱਚ ਮਿਲਾਵਾਂਗਾ।"



ਜ਼ਿਕਰਯੋਗ ਹੈ ਕਿ ਕਾਂਗਰਸ, ਸਰਕਾਰ 'ਤੇ ਦੋਸ਼ ਲਗਾਉਂਦੀ ਆ ਰਹੀ ਹੈ ਕਿ ਨਵੰਬਰ 2016 ਵਿੱਚ ਨੋਟਬੰਦੀ ਲਾਗੂ ਕੀਤੇ ਜਾਣ ਨਾਲ ਛੋਟੇ ਅਤੇ ਦਰਮਿਆਨੇ ਕਾਰੋਬਾਰੀਆਂ ਦਾ ਕੰਮ ਠੱਪ ਹੋ ਗਿਆ ਜਿਸ ਨਾਲ ਮੁਲਕ ਦੇ ਵਿਕਾਸ ਅਤੇ ਅਰਥਚਾਰੇ ਨੂੰ ਵੱਡੀ ਢਾਹ ਲੱਗੀ ਹੈ।

## ਆਰਬੀਆਈ ਦੇ ਭੰਡਾਰ 'ਤੇ ਕਾਬਜ਼ ਹੋਣ ਦੇ ਤਬਾਹਕੁਨ ਸਿੱਟੇ ਨਿਕਲਣਗੇ: ਚਿਦੰਬਰਮ

**ਗੁਹਾਟੀ:** ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਨੇ ਐਨਡੀਏ ਸਰਕਾਰ ਨੂੰ ਖ਼ਬਰਦਾਰ ਕੀਤਾ ਕਿ ਉਹ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਪੈਸਿਆਂ 'ਤੇ ਨਜ਼ਰ ਨਾ ਰੱਖੇ। ਉਨ੍ਹਾਂ ਕਿਹਾ ਕਿ ਇਸ ਨਾਲ ਮੁਲਕ ਦੇ ਅਰਥਚਾਰੇ ਲਈ ਤਬਾਹਕੁਨ ਨਤੀਜੇ ਨਿਕਲਣਗੇ ਅਤੇ ਇਹ ਫ਼ੈਸਲਾ ਨੋਟਬੰਦੀ ਨਾਲੋਂ ਵੀ ਮਾੜਾ ਹੋਵੇਗਾ। ਉਨ੍ਹਾਂ ਕਿਹਾ ਕਿ ਰਿਜ਼ਰਵ ਬੈਂਕ ਦੀ 7 ਨਵੰਬਰ 2016 ਨੂੰ ਹੋਈ ਬੈਠਕ ਵਿੱਚ ਸਰਕਾਰ ਵੱਲੋਂ ਨੋਟਬੰਦੀ ਲਈ ਦਿੱਤੀ ਗਈ ਦਲੀਲ 'ਤੇ ਅਸਹਿਮਤੀ ਜਤਾਈ ਗਈ ਸੀ ਪਰ ਉਸ ਨੇ ਫਿਰ ਵੀ ਨੋਟਬੰਦੀ 'ਤੇ ਮੋਹਰ ਲਗਾਈ ਸੀ ਅਤੇ



ਇਹ ਕੇਂਦਰੀ ਬੈਂਕ ਦੇ ਇਤਿਹਾਸ ਦਾ ਕਾਲਾ ਦਿਨ ਸੀ। ਸੀਨੀਅਰ ਕਾਂਗਰਸ ਆਗੂ ਨੇ ਕਿਹਾ ਕਿ ਭਾਜਪਾ ਨੂੰ ਕੇਂਦਰੀ ਬੈਂਕ ਦੀ ਭੂਮਿਕਾ ਸਬੰਧੀ ਕੋਈ ਸਮਝ ਨਹੀਂ ਹੈ ਅਤੇ ਨਾ ਹੀ ਉਹ ਆਰਬੀਆਈ ਦੇ ਗਵਰਨਰ ਦੀ ਆਜ਼ਾਦੀ ਦਾ ਸਤਿਕਾਰ ਕਰਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵਿੱਤੀ ਘਾਟੇ ਦੇ ਟੀਚੇ ਨੂੰ ਪੂਰਾ ਕਰਨ ਅਤੇ ਚੋਣ ਵਰ੍ਹੇ ਵਿੱਚ ਖ਼ਰਚਾ ਵਧਾਉਣ ਲਈ ਰਿਜ਼ਰਵ ਬੈਂਕ ਤੋਂ ਘੱਟੋ ਘੱਟ ਇਕ ਲੱਖ ਕਰੋੜ ਰੁਪਏ ਲੈਣਾ ਚਾਹੁੰਦੀ ਹੈ। ਉਨ੍ਹਾਂ ਮੁਤਾਬਕ ਭਾਜਪਾ ਸਰਕਾਰ ਦੀ ਆਰਬੀਆਈ ਗਵਰਨਰ ਉਪਰ ਬੋਰਡ ਆਫ਼ ਡਾਇਰੈਕਟਰ ਥਾਪਣ ਦੀ ਯੋਜਨਾ ਹੈ ਜਿਸ ਵਿੱਚ ਉਸ ਦੇ ਚੁਣੇ ਹੋਏ ਮੈਂਬਰ ਹੋਣਗੇ। ਸਰਕਾਰ ਵੱਲੋਂ ਰਿਜ਼ਰਵ ਬੈਂਕ ਦੀ ਆਰਥਿਕ ਪੂੰਜੀ ਰੂਪ-ਰੇਖਾ ਨੂੰ ਤੈਅ ਕਰਨ ਦੀ ਦਿੱਤੀ ਗਈ ਦਲੀਲ ਬਾਰੇ ਸ੍ਰੀ ਚਿਦੰਬਰਮ ਨੇ ਸਵਾਲ ਕੀਤਾ ਕਿ ਆਰਬੀਆਈ ਦਾ ਕਿਹੜਾ ਹਿੱਸਾ ਟੁੱਟਿਆ ਹੈ ਜਿਸ ਨੂੰ ਸਰਕਾਰ ਜੋੜਨ ਲਈ ਇੰਨੀ ਉਤਾਵਲੀ ਹੈ। ਸਾਬਕਾ ਵਿੱਤ ਮੰਤਰੀ ਨੇ 19 ਨਵੰਬਰ ਦੀ ਆਰਬੀਆਈ ਬੋਰਡ ਦੀ ਬੈਠਕ ਵਿੱਚ ਕੁਝ ਮਾੜਾ ਹੋਣ ਦਾ ਖ਼ਦਸ਼ਾ ਪ੍ਰਗਟਾਇਆ ਹੈ।

# ਸਟਾਲਨ ਬਨਾਮ ਸ਼ੇਰੇ ਪੰਜਾਬ

ਪ੍ਰੋ. ਬਲਵਿੰਦਰ ਪਾਲ ਸਿੰਘ





ਲੇਖਕ ਬਲਦੇਵ ਸਿੰਘ (ਸੜਕਨਾਮਾ) ਆਪਣੇ ਨਾਵਲ 'ਸੂਰਜ ਦੀ ਅੱਖ' ਵਿਚ ਮਹਾਰਾਜਾ ਰਣਜੀਤ ਸਿੰਘ ਬਾਰੇ ਝੂਠੇ ਤੱਥ ਪੇਸ਼ ਕਰਕੇ ਉਸ ਨੂੰ ਇਤਿਹਾਸ ਵਿਚ ਖਲਨਾਇਕ ਤੌਰ 'ਤੇ ਪੇਸ਼ ਕਰਨ ਦਾ ਯਤਨ ਕੀਤਾ, ਉਹ ਪੰਜਾਬੀ ਪਾਠਕਾਂ ਤੇ ਸਿੱਖ ਕੌਮ ਨੇ ਸਵੀਕਾਰ ਨਹੀਂ ਕੀਤਾ ਤੇ ਇਸ ਨਾਵਲ ਨੂੰ ਬਿਲਕੁਲ ਰੱਦ ਕਰ ਦਿੱਤਾ। ਵੱਡੀ ਗੱਲ ਇਹ ਹੋਈ ਕਿ ਸਿਖ ਚਿੰਤਕਾਂ ਵਲੋਂ ਹੁਣ ਸਿੱਖ ਸਹਿਤ ਰਚਨ ਅਤੇ ਸਿਖ ਕੌਮ 'ਤੇ ਹੋ ਰਹੇ ਕੂੜ ਹਮਲਿਆਂ ਦਾ ਜੋ ਜਵਾਬ ਦੇਣ ਦਾ ਫੈਸਲਾ ਕੀਤਾ ਹੈ, ਉਹ ਸ਼ਲਾਘਾਯੋਗ ਯਤਨ ਹੈ। ਜੇਕਰ ਪੰਜਾਬ ਦੇ ਇਨ੍ਹਾਂ ਖੱਬੇ ਪੱਖੀਆਂ ਦਾ ਇਤਿਹਾਸ ਵਾਚਿਆ ਜਾਵੇ ਤਾਂ ਇਨ੍ਹਾਂ ਨੇ ਪੰਜਾਬ ਨਾਲ ਵਫ਼ਾ ਨਹੀਂ ਨਿਭਾਈ, ਸਗੋਂ ਕੇਂਦਰ ਸਰਕਾਰ ਵਲੋਂ ਪੰਜਾਬ 'ਤੇ ਕੀਤੇ ਜਾ ਰਹੇ ਜ਼ੁਲਮਾਂ ਦੇ ਹੱਕ ਵਿਚ ਭੁਗਤੇ ਹਨ। ਪੰਜਾਬ ਸੰਤਾਪ ਦੌਰਾਨ ਇਨ੍ਹਾਂ ਦੀ ਭੂਮਿਕਾ ਪੰਜਾਬ ਵਿਰੋਧੀ ਰਹੀ ਹੈ ਤੇ ਇਹ ਬ੍ਰਾਹਮਣਵਾਦ ਦੇ ਹੱਕ ਵਿਚ ਭੁਗਤਦੇ ਰਹੇ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਸਤਪਾਲ ਡਾਂਗ, ਸਾਹਿਤਕਾਰ ਸੰਤ ਸਿੰਘ ਸੇਖੋਂ, ਨਾਟਕਕਾਰ ਗੁਰਸ਼ਰਨ ਸਿੰਘ, ਅਵਤਾਰ ਪਾਸ਼ ਆਦਿ ਸਿੱਖ ਪੰਥ ਦੇ ਵਿਰੋਧ ਵਿਚ ਭੁਗਤਦੇ ਰਹੇ। ਉਹੀ ਦੌਰ ਅੱਜ ਵੀ ਜਾਰੀ ਹੈ।

ਬਲਦੇਵ ਸਿੰਘ ਸੜਕਨਾਮੇ ਵਰਗੇ ਲੋਕ ਖਾਲਸਾ ਪੰਥ ਦੇ ਨਾਇਕ ਮਹਾਰਾਜਾ ਰਣਜੀਤ ਸਿੰਘ ਬਾਰੇ ਜੋ ਮਰਜ਼ੀ ਲਿਖ ਦੇਣ, ਪਰ ਉਹ ਖਲਨਾਇਕ ਸਿੱਧ ਨਹੀਂ ਕੀਤੇ ਜਾ ਸਕਦੇ। ਇਹੋ ਜਿਹੀ ਮਹਾਨ ਸ਼ਖ਼ਸੀਅਤ ਦਾ ਇਤਿਹਾਸ ਲਿਖਣ ਲੱਗਿਆਂ ਇਤਿਹਾਸਕ ਤੱਥਾਂ ਨੂੰ ਨਜ਼ਰਅੰਦਾਜ਼ ਕਰਕੇ ਚੰਗਾ ਸਾਹਿਤ ਨਹੀਂ ਰਚਿਆ ਜਾ ਸਕਦਾ। ਬਲਦੇਵ ਸਿੰਘ ਸੜਕਨਾਮੇ ਦੇ ਇਸ ਨਾਵਲ 'ਸੂਰਜ ਦੀ ਅੱਖ' ਬਾਰੇ ਕਿਹਾ ਜਾ ਸਕਦਾ ਹੈ ਕਿ ਉਸ ਦੀ ਕਲਾ ਮਨੋਹਰ ਕਹਾਣੀਆਂ ਵਰਗੀ ਹੈ ਤੇ ਉਸ ਵਿਚ ਦਾਰਸ਼ਨਿਕ ਵਿਧੀ ਨਹੀਂ ਹੈ ਕਿ ਉਹ ਅਜਿਹੇ ਮਹਾਨ ਯੋਧੇ ਦਾ ਇਤਿਹਾਸ ਸਿਰਜ ਸਕੇ ਅਤੇ ਉਸ ਨਾਲ ਇਨਸਾਫ ਕਰ ਸਕੇ। ਉਹ ਆਪਣੇ ਨਾਵਲ ਰਾਹੀਂ ਸਿਖ ਨਾਇਕਾਂ ਤੇ ਮਹਾਰਾਜਾ ਰਣਜੀਤ ਸਿੰਘ ਦੀ ਇਤਿਹਾਸਕ ਵਿਆਖਿਆ ਨਹੀਂ ਕਰ ਸਕਿਆ, ਜਿਸ ਨੂੰ ਡਾ. ਹਰੀ ਰਾਮ ਗੁਪਤਾ ਤੇ ਗੋਕਲ ਚੰਦ ਨਾਰੰਗ ਵਰਗੇ ਗ਼ੈਰ ਸਿਖ ਇਤਿਹਾਸਕਾਰਾਂ ਨੇ ਸਲਾਮ ਕੀਤਾ ਹੈ। ਦੁਖਾਂਤ ਇਸ ਗੱਲ ਦਾ ਵੀ ਹੈ ਕਿ ਸਿਖ ਘਰ ਵਿਚ ਜਨਮੇ ਇਸ ਲੇਖਕ ਨੂੰ ਸਰਬਤ ਖਾਲਸਾ, ਮਿਸਲਦਾਰਾਂ ਤੇ ਦਰਬਾਰ ਸਾਹਿਬ ਦੀ ਇਤਿਹਾਸਕ ਭੂਮਿਕਾ ਬਾਰੇ ਗਿਆਨ ਨਹੀਂ ਹੈ, ਇਸੇ ਕਰਕੇ ਉਹ ਸਿਖ ਯੋਧਿਆਂ ਨੂੰ ਲੁਟੇਰੇ ਲਿਖ ਜਾਂਦਾ ਹੈ। ਲੇਖਕ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਕਿ ਇਹ ਉਹ ਇਤਿਹਾਸ ਹੈ ਜੋ ਏਸ਼ੀਆ ਦੇ ਇਤਿਹਾਸ ਵਿਚ ਤਰੀਖ ਨੂੰ ਨਵੇਂ ਅਰਥ ਦੇ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਵਿਚ ਵੀ ਮਨੁੱਖ ਜਾਂ ਸ਼ਾਸ਼ਕ ਕਰਕੇ ਕੁਝ ਕਮਜ਼ੋਰੀਆਂ ਹੋਣਗੀਆਂ, ਪਰ ਉਸ ਦੀਆਂ ਕਮਜ਼ੋਰੀਆਂ ਨੂੰ ਉਭਾਰ ਕੇ, ਉਸ ਦੇ ਅਨਮੋਲ ਗੁਣਾਂ ਨੂੰ ਅੱਖੋਂ ਪਰੋਖੇ ਕਰਕੇ ਤੇ ਆਪਣੇ ਨਾਵਲ ਨੂੰ ਮਸਾਲੇਦਾਰ ਰਚਨਾ ਬਣਾ ਕੇ ਮਹਾਰਾਜਾ ਰਣਜੀਤ ਸਿੰਘ ਦਾ ਇਤਿਹਾਸ ਵਿਚੋਂ ਕੱਦ ਛੋਟਾ ਨਹੀਂ ਕੀਤਾ ਜਾ ਸਕਦਾ, ਜਿਸ ਨੇ ਅਫ਼ਗਾਨ ਧਾੜਵੀ ਲੁਟੇਰਿਆਂ ਦੇ ਮੂੰਹ ਮੋੜੇ ਹੋਣ ਤੇ ਅੰਗਰੇਜ਼ਾਂ ਨੂੰ ਸਤਲੁਜ ਤੋਂ ਪਾਰ ਰੋਕ ਦਿੱਤਾ ਹੋਵੇ। ਇਹ ਇਤਿਹਾਸ ਦਾ ਸੱਚ ਹੈ ਕਿ ਜੇਕਰ ਕਾਬੁਲ ਕੰਧਾਰ ਤਕ ਖਾਲਸਾ ਪੰਥ ਦੇ ਨਿਸ਼ਾਨ ਝੁਲੇ ਹਨ, ਉਹ ਮਹਾਰਾਜਾ ਰਣਜੀਤ ਸਿੰਘ ਦੀ ਬਦੌਲਤ ਹਨ। ਅਠ੍ਹਾਰਵੀਂ ਸਦੀ ਦੇ ਸਿਖ ਜਰਨੈਲਾਂ ਤੇ ਮਹਾਰਾਜਾ ਰਣਜੀਤ ਸਿੰਘ ਅਗਵਾਈ ਵਿਚ ਜਿੰਨੇ ਵੀ ਯੁਧ ਹੋਏ ਹਨ, ਕਿਸੇ ਵਿਚ ਆਮ ਜਨਤਾ 'ਤੇ ਜ਼ੁਲਮ ਨਹੀਂ ਕੀਤੇ ਤੇ ਨਾ ਹੀ ਇਸਤਰੀਆਂ ਨਾਲ ਬਲਾਤਕਾਰ ਹੋਏ ਹਨ। ਪਰ ਲੇਖਕ ਨੂੰ ਆਪਣਾ ਇਨਕਲਾਬੀ ਰੂਸੀ ਇਤਿਹਾਸ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ ਕਿ ਰੂਸ ਦੇ ਨਾਇਕ ਸਟਾਲਿਨ ਦੀਆਂ ਫੌਜਾਂ ਜਿਸ ਨੂੰ 'ਰੈਡ ਆਰਮੀ' ਕਿਹਾ ਜਾਂਦਾ ਹੈ, ਨੇ ਕਿਵੇਂ ਜਰਮਨੀ ਔਰਤਾਂ ਨਾਲ ਬਲਾਤਕਾਰ ਕੀਤੇ ਤੇ ਕਿਰਤੀਆਂ ਦੀ ਨਸਲਕੁਸ਼ੀ ਕਰਕੇ ਲਾਲ ਇਨਕਲਾਬ ਸਿਰਜਣ ਦਾ ਦਾਅਵਾ ਕੀਤਾ। ਇਹ ਹੁਣ ਪਾਠਕਾਂ ਨੇ ਨਿਰਣਾ ਕਰਨਾ ਹੈ ਕਿ ਰੂਸ ਦਾ ਇਨਕਲਾਬ ਮਨੁੱਖਤਾ ਪੱਖੀ ਹੈ ਜਾਂ ਸਿਖ ਇਨਕਲਾਬ ਜੋ ਗੁਰੂ ਸਾਹਿਬ ਦੇ ਦੁਲਾਰਿਆਂ ਨੇ ਆਪਣੇ ਖ਼ੂਨ ਨਾਲ ਸਿੰਝਿਆ ਹੈ, ਮਨੁੱਖਤਾ ਦੀ ਰੱਖਿਆ ਕੀਤੀ ਹੈ ਤੇ ਜਰਵਾਣਿਆਂ ਦੇ ਮੂੰਹ ਮੋੜੇ ਹਨ।

**ਰੂਸ ਦਾ ਖ਼ੂਨੀ ਇਨਕਲਾਬ ਤੇ ਸਟਾਲਨ :** ਸੋਵੀਅਤ ਸੰਘ ਦੇ ਸ਼ਾਸਕ ਜੋਸੇਫ ਸਟਾਲਨ ਨੂੰ ਕਦੀ ਕਮਿਊਨਿਸਟਾਂ ਦਾ ਆਦਰਸ਼ ਮੰਨਿਆ ਜਾਂਦਾ ਸੀ। ਉਹ ਸੋਵੀਅਤ ਸੰਘ ਦਾ ਬਹੁਤ ਵੱਡਾ ਨਾਇਕ ਮੰਨਿਆ ਗਿਆ ਸੀ। ਕੀ ਉਹ ਸੱਚਮੁੱਚ ਅਜਿਹਾ ਸੀ ਕਿ ਉਸ ਨੂੰ ਲਾਲ ਕ੍ਰਾਂਤੀ ਦੇ ਨਾਂ 'ਤੇ ਯਾਦ ਕੀਤਾ ਜਾਵੇ ਜਾਂ ਨਸਲਕੁਸ਼ੀ ਕਰਨ ਵਾਲੇ ਨੇਤਾ ਦੇ ਤੌਰ 'ਤੇ ਯਾਦ ਕੀਤਾ ਜਾਵੇ। ਅਸਲ ਵਿਚ ਲੋਕਾਂ ਦਾ ਖ਼ੂਨ ਵਹਾਅ ਕੇ ਉਸ ਨੇ ਲਾਲ ਇਨਕਲਾਬ ਉਸਾਰਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਕ ਚੌਥਾਈ ਸਦੀ ਤਕ ਉਹ ਸੋਵੀਅਤ ਸੰਘ ਦਾ ਸਭ ਤੋਂ ਵੱਡੇ ਨੇਤਾ ਰਿਹਾ ਸੀ। ਜੇਕਰ ਇਸ ਤੱਥ ਨੂੰ ਨਾਇਕ ਦਾ ਆਦਰਸ਼ ਮੰਨਣਾ ਹੈ, ਤਾਂ ਭਾਰਤ ਦੇ ਮੁਗ਼ਲ ਬਾਦਸ਼ਾਹ ਬਾਬਰ ਤੇ ਔਰੰਗਜ਼ੇਬ ਨੂੰ ਵੀ ਮਹਾਨ ਮੰਨਣਾ ਪਵੇਗਾ।

**ਇਹ ਇਤਿਹਾਸ ਦਾ ਸੱਚ ਹੈ ਕਿ ਜੇਕਰ ਕਾਬੁਲ ਕੰਧਾਰ ਤਕ ਖਾਲਸਾ ਪੰਥ ਦੇ ਨਿਸ਼ਾਨ ਝੁਲੇ ਹਨ, ਉਹ ਮਹਾਰਾਜਾ ਰਣਜੀਤ ਸਿੰਘ ਦੀ ਬਦੌਲਤ ਹਨ। ਅਠ੍ਹਾਰਵੀਂ ਸਦੀ ਦੇ ਸਿਖ ਜਰਨੈਲਾਂ ਤੇ ਮਹਾਰਾਜਾ ਰਣਜੀਤ ਸਿੰਘ ਅਗਵਾਈ ਵਿਚ ਜਿੰਨੇ ਵੀ ਯੁਧ ਹੋਏ ਹਨ, ਕਿਸੇ ਵਿਚ ਆਮ ਜਨਤਾ 'ਤੇ ਜ਼ੁਲਮ ਨਹੀਂ ਕੀਤੇ ਤੇ ਨਾ ਹੀ ਇਸਤਰੀਆਂ ਨਾਲ ਬਲਾਤਕਾਰ ਹੋਏ ਹਨ। ਪਰ ਲੇਖਕ ਨੂੰ ਆਪਣਾ ਇਨਕਲਾਬੀ ਰੂਸੀ ਇਤਿਹਾਸ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ ਕਿ ਰੂਸ ਦੇ ਨਾਇਕ ਸਟਾਲਿਨ ਦੀਆਂ ਫੌਜਾਂ ਜਿਸ ਨੂੰ 'ਰੈਡ ਆਰਮੀ' ਕਿਹਾ ਜਾਂਦਾ ਹੈ, ਨੇ ਕਿਵੇਂ ਜਰਮਨੀ ਔਰਤਾਂ ਨਾਲ ਬਲਾਤਕਾਰ ਕੀਤੇ ਤੇ ਕਿਰਤੀਆਂ ਦੀ ਨਸਲਕੁਸ਼ੀ ਕਰਕੇ ਲਾਲ ਇਨਕਲਾਬ ਸਿਰਜਣ ਦਾ ਦਾਅਵਾ ਕੀਤਾ। ਇਹ ਹੁਣ ਪਾਠਕਾਂ ਨੇ ਨਿਰਣਾ ਕਰਨਾ ਹੈ ਕਿ ਰੂਸ ਦਾ ਇਨਕਲਾਬ ਮਨੁੱਖਤਾ ਪੱਖੀ ਹੈ ਜਾਂ ਸਿਖ ਇਨਕਲਾਬ ਜੋ ਗੁਰੂ ਸਾਹਿਬ ਦੇ ਦੁਲਾਰਿਆਂ ਨੇ ਆਪਣੇ ਖ਼ੂਨ ਨਾਲ ਸਿੰਝਿਆ ਹੈ, ਮਨੁੱਖਤਾ ਦੀ ਰੱਖਿਆ ਕੀਤੀ ਹੈ ਤੇ ਜਰਵਾਣਿਆਂ ਦੇ ਮੂੰਹ ਮੋੜੇ ਹਨ।**

ਜੋਸੇਫ ਸਟਾਲਨ ਦਾ ਜਨਮ 18 ਦਸੰਬਰ ਸੰਨ1879 ਨੂੰ ਜਾਰਜੀਆ ਵਿਚ ਹੋਇਆ। ਸਟਾਲਨ ਦੇ ਪਿਤਾ ਪੇਸ਼ੇ ਤੋਂ ਇਕ ਮੋਚੀ ਸੀ ਤੇ ਮਾਂ ਕੱਪੜੇ ਧੋਣ ਦਾ ਕੰਮ ਕਰਦੀ ਸੀ। ਸੱਤ ਸਾਲ ਦੀ ਉਮਰ ਵਿਚ ਸਟਾਲਨ ਨੂੰ ਚੇਚਕ ਦੀ ਬਿਮਾਰੀ ਹੋ ਗਈ, ਜਿਸ ਨਾਲ ਉਸ ਦੇ ਚਿਹਰੇ 'ਤੇ ਦਾਗ਼ ਪੈ ਗਏ ਤੇ ਉਸ ਦਾ ਚਿਹਰਾ ਲੰਬੀ ਉਮਰ ਤਕ ਬਦਸੂਰਤ ਰਿਹਾ ਹੈ। ਇਸ ਬਿਮਾਰੀ ਦੇ ਕਾਰਨ ਉਸ ਦੇ ਖੱਬੇ ਹੱਥ ਵਿਚ ਵੀ ਖ਼ਰਾਬੀ ਆ ਗਈ ਸੀ। ਬਚਪਨ ਵਿਚ ਸਟਾਲਨ ਬਹੁਤ ਕਮਜ਼ੋਰ ਸੀ ਤੇ ਦੂਜੇ ਬੱਚੇ ਉਸ ਨੂੰ ਬਹੁਤ ਤੰਗ ਕਰਿਆ ਕਰਦੇ ਸਨ। ਉਸ ਦਾ ਪਿਤਾ ਸ਼ਰਾਬੀ ਸੀ ਤੇ ਉਸ ਨੂੰ ਆਮ ਤੌਰ 'ਤੇ ਕੁੱਟਿਆ ਮਾਰਿਆ ਕਰਦਾ ਸੀ। ਜੋਸੇਫ ਸਟਾਲਨ ਬਚਪਨ ਵਿਚ ਹੀ ਪੜ੍ਹਨ ਵਿਚ ਹੁਸ਼ਿਆਰ ਸੀ। ਉਸ ਦੀ ਮਾਂ ਚਾਹੁੰਦੀ ਸੀ ਕਿ ਉਸ ਦਾ ਬੇਟਾ ਪਾਦਰੀ ਬਣੇ, ਪਰ ਸਕੂਲ ਜਾ ਕੇ ਉਸ ਨੇ ਧਾਰਮਿਕ ਪੁਸਤਕਾਂ ਦੀ ਥਾਂ ਮਾਰਕਸ ਤੇ ਹੋਰ ਇਨਕਲਾਬੀਆਂ ਬਾਰੇ ਪੁਸਤਕਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਇਹ ਉਹ ਸਮਾਂ ਸੀ, ਜਦੋਂ ਰੂਸੀ ਜਾਰ ਨਿਕੋਲਸ ਦੂਜੇ ਦੇ ਰਾਜ ਖ਼ਿਲਾਫ਼ ਅੰਦੋਲਨ ਚਲ ਰਿਹਾ ਸੀ। 18 ਸਾਲ ਦੀ ਉਮਰ ਵਿਚ ਸਟਾਲਨ ਨੇ ਉਨ੍ਹਾਂ ਦਿਨਾਂ ਦੌਰਾਨ ਇਕ ਸਮਾਜਵਾਦੀ ਵਿਚਾਰਧਾਰਾ ਵਾਲੀ ਜਥੇਬੰਦੀ ਦੀ ਮੈਂਬਰਸ਼ਿਪ ਵੀ ਲੈ ਲਈ ਸੀ। ਇਹ ਜਥੇਬੰਦੀ ਰੂਸ ਦੇ ਬਾਦਸ਼ਾਹ ਦੇ ਖ਼ਿਲਾਫ਼ ਲੋਕਾਂ ਨੂੰ ਸੰਘਰਸ਼ ਲਈ ਪ੍ਰੇਰਦੀ ਸੀ। ਇਸ ਕਾਰਨ ਸੰਨ 1899 ਵਿਚ ਉਸ ਨੂੰ ਧਾਰਮਿਕ ਸਕੂਲ ਤੋਂ ਬਾਹਰ ਕਰ ਦਿੱਤਾ ਗਿਆ।

ਸੰਨ 1899 ਵਿਚ ਹੀ ਖੱਬੇ ਪਖੀ ਦਲ ਤੋਂ ਪ੍ਰੇਰਣਾ ਲੈ ਕੇ ਕਾਕੇਸ਼ੀਆ ਦੇ ਮਜ਼ਦੂਰਾਂ ਨੇ ਹੜਤਾਲ ਕੀਤੀ। ਰੂਸੀ ਜਾਰ ਦੀ ਸਰਕਾਰ ਨੇ ਇਨ੍ਹਾਂ ਮਜ਼ਦੂਰਾਂ ਦੇ ਇਸ ਅੰਦੋਲਨ ਨੂੰ ਕੁਚਲ ਦਿੱਤਾ। ਇਸ ਦੌਰਾਨ ਅਰਥਾਤ 20ਵੀਂ ਸਦੀ ਦੀ ਸ਼ੁਰੂਆਤ ਵਿਚ ਸਟਾਲਨ ਨੇ ਤਿਫਲਿਸ ਦੇ ਮੌਸਮ ਵਿਭਾਗ ਵਿਚ ਕੰਮ ਕਰਨਾ ਸ਼ੁਰੂ ਕੀਤਾ। ਇਸ ਦੌਰਾਨ ਉਸ ਨੇ ਲਗਾਤਾਰ ਰੂਸੀ ਸਾਮਰਾਜ ਦੇ ਖ਼ਿਲਾਫ਼ ਬਗ਼ਾਵਤ ਜਾਰੀ ਰੱਖੀ ਹੋਈ ਸੀ। ਸਟਾਲਨ ਅਕਸਰ ਹੜਤਾਲ ਤੇ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕਰਦਾ ਸੀ। ਸੰਨ 1901 ਵਿਚ ਜੋਸੇਫ ਸਟਾਲਨ ਸਾਮਾਜਿਕ ਡੈਮੋਕਰੇਟਿਕ ਲੇਬਰ ਪਾਰਟੀ ਵਿਚ ਸ਼ਾਮਲ ਹੋ ਗਿਆ। ਇਸ ਕਾਰਨ ਜੋਸੇਫ ਨੂੰ ਤਿਫਲਿਸ ਛਡ ਕੇ ਬਾਤੂਮ ਜਾਣਾ ਪਿਆ, ਕਿਉਂਕਿ ਰੂਸੀ ਜਾਰ ਸਰਕਾਰ ਨੇ ਉਸ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ ਸੀ ਤੇ ਉਸ ਨੂੰ ਰਾਜ ਦਾ ਬਾਗੀ ਕਰਾਰ ਕਰ ਦਿੱਤਾ ਸੀ। ਸੰਨ 1902 ਵਿਚ ਜੋਸੇਫ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ। ਇਸ ਸੰਘਰਸ਼ ਦੌਰਾਨ ਉਸ ਦੀ ਮੁਲਾਕਾਤ ਲੈਨਿਨ ਨਾਲ ਹੋਈ। ਲੈਨਿਨ 'ਬੋਲਸ਼ੇਵਿਕ' ਪਾਰਟੀ ਦਾ ਵੱਡਾ ਨੇਤਾ ਸੀ। ਉਹ ਜੋਸੇਫ ਦੇ ਕੰਮ ਤੋਂ ਬਹੁਤ ਪ੍ਰਭਾਵਿਤ ਸੀ। ਉਸ ਨੇ ਜੋਸੇਫ ਨੂੰ ਆਪਣੇ ਨਾਲ ਜੋੜਨ ਦਾ ਫ਼ੈਸਲਾ ਕਰ ਲਿਆ। ਲੈਨਿਨ ਦੇ ਇਨਕਲਾਬ ਦਾ ਉਦੇਸ਼ ਸੀ ਕਿ ਉਹ ਪੂਰੇ ਰੂਸ ਦੇ ਇਨਕਲਾਬੀਆਂ ਨੂੰ ਇਕਜੁਟ ਕਰਕੇ ਸਰਕਾਰ ਦੇ ਖ਼ਿਲਾਫ਼ ਅੰਦੋਲਨ ਕਰੇ। ਸੰਨ 1905 ਵਿਚ ਸਟਾਲਨ ਨੇ ਪਹਿਲੀ ਵਾਰ ਰੂਸੀ ਸਾਮਰਾਜ ਦੇ ਖ਼ਿਲਾਫ਼ ਗੁਰਿੱਲਾ ਯੁਧ ਵਿਚ ਹਿੱਸਾ ਲਿਆ। ਸੰਨ 1907 ਵਿਚ ਸਟਾਲਨ ਨੇ ਤਿਫਲਿਸ ਦੇ ਇਕ ਬੈਂਕ ਵਿਚੋਂ ਢਾਈ ਲੱਖ ਰੂਬਲ ਲੁੱਟੇ। ਇਹ ਰਕਮ ਜਾਰ ਵਿਰੋਧੀ ਅੰਦੋਲਨ ਵਿਚ ਕੰਮ ਆਈ।

ਆਪਣੇ ਇਸ ਕ੍ਰਾਂਤੀਕਾਰੀ ਸਫ਼ਰ ਵਿਚ ਇਕ ਦਿਨ ਜੋਸੇਫ ਦੀ ਨਜ਼ਰ ਕੇਤੇਵਨ ਨਾਮ ਦੀ ਇਕ ਲੜਕੀ 'ਤੇ ਪਈ ਜੋ ਕਿ ਬਹੁਤ ਖ਼ੂਬਸੂਰਤ ਸੀ। ਦੋਹਾਂ ਨੇ ਸਹਿਮਤੀ ਨਾਲ ਸੰਨ 1906 ਦੌਰਾਨ ਵਿਆਹ ਕਰਵਾ ਲਿਆ। ਥੋੜ੍ਹੇ ਸਮੇਂ ਬਾਅਦ ਉਸ ਦੇ ਘਰ ਬੱਚੇ ਨੇ ਜਨਮ ਲਿਆ। ਬੱਚੇ ਦੇ ਜਨਮ ਤੋਂ ਕੁਝ ਚਿਰਾਂ ਬਾਅਦ ਸੰਨ 1907 ਦੌਰਾਨ ਕੇਤੇਵਨ ਦੀ ਮੌਤ ਹੋ ਗਈ, ਜਿਸ ਨੇ ਜੋਸੇਫ ਦੀ ਜ਼ਿੰਦਗੀ ਵਿਚ ਭੂਚਾਲ ਲੈ ਆਉਂਦਾ। ਉਹ ਇਸ ਘਟਨਾ ਕਾਰਨ ਬੁਰੀ ਤਰ੍ਹਾਂ ਟੁਟ ਗਿਆ ਤੇ ਆਪਣੇ ਬੱਚੇ ਨੂੰ ਆਪਣੇ ਸਹੁਰਿਆਂ ਨੂੰ ਸੌਂਪ ਕੇ ਸੰਘਰਸ਼ ਵਿਚ ਸ਼ਾਮਲ ਹੋ ਗਿਆ। ਕਹਿੰਦੇ ਹਨ ਕਿ ਇਸ ਘਟਨਾ ਤੋਂ ਬਾਅਦ ਜੋਸੇਫ ਦੇ ਅੰਦਰ ਇਨਸਾਨੀਅਤ ਖ਼ਤਮ ਹੋ ਗਈ।

**ਰੂਸੀ ਕ੍ਰਾਂਤੀ ਦੇ ਦੌਰਾਨ ਬਣ ਗਿਆ ਤਾਨਾਸ਼ਾਹ :** ਜੋਸੇਫ ਨੇ ਆਪਣਾ ਨਾਂ ਬਦਲ ਲਿਆ। ਉਸ ਨੇ ਆਪਣਾ ਨਾਂ ਸਟਾਲਨ ਰੱਖ ਲਿਆ। ਸਟਾਲਨ ਹੁਣ ਲੈਨਿਨ ਦਾ ਖ਼ਾਸ ਬਣ ਗਿਆ ਸੀ। ਬਾਗੀ ਰੁਚੀਆਂ ਅਤੇ ਹਿੰਸਕ ਕਾਰਵਾਈਆਂ ਕਰਕੇ ਸਟਾਲਨ ਕਈ ਵਾਰ ਗ੍ਰਿਫ਼ਤਾਰ ਕੀਤਾ ਗਿਆ। ਸੰਨ 1910 ਦੌਰਾਨ ਉਸ ਨੂੰ ਸਾਈਬੇਰੀਆ ਭੇਜ ਦਿੱਤਾ ਗਿਆ। ਸੰਨ 1917 ਵਿਚ ਲੈਨਿਨ ਦੀ ਅਗਵਾਈ ਵਿਚ ਰੂਸ ਵਿਚ ਕਮਿਊਨਿਸਟ ਇਨਕਲਾਬ ਕਾਮਯਾਬ ਹੋ ਗਿਆ। ਲੈਨਿਨ ਨੇ ਲੋਕਾਂ ਨੂੰ ਅਮਨ, ਜ਼ਮੀਨ ਤੇ ਰੋਟੀ ਦੇਣ ਦਾ ਵਾਅਦਾ ਕੀਤਾ। ਸਟਾਲਨ ਨੇ ਇਸ ਇਨਕਲਾਬ ਵਿਚ ਅਹਿਮ ਭੂਮਿਕਾ ਨਿਭਾਈ। ਉਹ ਇਸ ਦੌਰਾਨ ਬੋਲਸ਼ੇਵਿਕ ਪਾਰਟੀ ਦਾ ਅਖਬਾਰ 'ਪਰਾਵਦਾ' ਚਲਾਉਂਦਾ ਸੀ। ਜਦ ਉਸ ਨੇ ਲੈਨਿਨ ਨੂੰ ਜਾਰ ਦੀ ਸੈਨਾ ਤੋਂ ਛੁਡਾ ਕੇ ਫਿਨਲੈਂਡ ਭਜਾਉਣ ਦੀ ਮਦਦ ਕੀਤੀ, ਤਾਂ ਸਟਾਲਨ ਨੂੰ ਪਾਰਟੀ ਦਾ ਵੱਡਾ ਅਹੁਦਾ ਦਿੱਤਾ ਗਿਆ। ਲੈਨਿਨ ਦੀ ਪਾਰਟੀ ਵਿਚ ਸਟਾਲਨ ਦਾ ਦਬਦਬਾ ਬਣ ਚੁਕਿਆ ਸੀ, ਕਿਉਂਕਿ ਲੈਨਿਨ ਬਜ਼ੁਰਗ ਹੋ ਰਿਹਾ ਸੀ। ਇਸ ਲਈ ਜ਼ਿਆਦਾਤਰ ਕੰਮਾਂ ਦੀਆਂ ਜ਼ਿੰਮੇਵਾਰੀਆਂ ਹੁਣ ਸਟਾਲਨ ਨੇ ਸੰਭਾਲ ਲਈਆਂ ਸਨ।

ਕਿਹਾ ਜਾਂਦਾ ਹੈ ਕਿ ਲੈਨਿਨ ਦੇ ਖਾਣੇ ਵਿਚ ਜ਼ਹਿਰ ਮਿਲਾਈ ਗਈ ਤੇ ਇਸ ਕਾਰਨ ਲੈਨਿਨ ਦੀ 21 ਜਨਵਰੀ 1924 ਦੌਰਾਨ ਮੌਤ ਹੋ ਗਈ। (The secret File of Joseph Stalin-A Hidden life, By Roman Brackman Publsihed By Frank Cass London 2002)

ਇਸ ਤੋਂ ਬਾਅਦ ਸਟਾਲਨ ਨੇ ਖ਼ੁਦ ਨੂੰ ਵਾਰਸ ਦੇ ਤੌਰ 'ਤੇ ਪੇਸ਼ ਕੀਤਾ। ਹਾਲਾਂ ਕਿ ਬਹੁਤ ਸਾਰੇ ਨੇਤਾ ਇਹ ਸਮਝਦੇ ਸਨ ਕਿ ਲੈਨਿਨ ਤੋਂ ਬਾਅਦ ਟਰਾਟਸਕੀ ਹੀ ਲੈਨਿਨ ਦਾ ਵਾਰਸ ਹੋਵੇਗਾ ਪਰ ਟਰਾਟਸਕੀ ਨੂੰ ਕਈ ਲੋਕ ਬਹੁਤ ਆਦਰਸ਼ਵਾਦੀ ਮੰਨਦੇ ਸਨ। ਉਨ੍ਹਾਂ ਨੂੰ ਲਗਦਾ ਸੀ ਕਿ ਟਰਾਟਸਕੀ ਦੇ ਸਿਧਾਂਤਾਂ ਨੂੰ ਅਸਲ ਜ਼ਿੰਦਗੀ ਵਿਚ ਲਾਗੂ ਕਰ ਪਾਉਣਾ ਬਹੁਤ ਮੁਸ਼ਕਲ ਹੈ, ਇਸ ਦੌਰਾਨ ਸਟਾਲਨ ਨੇ ਆਪਣੀ ਰਾਸ਼ਟਰਵਾਦੀ ਮਾਰਕਸਵਾਦੀ ਵਿਚਾਰਧਾਰਾ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਸ਼ੁਰੂ ਕੀਤਾ ਤੇ ਉਸ ਨੇ ਕਿਹਾ ਕਿ ਉਸ ਦਾ ਮਕਸਦ ਸੋਵੀਅਤ ਸੰਘ ਨੂੰ ਮਜ਼ਬੂਤ ਕਰਨਾ ਹੈ ਤੇ ਪੂਰੀ ਦੁਨੀਆਂ ਵਿਚ ਇਨਕਲਾਬ ਲਿਆਉਣਾ ਨਹੀਂ। ਜਦ ਟਰਾਟਸਕੀ ਨੇ ਸਟਾਲਨ ਦੀਆਂ ਯੋਜਨਾਵਾਂ ਦਾ ਵਿਰੋਧ ਕੀਤਾ, ਤਾਂ ਸਟਾਲਨ ਨੇ ਟਰਾਟਸਕੀ ਨੂੰ ਕੇਂਦਰੀ ਕਮੇਟੀ ਤੋਂ ਹਟਾ ਦਿੱਤਾ। ਸੱਤਾ ਦੇ ਲਈ ਇਹ ਸੰਘਰਸ਼ ਸੰਨ 1924 ਤੋਂ ਸੰਨ 1928 ਤਕ ਚੱਲਿਆ। ਸਟਾਲਨ ਨੇ ਟਰਾਟਸਕੀ ਨੂੰ ਸੰਨ 1928 ਈਸਵੀਂ ਦੌਰਾਨ ਦੇਸ ਨਿਕਾਲਾ ਦੇ ਦਿੱਤਾ। ਇਸ ਤਰ੍ਹਾਂ ਸੱਤਾ ਦੇ ਲਈ ਸਟਾਲਨ ਨੇ ਆਪਣੀ ਵਿਚਾਰਧਾਰਾ ਵਾਲੇ ਲੋਕਾਂ ਦਾ ਕਤਲ ਕਰ ਦਿੱਤਾ।

ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਪਹਿਲਾਂ ਸਟਾਲਨ ਨੇ ਲੇਵ ਸਡੋਵ ਦਾ 16 ਫਰਵਰੀ 1937 ਨੂੰ ਕਤਲ ਕਰਵਾਇਆ ਤੇ ਫਿਰ ਉਸ ਦੇ ਪਿਤਾ ਟਰੌਟਸਕੀ ਨੂੰ 21 ਅਗਸਤ 1940 ਨੂੰ ਮੇਰਕਾਡੇਲ ਦੁਆਰਾ ਕੁਹਾੜਾ ਮਾਰ ਕੇ ਕਤਲ ਕਰਵਾ ਦਿੱਤਾ।

ਸੰਨ 1920 ਦੇ ਦਹਾਕੇ ਦੇ ਅਖੀਰ ਵਿਚ ਸਟਾਲਨ ਸੋਵੀਅਤ ਸੰਘ ਦਾ ਤਾਨਾਸ਼ਾਹ ਬਣ ਚੁੱਕਿਆ ਸੀ। ਉਹ ਸੋਵੀਅਤ ਸੰਘ ਨੂੰ ਆਧੁਨਿਕ ਦੇਸ ਬਣਾਉਣ ਵਿਚ ਜੁਟ ਗਿਆ। ਉਸ ਨੂੰ ਲੱਗਦਾ ਸੀ ਕਿ ਜੇਕਰ ਸੋਵੀਅਤ ਸੰਘ ਵਿਚ ਉਦਯੋਗੀਕਰਨ ਨਾ ਹੋਇਆ, ਤਾਂ ਕਮਿਊਨਿਸਟ ਇਨਕਲਾਬ ਨਾਕਾਮ ਹੋ ਜਾਵੇਗਾ, ਦੇਸ ਬਰਬਾਦ ਹੋ ਜਾਵੇਗਾ ਤੇ ਗੁਆਂਢੀ ਪੂੰਜੀਵਾਦੀ ਦੇਸ ਰੂਸ 'ਤੇ ਕਬਜ਼ਾ ਕਰ ਲੈਣਗੇ। ਸਟਾਲਨ ਦੇ ਰਾਜ ਦੌਰਾਨ ਸੋਵੀਅਤ ਸੰਘ ਵਿਚ ਕੋਇਲੇ, ਤੇਲ ਤੇ ਸਟੀਲ ਦਾ ਉਤਪਾਦਨ ਕਈ ਗੁਣਾ ਵਧ ਗਿਆ। ਤੇਜ਼ੀ ਨਾਲ ਆਰਥਿਕ ਤਰੱਕੀ ਕੀਤੀ। ਸਟਾਲਨ ਨੇ ਆਪਣੀਆਂ ਯੋਜਨਾਵਾਂ ਨੂੰ ਬੜੀ ਸਖ਼ਤੀ ਨਾਲ ਲਾਗੂ ਕੀਤਾ। ਕਾਰਖ਼ਾਨਿਆਂ ਨੂੰ ਵੱਡੇ-ਵੱਡੇ ਟਾਰਗੈਟ ਦਿੱਤੇ ਗਏ। ਕਈ ਵਾਰ ਤਾਂ ਟਾਰਗੈਟ ਪੂਰੇ ਕਰ ਸਕਣਾ ਮੁਸ਼ਕਲ ਜਿਹਾ ਲੱਗਦਾ ਸੀ। ਜੋ ਲੋਕ ਨਿਸ਼ਾਨੇ ਨੂੰ ਹਾਸਲ ਨਹੀਂ ਸਨ ਕਰ ਸਕਦੇ, ਉਨ੍ਹਾਂ ਨੂੰ ਦੇਸ ਦੇ ਦੁਸ਼ਮਣ ਕਰਾਰ ਦੇ ਕੇ ਜੇਲ੍ਹ ਵਿਚ ਸੁਟ ਦਿੱਤਾ ਜਾਂਦਾ ਸੀ ਜਾਂ ਕਤਲ ਕਰ ਦਿੱਤਾ ਜਾਂਦਾ ਸੀ। ਸਟਾਲਨ ਦੇ ਕਾਰਣ ਕਈ ਲੱਖਾਂ ਬੇਦੋਸ਼ੇ ਸੋਵੀਅਤ ਨਾਗਰਿਕ ਮਾਰੇ ਗਏ। ਇਸ ਨਾਲ ਸਟਾਲਨ ਸੋਵੀਅਤ ਸੰਘ ਵਿਚ ਇਕ ਅੱਤਵਾਦੀ ਸ਼ਾਸ਼ਕ ਦੇ ਰੂਪ ਵਿਚ ਪ੍ਰਸਿੱਧ ਹੋਇਆ। ਨੋਬੇਲ ਪੁਰਸਕਾਰ ਵਿਜੇਤਾ ਰੂਸੀ ਨਾਵਲਕਾਰ ਅਲੇਕ ਸਾਂਦਰਯ ਸੋਲਸ਼ੇਨਿਤਸਨ ਨੇ ਆਪਣੀ ਪੁਸਤਕ 'ਗੁਲਾਲ ਆਰਦੀਪ ਪਿਲਾਗੋ' ਵਿਚ ਇਨ੍ਹਾਂ ਕਿਰਤੀ ਕੈਂਪਾਂ ਦੀ ਭਿਅੰਕਰ ਝਾਕੀ ਦਿਖਾਈ ਹੈ। ਉਸ ਦੇ ਅਨੁਸਾਰ ਸਟਾਲਨ ਦੀਆਂ ਮਨੁੱਖਤਾ ਵਿਰੋਧੀ ਨੀਤੀਆਂ ਕਾਰਨ ਕਈ ਲੱਖਾਂ ਬੇਦੋਸ਼ੇ ਸੋਵੀਅਤ ਨਾਗਰਿਕ ਮਾਰੇ ਗਏ। ਇਸ ਨਾਵਲ ਵਿਚ ਭਿਅੰਕਰ ਝਾਕੀ ਦਿਖਾਈ ਹੈ ਕਿ ਭੁੱਖਮਰੀ ਨਾਲ ਲੋਕ ਕਿੰਝ ਮਰ ਰਹੇ ਸਨ। (dailymail.co.uk 4 Aug. 2008)

ਜਦ ਸਟਾਲਨ ਸੱਤਾ ਵਿਚ ਆਇਆ, ਤਾਂ ਰੂਸ ਵਿਚ ਜ਼ਿਆਦਾਤਰ ਜ਼ਮੀਨ ਛੋਟੇ-ਛੋਟੇ ਟੁਕੜਿਆਂ ਦੇ ਮਾਲਕਾਨਾ ਹੱਕ ਵਿਚ ਵੰਡੀ ਹੋਈ ਸੀ। ਅਕਸਰ ਅਕਾਲ ਪਿਆ ਕਰਦਾ ਸੀ ਤੇ ਖੇਤਾਂ ਵਿਚ ਬਹੁਤ ਘੱਟ ਅਨਾਜ ਹੁੰਦਾ ਸੀ। ਇਸ ਦੌਰਾਨ ਸਟਾਲਨ ਨੇ ਖੇਤੀ ਦਾ ਆਧੁਨਿਕੀਕਰਨ ਕੀਤਾ। ਉਸ ਨੇ ਸਾਰੀ ਜ਼ਮੀਨ ਦਾ ਰਾਸ਼ਟਰੀਕਰਨ ਕਰ ਦਿੱਤਾ। ਬਹੁਤ ਸਾਰੇ ਕਿਸਾਨਾਂ ਨੇ ਉਸ ਦਾ ਵਿਰੋਧ ਕੀਤਾ। ਕ੍ਰਿਸਾਨਾਂ ਨੇ ਆਪਣੇ ਜਾਨਵਰ ਮਾਰ ਕੇ ਅਨਾਜ ਛੁਪਾ ਕੇ ਉਸ ਦਾ ਵਿਰੋਧ ਕੀਤਾ। ਇਸ ਕਾਰਨ ਤਕਰੀਬਨ ਪੰਜਾਹ ਲੱਖ ਲੋਕ ਭੁੱਖਮਰੀ

ਕਾਰਨ ਮਰ ਗਏ। ਇਸ ਤੋਂ ਨਾਰਾਜ਼ ਸਟਾਲਨ ਨੇ ਜਮ੍ਹਾਖੋਰੀ ਕਰਨ ਵਾਲਿਆਂ ਤੇ ਉਸ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਕਿਸਾਨਾਂ ਨੂੰ ਮਰਵਾਉਣਾ ਸ਼ੁਰੂ ਕਰ ਦਿੱਤਾ। ਦਸ ਲੱਖ ਲੋਕ ਕਤਲ ਕਰ ਦਿੱਤੇ ਗਏ। ਸੰਨ 1930 ਦੇ ਦਹਾਕੇ ਦੇ ਅਖੀਰ ਵਿਚ ਆਉਂਦੇ-ਆਉਂਦੇ ਸੋਵੀਅਤ ਸੰਘ ਵਿਚ ਜ਼ਮੀਨ ਦਾ ਪੂਰੀ ਤਰ੍ਹਾਂ ਰਾਸ਼ਟਰੀਕਰਨ ਹੋ ਗਿਆ ਤੇ ਅਨਾਜ ਦਾ ਉਤਪਾਦਨ ਕਈ ਗੁਣਾ ਵਧ ਗਿਆ।

ਸਟਾਲਨ ਅਕਸਰ ਉਨ੍ਹਾਂ ਲੋਕਾਂ ਨੂੰ ਮਰਵਾ ਦਿੰਦਾ ਸੀ, ਜੋ ਉਸ ਦਾ ਵਿਰੋਧ ਕਰਦੇ ਸਨ। ਚਾਹੇ ਉਹ ਸੈਨਾ ਦੇ ਲੋਕ ਸਨ ਜਾਂ ਕਮਿਊਨਿਸਟ ਪਾਰਟੀ ਦੇ ਜਾਂ ਕਿਰਤੀ ਤੇ ਮਜ਼ਦੂਰ। ਦੋਸ਼ ਤਾਂ ਇਹ ਵੀ ਲੱਗੇ ਹਨ ਕਿ ਸਟਾਲਨ ਨੇ ਪਾਰਟੀ ਦੀ ਸੈਂਟਰਲ ਕਮੇਟੀ ਦੇ 139 ਵਿਚੋਂ 93 ਲੋਕਾਂ ਨੂੰ ਮਰਵਾ ਦਿੱਤਾ ਸੀ। ਇਸ ਤੋਂ ਇਲਾਵਾ ਉਸ ਨੇ ਫ਼ੌਜ ਦੇ 103 ਜਨਰਲਾਂ ਵਿਚੋਂ 81 ਨੂੰ ਮਰਵਾ ਦਿੱਤਾ ਸੀ। ਸਟਾਲਨ ਦੀ ਖ਼ੁਫੀਆ ਪੁਲੀਸ ਬੜੀ ਸਖ਼ਤੀ ਨਾਲ ਉਸ ਦੀਆਂ ਨੀਤੀਆਂ ਲਾਗੂ ਕਰਦੀ ਸੀ। ਸਾਮਵਾਦ ਦਾ ਵਿਰੋਧ ਕਰਨ ਵਾਲੇ 30 ਲੱਖ ਲੋਕ ਸਾਈਬੇਰੀਆ ਦੇ ਗੁਲਾਗ ਇਲਾਕੇ ਵਿਚ ਰਹਿਣ ਲਈ ਜ਼ਬਰਦਸਤੀ ਭੇਜ ਦਿੱਤੇ ਗਏ। ਇਸ ਤੋਂ ਇਲਾਵਾ ਤਕਰੀਬਨ ਸਾਢੇ ਸੱਤ ਲੱਖ ਲੋਕਾਂ ਨੂੰ ਮਰਵਾ ਦਿੱਤਾ ਗਿਆ। ਸੰਨ 1919 ਵਿਚ ਜੋਸੇਫ ਸਟਾਲਨ ਨੇ ਨਦੇਜਦਾ ਏਲੀਲੁਈਵਾ ਨਾਲ ਦੂਜਾ ਵਿਆਹ ਕੀਤਾ। ਇਸ ਵਿਆਹ ਤੋਂ ਉਸ ਨੂੰ ਇਕ ਬੇਟੀ ਸਵੇਤਲਾਨਾ ਅਤੇ ਬੇਟਾ ਵੈਸਲੀ ਹੋਇਆ। ਪਰ ਸਟਾਲਨ ਆਪਣੀ ਦੂਜੀ ਪਤਨੀ ਨਾਲ ਬਦਸਲੂਕੀ ਕਰਦਾ ਸੀ। ਇਸ ਕਾਰਨ ਇਸ ਦੀ ਪਤਨੀ ਨਦੇਜਦਾ ਏਲੀਲੁਈਵਾ ਨੇ ਸੰਨ 1932 ਦੌਰਾਨ ਖ਼ੁਦਕੁਸ਼ੀ ਕਰ ਲਈ। ਹਾਲਾਂ ਕਿ ਸਰਕਾਰੀ ਤੌਰ ’ਤੇ ਇਹ ਦੱਸਿਆ ਗਿਆ ਕਿ ਉਸ ਦੀ ਮੌਤ ਬਿਮਾਰੀ ਦੇ ਕਾਰਨ ਹੋਈ ਹੈ। ਦੂਜੇ ਵਿਸ਼ਵ ਯੁਧ ਦੌਰਾਨ ਸਟਾਲਨ ਦੇ ਪਹਿਲੇ ਵਿਆਹ ਤੋਂ ਹੋਏ ਬੇਟੇ ਯਾਕੋਬ ਨੂੰ ਫ਼ੌਜ ਨੇ ਗ੍ਰਿਫ਼ਤਾਰ ਕਰ ਲਿਆ। ਜਦ ਜਰਮਨੀ ਨੇ ਬੰਦੀਆਂ ਦੀ ਅਦਲਾ-ਬਦਲੀ ਵਿਚ ਯਾਕੋਬ ਨੂੰ ਰੂਸ ਨੂੰ ਸੌਂਪਣ ਦੀ ਸ਼ਰਤ ਰੱਖੀ ਤਾਂ ਸਟਾਲਨ ਨੇ ਸ਼ਰਤ ਠੁਕਰਾ ਦਿੱਤੀ। ਜਰਮਨੀ ਦੇ ਯੁਧਬੰਦੀ ਕੈਂਪ ਵਿਚ ਸਟਾਲਨ ਦੇ ਪੁੱਤਰ ਦੀ ਸੰਨ 1943 ਵਿਚ ਮੌਤ ਹੋ ਗਈ। ਜਦ ਦੂਜਾ ਵਿਸ਼ਵ ਯੁੱਧ ਸ਼ੁਰੂ ਹੋਇਆ ਤਾਂ ਸਟਾਲਨ ਨੇ ਜਰਮਨੀ ਦੇ ਤਾਨਾਸ਼ਾਹ ਹਿਟਲਰ ਨਾਲ ਸਮਝੌਤਾ ਕਰਕੇ ਪੂਰਬੀ ਯੂਰਪ ਦੇ ਦੇਸ਼ਾਂ ਦੀ ਆਪਸ ਵਿਚ ਵੰਡ ਕਰਵਾ ਦਿੱਤੀ। ਜਰਮਨੀ ਦੀ ਸੈਨਾ ਨੇ ਬੜੇ ਸੌਖੇ ਢੰਗ ਨਾਲ ਫਰਾਂਸ ’ਤੇ ਕਬਜ਼ਾ ਕਰ ਲਿਆ। ਬ੍ਰਿਟੇਨ ਨੂੰ ਪਿਛੇ ਹਟਣਾ ਪਿਆ। ਇਸ ਦੌਰਾਨ ਰੂਸੀ ਫ਼ੌਜ ਦੇ ਜਨਰਲਾਂ ਨੇ ਸਟਾਲਨ ਨੂੰ ਸਾਵਧਾਨ ਕੀਤਾ ਕਿ ਜਰਮਨੀ ਸੋਵੀਅਤ ਸੰਘ ’ਤੇ ਹਮਲਾ ਕਰ ਸਕਦਾ ਹੈ ਪਰ ਸਟਾਲਨ ਨੇ ਆਪਣੇ ਫ਼ੌਜੀ ਕਮਾਂਡਰਾਂ ਦੀ ਚਿਤਾਵਨੀ ’ਤੇ ਗੌਰ ਨਾ ਕੀਤਾ। ਸੰਨ 1941 ਵਿਚ ਜਰਮਨੀ ਨੇ ਪੋਲੈਂਡ ’ਤੇ ਕਬਜ਼ਾ ਕਰ ਲਿਆ ਤੇ ਸੋਵੀਅਤ ਸੰਘ ’ਤੇ ਵੀ ਜ਼ਬਰਦਸਤ ਹਮਲਾ ਕੀਤਾ। ਸੋਵੀਅਤ ਫ਼ੌਜਾਂ ਨੂੰ ਭਾਰੀ ਨੁਕਸਾਨ ਝਲਣਾ ਪਿਆ। ਹਿਟਲਰ ਦੇ ਧੋਖੇ ਕਾਰਨ ਸਟਾਲਨ ਏਨਾ ਨਿਰਾਸ਼ ਹੋ ਗਿਆ ਕਿ ਉਹ ਕੋਈ ਫ਼ੈਸਲਾ ਨਹੀਂ ਲੈ ਸਕਿਆ। ਸਟਾਲਨ ਨੇ ਖ਼ੁਦ ਨੂੰ ਇਕ ਕਮਰੇ ਵਿਚ ਬੰਦ ਕਰ ਲਿਆ। ਕਈ ਦਿਨਾਂ ਤਕ ਸੋਵੀਅਤ ਸੰਘ ਦੀ ਸਰਕਾਰ ਦਿਸ਼ਾਹੀਣ ਰਹੀ।

ਜਰਮਨੀ ਦੇ ਲਗਾਤਾਰ ਹਮਲਿਆਂ ਤੋਂ ਸੋਵੀਅਤ ਸੰਘ ਦਾ ਬੁਰਾ ਹਾਲ ਸੀ ਤੇ ਦੇਸ ਤਬਾਹੀ ਦੇ ਕੰਢੇ ਖੜ੍ਹਾ ਹੋਇਆ ਸੀ ਪਰ ਸਟਾਲਨ ਨਾਜ਼ੀ ਸੈਨਾ ’ਤੇ ਜਿੱਤ ਦੇ ਲਈ ਦੇਸ ਦੇ ਲੱਖਾਂ ਲੋਕਾਂ ਨੂੰ ਕੁਰਬਾਨ ਕਰਨ ਲਈ ਤਿਆਰ ਸੀ। ਦਸੰਬਰ 1941 ਵਿਚ ਜਰਮਨ ਫ਼ੌਜਾਂ ਰੂਸ ਦੀ ਰਾਜਧਾਨੀ ਮਾਸਕੋ ਦੇ ਬੇਹਦ ਨੇੜੇ ਪਹੁੰਚ ਗਈਆਂ। ਸਲਾਹਕਾਰਾਂ ਨੇ ਸਟਾਲਨ ਨੂੰ ਮਾਸਕੋ ਛੱਡਣ ਦੀ ਸਲਾਹ ਦਿਤੀ ਪਰ ਸਟਾਲਨ ਨੇ ਇਸ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਸ ਨੇ ਆਪਣੇ ਕਮਾਂਡਰਾਂ ਨੂੰ ਫ਼ੁਰਮਾਨ ਜਾਰੀ ਕੀਤਾ ਕਿ ਉਹ ਨਾਜ਼ੀ ਫ਼ੌਜਾਂ ਨੂੰ ਕਿਸੇ ਵੀ ਕੀਮਤ ’ਤੇ ਹਰਾਉਣ ਤੇ ਜਰਮਨੀ ਫ਼ੌਜਾਂ ਦੀ ਤਬਾਹੀ ਮਚਾਉਣ। ਜਰਮਨੀ ਅਤੇ ਰੂਸ ਦੇ ਵਿਚਾਲੇ ਜੰਗ ਵਿਚ ਸਟਾਲਨਗਰਾਡ ਦੀ ਲੜਾਈ ਨਾਲ ਅੰਤਿਮ ਮੋੜ ਆ ਗਿਆ। ਹਿਟਲਰ ਨੇ ਇਸ ਸ਼ਹਿਰ ’ਤੇ ਇਸ ਲਈ ਹਮਲਾ ਕੀਤਾ, ਕਿਉਂਕਿ ਇਸ ਦਾ ਨਾਂ ਸਟਾਲਨ ਦੇ ਨਾਂ ’ਤੇ ਸੀ। ਉਹ ਸਟਾਲਨਗਰਾਡ ਨੂੰ ਜਿੱਤ ਕੇ ਸਟਾਲਨ ਨੂੰ ਸ਼ਰਮਿੰਦਾ ਕਰਨਾ ਚਾਹੁੰਦਾ ਸੀ। ਪਰ ਸਟਾਲਨ ਨੇ ਫ਼ੌਜਾਂ ਨੂੰ ਕਿਹਾ ਕਿ ਉਹ ਇਕ ਕਦਮ ਪਿਛੇ ਨਹੀਂ ਹਟਣਗੀਆਂ। ਸਟਾਲਨਗਰਾਡ ਦੇ ਯੁਧ ਵਿਚ ਰੂਸੀ ਫ਼ੌਜ ਦੇ ਦਸ ਲੱਖ ਤੋਂ ਜ਼ਿਆਦਾ ਫ਼ੌਜੀ ਮਾਰੇ ਗਏ। ਪਰ ਆਖਿਰ ਵਿਚ ਸੋਵੀਅਤ ਫ਼ੌਜਾਂ ਨੇ ਜਰਮਨੀ ਨੂੰ ਹਰਾ ਦਿੱਤਾ। ਇਸ ਤੋਂ ਬਾਅਦ ਸੋਵੀਅਤ ਸੰਘ ਨੇ ਹਿਟਲਰ ਦੀਆਂ ਫ਼ੌਜਾਂ ਨੂੰ ਵਾਪਸ ਜਰਮਨੀ ਵਲ ਧੱਕਣ ਲਈ ਮਜਬੂਰ ਕਰ ਦਿੱਤਾ। ਸੋਵੀਅਤ ਫ਼ੌਜਾਂ ਜਰਮਨੀ ਨੂੰ ਹਰਾਂਦੇ ਹੋਏ ਰਾਜਧਾਨੀ ਬਰਲਿਨ ਤਕ ਜਾ ਪਹੁੰਚੀਆਂ। 182 ਦਿਨ ਸਟਾਲਨ ਦੀਆਂ ਫ਼ੌਜਾਂ ਨੇ ਜਰਮਨ ਦੀ ਘੇਰੇਬੰਦੀ ਕੀਤੀ। ਦੂਜੇ ਵਿਸ਼ਵ ਯੁਧ ਵਿਚ ਜਰਮਨੀ ਨੂੰ ਹਰਾਉਣ ਵਿਚ ਸਟਾਲਨ ਨੇ ਬਹੁਤ ਅਹਿਮ ਭੂਮਿਕਾ ਨਿਭਾਈ। ਸਟਾਲਨ ਨੇ ਕਿਹਾ ਕਿ ਇਹ ਸਾਰੇ ਦੇਸ ਸੋਵੀਅਤ ਸੰਘ ਦੇ ਅੰਗੂਠੇ ਹੇਠ ਹੋਣਗੇ। ਦੂਜੇ ਵਿਸ਼ਵ ਯੁਧ ਦੌਰਾਨ ਅਮਰੀਕਾ ਤੇ ਬ੍ਰਿਟੇਨ ਸਟਾਲਨ ਦੇ ਨਾਲ ਸਨ। ਪਰ ਯੁਧ ਤੋਂ ਬਾਅਦ ਸਟਾਲਨ ਦੀਆਂ ਨੀਤੀਆਂ ਕਾਰਨ ਉਹ ਉਸ ਦੇ ਦੁਸ਼ਮਣ ਬਣ ਗਏ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਨੇ ਕਿਹਾ ਕਿ ਸਟਾਲਨ ਯੂਰਪ ਦੇ ਇਕ ਵੱਡੇ ਹਿੱਸੇ ਨੂੰ ਲੋਹੇ ਦੇ ਪਰਦੇ ਨਾਲ ਬੰਦ ਕਰ ਰਿਹਾ ਹੈ। ਬਰਲਿਨ ਤੋਂ ਲੈ ਕੇ ਬ੍ਰਿਟੇਨ, ਅਮਰੀਕਾ ਤੇ ਸੋਵੀਅਤ ਸੰਘ ਦੇ ਵਿਚਾਲੇ ਤਣਾਅ ਪੈਦਾ ਹੋ ਗਿਆ। ਸਟਾਲਨ ਨੇ ਪੂਰਬੀ ਬਰਲਿਨ ਵਿਚ ਅਮਰੀਕੀ ਤੇ ਬ੍ਰਿਟਿਸ਼ ਫ਼ੌਜਾਂ ਨੂੰ ਵੜਨ ’ਤੇ ਰੋਕ ਲਗਾ ਦਿੱਤੀ। ਅਮਰੀਕਾ ਨੇ ਪੂਰਬੀ ਬਰਲਿਨ ਵਿਚ ਫਸੇ ਲੋਕਾਂ ਨੂੰ 11 ਮਹੀਨੇ ਤਕ ਹਵਾਈ ਜਹਾਜ਼ਾਂ ਰਾਹੀਂ ਮਦਦ ਪਹੁੰਚਾਈ। ਸੀਤ ਯੁਧ ਦਾ ਆਗਾਜ਼ ਹੋ ਚੁੱਕਿਆ ਸੀ। ਸੋਵੀਅਤ ਸੰਘ ਨੇ 29 ਅਗਸਤ 1949 ਨੂੰ ਆਪਣੇ ਪਹਿਲੇ ਐਟਮ ਬੰਬ ਦਾ ਪ੍ਰਯੋਗ ਕੀਤਾ। ਆਪਣੇ ਆਖਰੀ ਦਿਨਾਂ ਵਿਚ ਸਟਾਲਨ ਬਹੁਤ ਸ਼ੱਕੀ ਹੋ ਗਿਆ ਸੀ, ਉਹ ਪਾਰਟੀ ਵਿਚ ਕਈ ਲੋਕਾਂ ਨੂੰ ਆਪਣਾ ਦੁਸ਼ਮਣ ਮੰਨਣ ਲੱਗਾ। ਅਜਿਹੇ ਹਰ ਸ਼ੱਕੀ ਸ਼ਖ਼ਸ ਨੂੰ ਉਹ ਮਰਵਾ ਦਿਆ ਕਰਦਾ ਸੀ।

5 ਮਾਰਚ 1953 ਨੂੰ ਦਿਲ ਦਾ ਦੌਰਾ ਪੈਣ ਕਾਰਨ ਸਟਾਲਨ ਦੀ ਮੌਤ ਹੋ ਗਈ। ਡਾ. ਮਾਇਸਨੀਕਵੋ ਜੋ ਕਿ ਦਿਮਾਗ ਦੀ ਬਿਮਾਰੀ ਦਾ ਡਾਕਟਰ ਸੀ, ਨੂੰ ਸੰਨ 1953 ਵਿਚ ਸਟਾਲਨ ਦੀ ਮੌਤ ਹੋਣ ’ਤੇ ਬੁਲਾਇਆ ਗਿਆ, ਨੇ ਲਿਖਿਆ ਕਿ ਉਹ ਲੰਮੇ ਸਮੇਂ ਤੋਂ ਐਥੀਰੋਸਕੇਲਰੋਟਿਕ ਦਿਮਾਗੀ ਬਿਮਾਰੀ ਤੋਂ ਪੀੜਤ ਸੀ ਤੇ ਉਹ ਹਰੇਕ ’ਤੇ ਸ਼ੱਕ ਕਰਦਾ



**ਸਟਾਲਨ ਅਕਸਰ ਉਨ੍ਹਾਂ ਲੋਕਾਂ ਨੂੰ ਮਰਵਾ ਦਿੰਦਾ ਸੀ, ਜੋ ਉਸ ਦਾ ਵਿਰੋਧ ਕਰਦੇ ਸਨ। ਚਾਹੇ ਉਹ ਸੈਨਾ ਦੇ ਲੋਕ ਸਨ ਜਾਂ ਕਮਿਊਨਿਸਟ ਪਾਰਟੀ ਦੇ ਜਾਂ ਕਿਰਤੀ ਤੇ ਮਜ਼ਦੂਰ। ਦੋਸ਼ ਤਾਂ ਇਹ ਵੀ ਲੱਗੇ ਹਨ ਕਿ ਸਟਾਲਨ ਨੇ ਪਾਰਟੀ ਦੀ ਸੈਂਟਰਲ ਕਮੇਟੀ ਦੇ 139 ਵਿਚੋਂ 93 ਲੋਕਾਂ ਨੂੰ ਮਰਵਾ ਦਿੱਤਾ ਸੀ। ਇਸ ਤੋਂ ਇਲਾਵਾ ਉਸ ਨੇ ਫ਼ੌਜ ਦੇ 103 ਜਨਰਲਾਂ ਵਿਚੋਂ 81 ਨੂੰ ਮਰਵਾ ਦਿੱਤਾ ਸੀ।**



ਸੀ। (dailymail.co.uk 22 April 2011)

ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਬੇਰੀਆ ਨੇ 2 ਮਾਰਚ 1953 ਨੂੰ ਜੋਸਫ ਸਟਾਲਨ ਨੂੰ ਜ਼ਹਿਰ ਦਿੱਤੀ, ਜਿਸ ਨਾਲ ਉਹ 2 ਮਾਰਚ 1953 ਨੂੰ ਤੜਫ ਤੜਫ ਕੇ ਮਰ ਗਿਆ।...ਬੇਰੀਆ ਨੂੰ 10 ਜੁਲਾਈ 1953 ਨੂੰ ਗ੍ਰਿਫ਼ਤਾਰ ਕੀਤਾ ਗਿਆ। 18 ਤੋਂ 23 ਦਸੰਬਰ ਤਕ ਉਸ ’ਤੇ ਸਟਾਲਨ ਨੂੰ ਮਾਰਨ ਮਰਵਾਉਣ ਦਾ ਕੇਸ ਚਲਿਆ। ਬੇਰੀਆ ਤੇ ਉਸ ਦੇ ਛੇ ਸਾਥੀਆਂ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। (The secret File of Joseph Stalin-A Hidden life, By Roman Brackman Publsihed By Frank Cass London 2002)

ਇਸ ਦੀ ਮੌਤ ਤੋਂ ਬਾਅਦ ਸੋਵੀਅਤ ਸੰਘ ਦੇ ਲੱਖਾਂ ਲੋਕਾਂ ਨੇ ਜਸ਼ਨ ਮਨਾਇਆ। ਸਟਾਲਨ ਦੇ ਬਾਅਦ ਸੋਵੀਅਤ ਸੰਘ ਦੇ ਨੇਤਾ ਨਿਕਿਤਾ ਖ਼ੁਸ਼ਚੇਵ ਨੇ ਸਟਾਲਨ ਦੀਆਂ ਨੀਤੀਆਂ ਤੋਂ ਕਿਨਾਰਾ ਕਰ ਲਿਆ। ਕੁਲ ਮਿਲਾ ਕੇ ਸਟਾਲਨ ਦੀ ਜ਼ਿੰਦਗੀ ਇਕ ਅਜਿਹੇ ਸ਼ਖਸ ਦੀ ਰਹੀ ਜਿਸ ਨੇ ਸ਼ੁਰੂਆਤ ਤਾਂ ਇਨਕਲਾਬ ਤੋਂ ਕੀਤੀ, ਪਰ ਖ਼ੂਨੀ ਇਨਕਲਾਬ ਕਰਕੇ ਤਾਨਾਸ਼ਾਹ ਬਣ ਗਿਆ, ਉਹ ਅਜਿਹਾ ਖਲਨਾਇਕ ਸੀ, ਜਿਸ ਦੇ ਪੰਨੇ ਖ਼ੂਨੀ ਇਤਿਹਾਸ ਨਾਲ ਭਰੇ ਹੋਏ ਹਨ।

ਰੂਸ ਨੇ ਸਟਾਲਨ ਨੂੰ ਨਸਲਕੁਸ਼ੀ ਦਾ ਦੋਸ਼ੀ ਮੰਨਿਆ : ਸੰਨ 1990 ਦੌਰਾਨ ਰੂਸੀ ਸੰਸਦ ਨੇ ਸੰਸਦ ਦੇ ਹੇਠਲੇ ਸਦਨ ਡਿਊਮਾ ਵਿਚ ਪਾਸ ਮਤੇ ਵਿਚ ਕਿਹਾ ਗਿਆ ਕਿ ਖ਼ੁਫੀਆ ਦਸਤਾਵੇਜ਼ਾਂ ਤੋਂ ਇਸ ਗੱਲ ਦੇ ਸੰਕੇਤ ਮਿਲਦੇ ਹਨ ਕਿ ਸਟਾਲਨ ਨੇ ਖ਼ੁਦ ਇਸ ਕਤਲੇਆਮ (ਸਾਲ 1940) ਦੇ ਲਈ ਹੁਕਮ ਦਿੱਤੇ। ਸਟਾਲਨ ਨੂੰ ਦੋਸ਼ੀ ਮੰਨਣ ਵਾਲੇ ਮਤੇ ਦੇ ਪੱਖ ਵਿਚ ਸਾਢੇ ਚਾਰ ਸੌ ਵੋਟ ਪਏ, ਜਦ ਕਿ ਇਸ ਦੇ ਵਿਰੋਧ ਵਿਚ ਤਿੰਨ ਸੌ ਬਤਾਲੀ। ਇਹ ਪਹਿਲਾਂ ਮੌਕਾ ਹੈ ਜਦ ਕਮਿਊਨਿਸਟ ਨੇਤਾ ਨੂੰ ਕਤਲੇਆਮ ਦਾ ਦੋਸ਼ੀ ਠਹਿਰਾਇਆ ਗਿਆ। ਸਮਝਿਆ ਜਾਂਦਾ ਹੈ ਕਿ ਪੋਲੈਂਡ ਦੇ ਨਾਲ ਰਿਸ਼ਤੇ ਬਿਹਤਰ ਕਰਨ ਦੇ ਲਈ ਰੂਸ ਨੇ ਇਹ ਕਦਮ ਉਠਾਇਆ ਸੀ। ਡਿਊਮਾ ਵਿਚ ਵਿਦੇਸ਼ ਮਾਮਲਿਆਂ ਦੀ ਕਮੇਟੀ ਦੇ ਮੁਖੀ ਕੋਂਸਟਟੇਟਿਨ ਕੋਸਾਸ਼ਿਓਵ ਦਾ ਕਹਿਣਾ ਹੈ ਕਿ ਇਹ ਇਮਾਨਦਾਰੀ ਦੀ ਗੱਲ ਹੈ ਕਿ ਵਰ੍ਹਿਆ ਤਕ ਇਸ ਮਾਮਲੇ ਦੇ ਬੰਦ ਰਹਿਣ ਦੇ ਇਸ ਐਲਾਨ ਦੇ ਨਾਲ ਸਾਡੇ ਇਤਿਹਾਸ ਦਾ ਇਕ ਅਧਿਆਇ ਪੂਰਾ ਹੋ ਗਿਆ। ਪੋਲੈਂਡ ਨੇ ਇਸ ਮਤੇ ਦਾ ਸੁਆਗਤ ਕੀਤਾ ਸੀ। ਸਾਲ 2005 ਵਿਚ ਰੂਸ ਨੇ ਇਕ ਨਿਆਂਇਕ ਜਾਂਚ ਵਿਚ 1803 ਲੋਕਾਂ ਦੇ ਮਾਰੇ ਜਾਣ ਦੀ ਤਸਦੀਕ ਕੀਤੀ। ਜਦ ਕਿ ਸੋਵੀਅਤ ਸੰਘ ਤੇ ਹੋਰ ਸਥਾਨਾਂ ’ਤੇ ਮਾਰੇ ਗਏ ਪੋਲੈਂਡ ਕੈਦੀਆਂ ਦੀਆਂ ਗਿਣਤੀ 22 ਹਜ਼ਾਰ ਦੇ ਨੇੜੇ ਤੇੜੇ ਸੀ, ਜਿਸ ਵਿਚ ਤਕਰੀਬਨ 8 ਹਜ਼ਾਰ ਫ਼ੌਜੀ ਅਧਿਕਾਰੀ ਸਨ।

**ਸਟਾਲਨ ਦੀਆਂ ਫ਼ੌਜਾਂ ਵਲੋਂ ਕੀਤੇ ਬਲਾਤਕਾਰ ਤੇ ਕਤਲੇਆਮ :** ਜਰਮਨੀ ਦੇ ਇਤਿਹਾਸ ਵਿਚ 21 ਅਪ੍ਰੈਲ 1945 ਦਾ ਦਿਨ ਬਹੁਤ ਹੀ ਖੌਫਨਾਕ ਮੰਨਿਆ ਜਾਂਦਾ ਹੈ। ਦੂਸਰਾ ਵਿਸ਼ਵ ਯੁਧ ਅੰਤਿਮ ਪੜਾਅ ’ਤੇ ਸੀ। ਇਸ ਦੌਰਾਨ ਸੋਵੀਅਤ ਸੰਘ ਦੀ ਰੈੱਡ ਆਰਮੀ ਨੇ ਬਰਲਿਨ ਵਿਚ ਪ੍ਰਵੇਸ਼ ਕਰਕੇ ਘੇਰਾ ਪਾ ਲਿਆ। ਇਹ ਸਿਲਸਿਲਾ 21 ਅਪ੍ਰੈਲ ਤੋਂ 2 ਮਈ 1945 ਤਕ ਚਲਿਆ। ਇਸ ਦੌਰਾਨ ਸ਼ਹਿਰ ਵਿਚ ਲੱਖਾਂ ਦੀ ਗਿਣਤੀ ਵਿਚ ਲਾਸ਼ਾਂ ਵਿਛ ਗਈਆਂ। ਛੋਟੇ-ਛੋਟੇ ਬੱਚਿਆਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਗਿਆ। ਰੈੱਡ ਆਰਮੀ ਦੇ ਜ਼ਾਲਮਾਨਾ ਵਿਹਾਰ ਨੂੰ ਦੇਖ ਕੇ ਅਤਿਅੰਤ ਜ਼ਾਲਮ ਤਾਨਾਸ਼ਾਹ ਹਿਟਲਰ ਨੇ ਆਤਮ-ਹੱਤਿਆ ਕਰ ਲਈ। ਬਰਲਿਨ ਯੁਧ ਦੀ ਸਮਾਪਤੀ ਦੇ ਬਾਅਦ ਜਰਮਨੀ ਨੇ ਯੂਰਪ ਦੇ ਸਾਹਮਣੇ ਆਤਮ ਸਮਰਪਣ ਕਰ ਦਿੱਤਾ। ਸੋਵੀਅਤ ਸੰਘ ਨੇ 25 ਲੱਖ ਤੋਂ ਵੀ ਜ਼ਿਆਦਾ ਫ਼ੌਜ ਦੇ ਨਾਲ ਹਮਲਾ ਕੀਤਾ ਸੀ, ਜਦ ਕਿ ਜਰਮਨੀ ਦੇ ਕੋਲ ਲੱਗਭਗ 1 ਲੱਖ ਫ਼ੌਜੀ ਤਾਕਤ ਸੀ। ਇਸ ਭਿਅੰਕਰ ਯੁਧ ਵਿਚ ਸੋਵੀਅਤ ਸੰਘ ਦੇ ਤਿੰਨ ਲੱਖ ਤੋਂ ਜ਼ਿਆਦਾ ਫ਼ੌਜੀ ਘਾਇਲ ਹੋਏ ਜਦ ਕਿ ਜਰਮਨ ਦੀ ਅੱਧੀ ਸੈਨਾ ਮਾਰੀ ਗਈ। ਇਸ ਦੌਰਾਨ ਜਰਮਨੀ ਖਾਸ ਕਰਕੇ ਇਥੋਂ ਦੀਆਂ ਔਰਤਾਂ ਨੂੰ ਬੇਹੱਦ ਦਰਦਨਾਕ ਦੌਰ ਵਿਚੋਂ ਗੁਜ਼ਰਨਾ ਪਿਆ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਰੈਡ ਆਰਮੀ ਨੇ ਉਸ ਸਮੇਂ ਦੌਰਾਨ 20 ਲੱਖ ਤੋਂ ਜ਼ਿਆਦਾ ਜਰਮਨੀ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ। ਇਸ ਕਾਰਨ ਕਈ ਔਰਤਾਂ ਨੇ ਆਤਮ-ਹੱਤਿਆ ਕਰ ਲਈ। d.w.com ਅਨੁਸਾਰ ਫਰੀਡਰਿਸ਼ ਸ਼ਿਲਰ ਯੂਨੀਵਰਸਿਟੀ ਦੇ ਖੋਜੀਆਂ ਤੋਂ ਪਤਾ ਚਲਿਆ ਹੈ ਕਿ ਰੈਡ ਆਰਮੀ ਨੇ ਜਰਮਨੀ ਔਰਤਾਂ ਨਾਲ ਜਰਮਨ ਵਿਚ ਜੋ ਬਲਾਤਕਾਰ ਕੀਤੇ, ਉਸ ਵਿਚੋਂ ਤਕਰੀਬਨ 3 ਲੱਖ ਬੱਚੇ ਪੈਦਾ ਹੋਏ, ਜੋ ਰੂਸੀ ਫ਼ੌਜੀਆਂ ਦੇ ਸਨ। ਜਨਵਰੀ 2015 ਦੌਰਾਨ ਜਰਮਨੀ ਲੇਖਕ ਪ੍ਰੋ. ਸਿਲਕੇ ਸਤੋਜਕੋ ਤੇ ਪ੍ਰੋ. ਰੇਨਰ ਗਿਸ ਦੀ ਜਰਮਨੀ ਭਾਸ਼ਾ ਵਿਚ ਛਪੀ Bastards! The children of Occupation in Germany after 1945 ਵਿਚ ਲਿਖਿਆ ਹੈ ਕਿ ਇਨ੍ਹਾਂ ਦੁਸ਼ਮਣ ਫੌਜੀਆਂ ਦੀਆਂ ਸੰਤਾਨਾਂ ਦੀ ਵੱਡੀ ਖੇਪ 1945 ਦੇ ਕ੍ਰਿਸਮਿਸ ਦੇ ਨੇੜੇ ਤੇੜੇ ਪੈਦਾ ਹੋਈ। ਯੂਨੀਵਰਸਿਟੀ ਦੇ ਰਾਈਨਰ ਮਰੀਜ਼ ਦਸਦੇ ਹਨ ਕਿ ਯੁਧ ਦੇ ਬਾਅਦ ਰੂਸੀ ਫ਼ੌਜੀਆਂ ਦੇ ਬਲਾਤਕਾਰ ਕਾਰਨ ਪੈਦਾ ਹੋਏ ਬੱਚਿਆਂ ਦੇ ਬਾਰੇ ਲੰਮੇ ਸਮੇਂ ਤਕ ਜ਼ਿਕਰ ਵੀ ਨਹੀਂ ਕੀਤਾ ਜਾਂਦਾ ਸੀ। ਮਰੀਜ਼ ਨੇ ਮਾਗਡੇਬੁਰਗ ਯੂਨੀਵਰਸਿਟੀ ਦੀ ਸਿਲਕੇ ਸਤੇਜਕੋ ਦੇ ਨਾਲ ਮਿਲ ਕੇ ਯੁਧ ਕਾਲ ਦੇ ਇਨ੍ਹਾਂ ਬੱਚਿਆਂ ਦੇ ਭਵਿੱਖ ਬਾਰੇ ਗੰਭੀਰ ਖੋਜ ਕੀਤੀ। ਕੋਲੇਨਫਿਰਤਸ ਥੀਸੇਨ ਫਾਊਡੇਸ਼ਨ ਦੀ ਫੰਡਿਗ ਦੇ ਸੰਭਵ ਹੋਏ ਇਸ ਪ੍ਰੋਜੈਕਟ ਵਿਚ ਇਨ੍ਹਾਂ ਬੱਚਿਆਂ ਦੀਆਂ ਜੀਵਨੀਆਂ ਇਕੱਠੀਆਂ ਕੀਤੀਆਂ ਗਈਆਂ। ਇਹ ਕਿਤਾਬ ਯੁਧ ਕਾਲ ਦੇ ਉਨ੍ਹਾਂ ਬੱਚਿਆਂ ਦੇ ਇਤਿਹਾਸ ਮਨੋਸਥਿਤੀ ਤੇ ਉਨ੍ਹਾਂ ਨਾਲ ਜੁੜੀ ਰਾਜਨੀਤੀ ਨਾਲ ਜੁੜੀਆਂ ਸੱਚੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਰੈਡ ਆਰਮੀ ’ਤੇ 20 ਲੱਖ ਜਰਮਨੀ ਔਰਤਾਂ ਨਾਲ ਬਲਾਤਕਾਰ ਦੇ ਦੋਸ਼ ਹਨ। ਇਹੀ ਕਾਰਨ ਹੈ ਕਿ ਗ਼ੈਰ ਅਨੁਸ਼ਾਸ਼ਿਤ ਰੈੱਡ ਆਰਮੀ ਦੀ ਕਰਤੂਤ ਇਤਿਹਾਸ ਵਿਚ ਸਭ ਤੋਂ ਵੱਡੇ ਸਮੂਹਿਕ ਬਲਾਤਕਾਰ ਦੀ ਘਟਨਾ ਦੇ ਰੂਪ ਵਿਚ ਦਰਜ ਹੈ। ਲੇਖਕ ਏਟੋਨੀ ਬੀਵਰ ਨੇ ਆਪਣੀ ਪੁਸਤਕ ‘ਫਾਲ ਆਫ ਬਰਲਿਨ’ ਵਿਚ ਦਾਅਵਾ ਕੀਤਾ ਹੈ ਕਿ ਰੈਡ ਆਰਮੀ ਨੇ ਆਪਣੇ ਹਮਲੇ ਦੌਰਾਨ ਕਿਸੇ ਵੀ ਔਰਤ ਨੂੰ ਨਹੀਂ ਬਖਸ਼ਿਆ। ਰੈਡ ਆਰਮੀ ਨੇ 8 ਤੋਂ ਲੈ ਕੇ 80 ਸਾਲ ਦੀਆਂ ਔਰਤਾਂ ਦਾ ਬਲਾਤਕਾਰ ਕੀਤਾ। ਇਥੋਂ ਤਕ ਉਨ੍ਹਾਂ ਦੇ ਗੁਪਤ ਅੰਗ ਵਿਚ ਬੰਬੂ ਤੇ ਕਈ ਹੋਰ ਚੀਜ਼ਾਂ ਧੱਕੀਆਂ ਗਈਆਂ। ਇਸ ਕਾਰਨ ਔਰਤਾਂ ਦੀ ਖੌਫਨਾਕ ਮੌਤ ਹੋਈ। ਰੈੱਡ ਆਰਮੀ ਦੇ ਜ਼ਾਲਮਾਨਾ ਵਿਹਾਰ ਤੇ ਬਲਾਤਕਾਰ ਦੀ ਸ਼ਿਕਾਰ ਹੋ ਚੁੱਕੀ ਗੈਬਰੇਲ ਕਹਿੰਦੀ ਹੈ ਕਿ ਪੂਰੀ ਜ਼ਿੰਦਗੀ ਇਸ ਘਟਨਾ ਨੂੰ ਨਹੀਂ ਭੁਲ ਸਕੀ। ਮੈਂ ਇਸ ਦੇ ਬਾਅਦ ਪੂਰੇ ਜੀਵਨ ਵਿਚ ਠੀਕ ਤਰ੍ਹਾਂ ਨਹੀਂ ਸੌ ਸਕੀ। ਮੈਨੂੰ ਸੈਕਸ ਕਰਨ ਨਾਲ ਵੀ ਨਫ਼ਰਤ ਹੈ ਤੇ ਮੈਂ ਕਦੇ ਵੀ ਇਸਤਰੀ ਤੇ ਪੁਰਸ਼ ਸੰਬੰਧਾਂ ਨੂੰ ਲੈ ਕੇ ਸਹਿਜ ਨਹੀਂ ਹੋ ਸਕੀ। ਮਿਸ ਕੋਇਬ ਦਸਦੀ ਹੈ ਕਿ ਇਸ ’ਤੇ ਗੱਲ ਕਰਨਾ ਸੌਖਾ ਨਹੀਂ, ਲੱਖਾਂ ਔਰਤਾਂ ਦੇ ਨਾਲ ਵਹਿਸ਼ੀਆਨਾ ਤਰੀਕੇ ਨਾਲ ਬਲਾਤਕਾਰ ਹੋਇਆ ਤੇ ਉਸ ਦੇ ਬਾਅਦ ਜ਼ਿਆਦਾਤਰ ਦੀ ਮੌਤ ਹੋ ਗਈ। ਉਹ ਦੱਸਦੀ ਹੈ ਕਿ ਉਸ ਦੀ ਮਾਂ ਤੇ ਉਸ ਦੀ ਛੋਟੀ ਭੈਣ ਤੇ ਨਾਲ ਇਕ ਦਿਨ ਵਿਚ ਕਈ ਵਾਰ ਬਲਾਤਕਾਰ ਹੋਏ ਤੇ ਆਖਿਰ ਉਨ੍ਹਾਂ ਦੀ ਮੌਤ ਹੋ ਗਈ। ਹਸਪਤਾਲ ਰਿਕਾਰਡ ਦੇ ਮੁਤਾਬਕ ਯੁਧ ਤੋਂ 6 ਮਹੀਨਿਆਂ ਦੌਰਾਨ ਇਕੱਲੇ ਬਰਲਿਨ ਵਿਚ ਇਕ ਲੱਖ ਔਰਤਾਂ ਨਾਲ ਬਲਾਤਕਾਰ ਕੀਤੇ ਗਏ। ਜਰਮਨੀ ਦੀ ਜਿੱਤ ਦੇ ਬਾਅਦ ਸੋਵੀਅਤ ਸੰਘ ਦੀ ਰੈਡ ਆਰਮੀ ਦੇ ਜਵਾਨਾਂ ਨੇ ਜਰਮਨੀ ਦੇ ਸਾਬਕਾ ਚਾਂਸਲਰ ਹੇਲਮੇਟ ਕੋਲ ਦੀ ਪਤਨੀ ਹਾਨਾਲੋਰ ਕੋਹਲ, ਸ਼ਵਾਨ ਤੇ ਉਸ ਦੀ ਮਾਂ ਨਾਲ ਵੀ ਬਲਾਤਕਾਰ ਕੀਤਾ ਗਿਆ। ਉਸ ਸਮੇਂ ਦੌਰਾਨ ਹਾਨੇਲੋਰ 12 ਸਾਲ ਦੀ ਸੀ। ਹਾਨੇਲੋਰ ਦੇ ਬਾਰੇ ਵਿਚ ਇਹ ਖੁਲਾਸਾ ਉਸ ਦੀ ਜੀਵਨੀ Aus Sorge um Europa: Ein Appell ਵਿਚ ਹੋਇਆ। ਜੀਵਨ ਦੇ ਕਈ ਕੌੜੇ ਤਜ਼ਰਬਿਆਂ ਨਾਲ ਰੂਬਰੂ ਰਹੀ ਹਾਨੇਲੋਰ ਨੇ 68 ਸਾਲ ਦੀ ਉਮਰ ਵਿਚ 2001 ਦੌਰਾਨ ਆਤਮ-ਹੱਤਿਆ ਕਰ ਲਈ। ਰੈਡ ਆਰਮੀ ਦੀ ਹੈਵਾਨੀਅਤ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਹਾਨੇਲੋਰ ਨੂੰ ਪੁਰਸ਼ਾਂ ਦੇ ਪਸੀਨੇ, ਲੱਸਣ ਤੇ ਸ਼ਰਾਬ ਦੀ ਬਦਬੂ ਇਥੋਂ ਤਕ ਰੂਸੀਆਂ ਦੀ ਆਵਾਜ਼ ਤੋਂ ਵੀ ਡਰ ਲੱਗਣ ਲੱਗ ਪਿਆ ਸੀ।

“ਦੀ ਟੈਲੀਗ੍ਰਾਫ ਯੂਕੇ 8 ਦਸੰਬਰ 2017” ਦੀ ਅਖਬਾਰ ਅਨੁਸਾਰ ਸੰਨ 1945 ਤੋਂ ਸੰਨ 1948 ਵਿਚਾਲੇ ਹਰ ਸਾਲ ਤਕਰੀਬਨ 20 ਲੱਖ ਔਰਤਾਂ ਦਾ ਗ਼ੈਰ ਕਾਨੂੰਨੀ ਢੰਗ ਨਾਲ ਗਰਭਪਾਤ ਕਰਵਾਇਆ ਜਾਂਦਾ ਸੀ। 21 ਅਪ੍ਰੈਲ 1945 ਦਾ ਦਿਨ ਜਰਮਨੀ ਦੇ ਇਤਿਹਾਸ ਵਿਚ ਕਿਸੇ ਕਿਆਮਤ ਦੀ ਤਰ੍ਹਾਂ ਯਾਦ ਕੀਤਾ ਜਾਂਦਾ ਹੈ। ਹਿਟਲਰ ਦੀ ਤਾਨਾਸ਼ਾਹੀ ਅਤੇ ਮਨੁੱਖਤਾ ਵਿਰੋਧੀ ਕੁਕਰਮਾਂ ਨੂੰ ਸੁਣ ਕੇ ਅੱਜ ਵੀ ਲੋਕਾਂ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ, ਪਰ ਜੋ ਸਟਾਲਨ ਤੇ ਉਸ ਦੀਆਂ ਫ਼ੌਜਾਂ ਨੇ ਕੀਤਾ, ਉਹ ਹਿਟਲਰ ਤੋਂ ਵੀ ਵਧ ਭਿਅੰਕਰ ਸੀ। ਇਹ ਅਲੱਗ ਗਲ ਹੈ ਕਿ ਸੰਸਾਰ ਦੇ ਲੋਕ ਇਸ ਗਲ ਬਾਰੇ ਘਟ ਜਾਣੂ ਹਨ।

(ਬਾਕੀ ਅਗਲੇ ਅੰਕ ਵਿਚ)

ਖੇਡ ਸੰਸਾਰ

# ਕੈਪਟਨ ਸਰਕਾਰ ਖੇਡਾਂ ਦੇ ਵਿਕਾਸ ਲਈ ਜ਼ਿੰਮੇਵਾਰੀ ਨਿਭਾਏ

**ਹਰਪਿੰਦਰ ਸਿੰਘ ਟੌਹੜਾ**

ਪੰਜਾਬ ਦੀਆਂ ਖੇਡਾਂ ਦੀ ਗੱਲ ਕਰੀਏ, ਤਾਂ ਅਸੀਂ ਬਹੁਤ ਪੱਛੜੇ ਹੋਏ ਹਾਂ। ਇਸ ਦੀ ਉਦਾਹਰਨ ਹੈ ਪਿਛਲੀਆਂ ਦੋ ਓਲੰਪਿਕ ਖੇਡਾਂ ਵਿੱਚ ਪੰਜਾਬ ਦੇ ਕਿਸੇ ਵੀ ਖਿਡਾਰੀ ਦਾ ਕੋਈ ਵੀ ਤਗਮਾ ਨਾ ਆਉਣਾ ਹੈ। ਸਵਾਲ ਉੱਠਦਾ ਹੈ ਕਿ ਪੰਜਾਬ ਖੇਡਾਂ ਵਿੱਚ ਪਿੱਛੇ ਕਿਉਂ ਰਹਿ ਰਿਹਾ ਹੈ? ਇਸ ਦਾ ਕਾਰਨ ਹੈ ਕਿ ਪੰਜਾਬ ਵਿੱਚ ਖਿਡਾਰੀਆਂ ਨੂੰ ਮਿਆਰੀ ਸਹੂਲਤਾਂ ਨਹੀਂ ਮਿਲ ਰਹੀਆਂ। ਖਿਡਾਰੀਆਂ ਨੂੰ ਚੰਗੀ ਡਾਈਟ ਨਹੀਂ ਮਿਲਦੀ। ਦੂਜਾ ਕਾਰਨ ਹੈ ਕਿ ਜੇ ਕੋਈ ਖਿਡਾਰੀ ਆਪਣੇ ਪੱਧਰ 'ਤੇ ਸੂਬੇ ਲਈ ਕੋਈ ਤਗਮਾ ਜਿੱਤ ਕੇ ਲਿਆਉਂਦਾ ਹੈ, ਤਾਂ ਉਸ ਨੂੰ ਇਨਾਮ ਵਿੱਚ ਲਾਰਿਆਂ ਤੋਂ ਵੱਧ ਕੁਝ ਨਹੀਂ ਮਿਲਦਾ। ਪੰਜਾਬ ਵਿੱਚ ਅਨੇਕਾਂ ਅਜਿਹੇ ਖਿਡਾਰੀ ਹਨ, ਜੋ ਨੈਸ਼ਨਲ ਖੇਡਾਂ ਵਿੱਚੋਂ ਤਗਮੇ ਜਿੱਤ ਚੁੱਕੇ ਹਨ ਤੇ ਸਰਕਾਰ ਕੋਲੋਂ ਕੁਝ ਨਾ ਮਿਲਣ ਕਾਰਨ ਨਿਰਾਸ਼ ਹਨ। ਉਨ੍ਹਾਂ ਦਾ ਮਨੋਬਲ ਡਿੱਗ ਰਿਹਾ ਹੈ ਤੇ ਉਨ੍ਹਾਂ ਕੋਲ ਖੇਡਾਂ ਤੋਂ ਕਿਨਾਰਾ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ। ਪੰਜਾਬ ਵਿੱਚ ਸਥਿਤੀ ਹੈ ਕਿ ਤਗਮੇ ਜਿੱਤਣ ਤੋਂ ਬਾਅਦ ਕੁਝ ਨਾ ਮਿਲਣ ਕਾਰਨ ਖਿਡਾਰੀ ਵੀ ਖ਼ੁਦਕੁਸ਼ੀਆਂ ਦੇ ਰਾਹ ਤੁਰ ਪਏ ਹਨ। ਕੋਈ ਸਮਾਂ ਸੀ ਜਦ ਦੇਸ ਦੀਆਂ ਟੀਮਾਂ ਵਿੱਚ ਪੰਜਾਬ ਦੇ ਖਿਡਾਰੀ ਸ਼ਾਮਲ ਹੁੰਦੇ ਸਨ। ਅੱਜ ਜੇ ਕੁਝ ਖਿਡਾਰੀ ਹਿੱਸਾ ਲੈ



ਵੀ ਰਹੇ ਹਨ, ਤਾਂ ਉਨ੍ਹਾਂ ਦਾ ਵੀ ਸਰਕਾਰ ਪ੍ਰਤੀ ਇਹੋ ਸ਼ਿਕਵਾ ਹੈ ਕਿ ਉਨ੍ਹਾਂ ਨੂੰ ਖੇਡ ਸਹੂਲਤਾਂ ਨਹੀਂ ਮਿਲਦੀਆਂ। ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨਾ ਕੈਪਟਨ ਸਰਕਾਰ ਲਈ ਵੱਡੀ ਚੁਣੌਤੀ ਹੋਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਸਹੀ ਖੇਡ ਨੀਤੀ ਬਣਾਈ ਜਾਵੇ। ਜੇ ਖੇਡ ਨੀਤੀ ਸਰਕਾਰ ਨੇ ਅਪਨਾਉਣੀ ਹੈ, ਤਾਂ ਗੁਆਂਢੀ ਸੂਬੇ ਹਰਿਆਣਾ ਵੱਲ ਜ਼ਰੂਰ ਝਾਤ ਮਾਰੀ ਜਾਵੇ। ਹਰਿਆਣਾ ਦੀ ਖੇਡ ਨੀਤੀ ਦੇ ਹੀ ਨਤੀਜੇ ਹਨ ਕਿ ਉਸ ਦੇ ਖਿਡਾਰੀ ਅੱਜ ਓਲੰਪਿਕ ਵਿੱਚੋਂ ਤਗਮੇ ਜਿੱਤ ਕੇ ਲਿਆ ਰਹੇ ਹਨ। ਪੰਜਾਬ ਵਿੱਚ ਜੇ ਅਜਿਹੀ ਨੀਤੀ ਲਾਗੂ ਕੀਤੀ ਜਾਵੇ, ਤਾਂ ਪਤਨ ਵੱਲ ਜਾ ਰਹੀਆਂ ਖੇਡਾਂ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ। ਸਰਕਾਰ ਨੂੰ ਉਨ੍ਹਾਂ ਖਿਡਾਰੀਆਂ ਦਾ ਵੀ ਖ਼ਾਸ ਖ਼ਿਆਲ ਰੱਖਣ ਦੀ ਜ਼ਰੂਰਤ ਹੈ, ਜੋ ਨੈਸ਼ਨਲ ਪੱਧਰ 'ਤੇ ਨਾਮਣਾ ਖੱਟਦੇ ਹਨ। ਅਜਿਹੇ ਖਿਡਾਰੀਆਂ ਨੂੰ ਨਕਦ ਇਨਾਮ ਦਿੱਤੇ ਜਾਣ।

ਵਿਸ਼ੇਸ਼ ਖੇਡ ਨੀਤੀ ਬਣਾਉਣ ਦੀ ਗੱਲ ਅਸੀਂ ਪਹਿਲਾਂ ਵੀ ਕਰ ਚੁੱਕੇ ਹਾਂ। ਇਸ ਖੇਡ ਨੀਤੀ ਅਧੀਨ ਇੱਕ ਗੱਲ ਹੋਰ ਸਾਹਮਣੇ ਆਉਂਦੀ ਹੈ, ਉਹ ਇਹ ਕਿ ਪੰਜਾਬ ਵਿੱਚ ਪਿਛਲੀ ਸਰਕਾਰ ਨੇ ਪੀਆਈਐੱਸ (ਪੰਜਾਬ ਇੰਸਟੀਚਿਊਟ ਆਫ ਸਪੋਰਟਸ) ਦਾ ਜੋ ਗਠਨ ਕੀਤਾ ਸੀ, ਉਸ ਦਾ ਮਨੋਰਥ ਪੰਜਾਬ ਵਿੱਚ ਖੇਡਾਂ ਦੇ ਪ੍ਰਬੰਧਾਂ ਨੂੰ ਚਲਾਉਣਾ ਸੀ ਪਰ ਇਸ ਕਮੇਟੀ 'ਤੇ ਸਵਾਲ ਇਹ ਉੱਠਦਾ ਹੈ ਕਿ ਪੰਜਾਬ ਖੇਡ ਵਿਭਾਗ ਦੇ ਹੁੰਦਿਆਂ ਹੀ ਕੋਈ ਪ੍ਰਾਈਵੇਟ ਸੰਸਥਾ ਬਣਾਉਣੀ ਜ਼ਰੂਰੀ ਸੀ? ਜੇ ਖੇਡ ਮਾਹਿਰਾਂ ਦੀ ਮੰਨੀਏ, ਤਾਂ ਹੁਣ ਤੱਕ ਇਸ ਸੰਸਥਾ ਨੇ ਪੰਜਾਬ ਵਿੱਚ ਖੇਡਾਂ ਲਈ ਕੋਈ ਯੋਗਦਾਨ ਨਹੀਂ ਦਿੱਤਾ, ਉਲਟਾ ਖ਼ਜ਼ਾਨੇ 'ਤੇ ਬੋਝ ਜ਼ਰੂਰ ਪਾਇਆ ਹੈ। ਇਸ ਲਈ ਸਰਕਾਰ ਨੂੰ ਅਜਿਹੀਆਂ ਸੰਸਥਾਵਾਂ ਦੀ ਕਾਰਗੁਜ਼ਾਰੀ ਵੱਲ ਵੀ ਧਿਆਨ ਦੇਣਾ ਪਵੇਗਾ। ਇਹ ਸੰਸਥਾਵਾਂ ਕੀ ਕਰਦੀਆਂ ਹਨ? ਜੇ ਇਨ੍ਹਾਂ ਦੇ ਨਤੀਜੇ ਸਾਰਥਕ ਨਹੀਂ ਆਉਂਦੇ ਤਾਂ ਇਨ੍ਹਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਤੇ ਖੇਡਾਂ ਦਾ ਪ੍ਰਬੰਧ ਖੇਡ ਵਿਭਾਗ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ।

ਗੱਲ ਜੇ ਮੁੱਖ ਮੰਤਰੀ ਦੇ ਸ਼ਹਿਰ ਪਟਿਆਲਾ ਵਿੱਚ ਬਣੇ ਰਾਜਾ ਭਲਿੰਦਰਾ ਸਟੇਡੀਅਮ (ਪੋਲੋ ਗਰਾਊਂਡ) ਦੀ ਕਰੀਏ, ਤਾਂ ਇਸ ਵਿੱਚ ਵੀ ਸੁਵਿਧਾਵਾਂ ਦੀ ਕਮੀ ਹੈ। ਇੱਥੇ ਨਾ ਖਿਡਾਰੀਆਂ ਦੇ ਰਹਿਣ ਲਈ ਹੋਸਟਲ ਹੈ ਤੇ ਨਾ ਹੀ ਜਿੰਮ ਦੀ। ਅਜਿਹੀ ਹਾਲਤ ਵਿੱਚ ਦੂਰੋਂ ਆਉਣ ਵਾਲੇ ਖਿਡਾਰੀ ਇੱਥੇ ਕਿਵੇਂ ਅਭਿਆਸ ਕਰਨ? ਪੰਜਾਬ ਵਿੱਚ ਹੋਰ ਵੀ ਬਹੁਤ ਸਾਰੇ ਅਜਿਹੇ ਸਟੇਡੀਅਮ ਹਨ ਜੋ ਸਹੂਲਤਾਂ ਤੋਂ ਸੱਖਣੇ ਹਨ। ਪਟਿਆਲਾ ਅਜਿਹਾ ਸ਼ਹਿਰ ਹੈ, ਜਿੱਥੇ ਐੱਨਆਈਐੱਸ ਹੋਣ ਕਾਰਨ ਖਿਡਾਰੀਆਂ ਲਈ ਬਿਹਤਰੀਨ ਮੌਕੇ ਮੁਹੱਈਆ ਕਰਵਾਏ ਜਾ ਸਕਦੇ ਹਨ। ਇਸ ਤੋਂ ਇਲਾਵਾ ਸਰਕਾਰ ਨੂੰ ਉਨ੍ਹਾਂ ਸ਼ਹਿਰਾਂ ਜਾਂ ਥਾਵਾਂ ਵੱਲ ਵੀ ਖ਼ਾਸ ਧਿਆਨ ਦੇਣਾ ਚਾਹੀਦਾ ਹੈ ਜੋ ਖੇਡ-ਹੱਬ ਦੇ ਰੂਪ ਵਿੱਚ ਜਾਣੇ ਜਾਂਦੇ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰਕ ਮੈਂਬਰ ਵੀ ਖੇਡਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਭਾਰਤੀ ਰਾਈਫਲ ਐਸੋਸੀਏਸ਼ਨ ਦੇ ਪ੍ਰਧਾਨ ਹਨ। ਉਨ੍ਹਾਂ ਦੇ ਚਾਚਾ ਰਾਜਾ ਭਲਿੰਦਰ ਸਿੰਘ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ 1960 ਵਿੱਚ ਪ੍ਰਧਾਨ ਸਨ ਤੇ 1947 ਵਿੱਚ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਮੈਂਬਰ ਸਨ। ਮੁੱਖ ਮੰਤਰੀ ਦੇ ਚਾਚਾ ਰਣਧੀਰ ਸਿੰਘ ਵੀ ਸ਼ੂਟਿੰਗ ਦੇ ਖਿਡਾਰੀ ਰਹਿ ਚੁੱਕੇ ਹਨ ਤੇ ਉਨ੍ਹਾਂ ਨੇ ਆਪਣੇ ਸਮੇਂ ਦੌਰਾਨ ਕਈ ਤਗਮੇ ਵੀ ਹਾਸਲ ਕੀਤੇ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਖੇਡਾਂ ਨਾਲ ਨੇੜਲਾ ਸੰਬੰਧ ਹੋਣ ਕਾਰਨ ਵੀ ਤੇ ਪੰਜਾਬ ਦੇ ਹਿੱਤ ਲਈ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਖੇਡਾਂ ਦੇ ਪਸਾਰ ਲਈ ਖ਼ਾਸ ਉਪਰਾਲੇ ਕਰਨ। ਕੈਬਨਿਟ ਦੀਆਂ ਆਉਣ ਵਾਲੀਆਂ ਮੀਟਿੰਗਾਂ ਵਿੱਚ ਖੇਡਾਂ ਲਈ ਚੰਗੇ ਫ਼ੈਸਲੇ ਲਏ ਜਾਣ ਦੀ ਆਸ ਵੀ ਹੈ ਅਤੇ ਸਮੇਂ ਦੀ ਲੋੜ ਵੀ। ਸਰਕਾਰ ਨੂੰ ਖੇਡਾਂ ਉਤਸ਼ਾਹਿਤ ਕਰਨ ਲਈ ਖੇਡ ਮੰਤਰੀ ਦੇ ਰੂਪ ਵਿੱਚ ਉਸ ਸ਼ਖ਼ਸੀਅਤ ਨੂੰ ਚੁਣਨਾ ਚਾਹੀਦਾ ਹੈ, ਜੋ ਮੁੱਢ ਤੋਂ ਖੇਡਾਂ ਨਾਲ ਜੁੜਿਆ ਹੋਵੇ। ਸਰਕਾਰ ਨੂੰ ਖੇਡਾਂ ਦੀ ਨੀਤੀ ਬਣਾ ਕੇ ਉਸ ਨੂੰ ਅਮਲੀ ਜਾਮਾ ਪਹਿਨਾਉਣਾ ਚਾਹੀਦਾ ਹੈ। ਖਿਡਾਰੀਆਂ ਨੂੰ ਵੱਡੇ-ਵੱਡੇ ਲਾਰੇ ਨਾ ਲਗਾਏ ਜਾਣ। ਜੇ ਸਰਕਾਰ ਅਜਿਹੀ ਕੋਈ ਸਾਰਥਕ ਪਹਿਲਕਦਮੀ ਕਰਦੀ ਹੈ, ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦਾ ਨਾਂ ਖੇਡਾਂ ਦੇ ਖੇਤਰ ਵਿੱਚ ਸਭ ਤੋਂ ਪਹਿਲਾਂ ਲਿਆ ਜਾਵੇਗਾ।

# ਸਿੱਖ ਇਤਿਹਾਸ ਤੇ ਪੰਥ 'ਚ ਦਸਤਾਰ ਦੀ ਮਹਾਨਤਾ

**ਡਾ. ਪਰਮਜੀਤ ਢੀਂਗਰਾ**



ਸਿੱਖਾਂ ਵਿੱਚ ਦਸਤਾਰ ਪਹਿਰਾਵੇ ਦਾ ਲਾਜ਼ਮੀ ਅੰਗ ਹੈ। ਸਾਰੇ ਗੁਰੂ ਸਾਹਿਬਾਨ ਦਸਤਾਰ ਧਾਰਨ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਸਿੱਖਾਂ ਲਈ ਦਸਤਾਰ ਲਾਜ਼ਮੀ ਕਰ ਦਿੱਤੀ, ਕਿਉਂਕਿ ਇਸ ਨਾਲ ਸਿਰ ਨੂੰ ਚੰਗੀ ਤਰ੍ਹਾਂ ਢਕਿਆ ਜਾ ਸਕਦਾ ਹੈ। ਸਿਰ ਨੂੰ ਸੱਟ ਫੇਟ ਤੋਂ ਅਤੇ ਮੌਸਮ ਦੀ ਮਾਰ ਤੋਂ ਬਚਾਇਆ ਜਾ ਸਕਦਾ ਹੈ। ਕੁਝ ਸਿੱਖ ਸੰਪਰਦਾਵਾਂ ਵਿੱਚ ਅੰਮ੍ਰਿਤਧਾਰੀ ਸਿੰਘਣੀਆਂ ਦੁਪੱਟੇ ਹੇਠ ਕੇਸਕੀ ਸਜਾਉਂਦੀਆਂ ਹਨ। ਅੱਜਕੱਲ੍ਹ ਸਿੱਖ ਬੱਚਿਆਂ ਵਿੱਚ ਰੰਗ-ਬਿਰੰਗੀਆਂ ਪੱਗਾਂ ਦੇ ਦਸਤਾਰ ਮੁਕਾਬਲਿਆਂ ਦਾ ਚਲਣ ਹੈ। ਹਿੰਦੂਆਂ ਵਿੱਚ ਖ਼ਾਸ ਖ਼ੁਸ਼ੀ ਦੇ ਮੌਕਿਆਂ ਉੱਤੇ ਪਗੜੀ ਬੰਨ੍ਹਣ ਦਾ ਰਿਵਾਜ ਹੈ। ਉਹ ਗੋਟੇ ਵਾਲੀਆਂ ਲਾਲ, ਸੁਨਹਿਰੀ, ਗੁਲਾਬੀ, ਕੇਸਰੀ ਤੇ ਹੋਰ ਕਈ ਪ੍ਰਕਾਰ ਦੀਆਂ ਪਗੜੀਆਂ ਬੰਨ੍ਹਦੇ ਹਨ।

**ਦਸਤਾਰ ਦਾ ਇਤਿਹਾਸ :** ਵੱਡੀਆਂ ਸੰਸਾਰ ਜੰਗਾਂ ਵਿੱਚ ਸਿੱਖਾਂ ਦਾ ਯੋਗਦਾਨ ਸਲਾਹੁਣਯੋਗ ਹੈ। ਦੂਜੇ ਮਹਾਂਯੁੱਧ ਵੇਲੇ ਅੰਗਰੇਜ਼ੀ ਫ਼ੌਜ ਅਧੀਨ ਲੜ ਰਹੇ ਸਿੱਖਾਂ ਨੂੰ ਲੋਹ ਟੋਪ ਪਾਉਣ ਦੇ ਆਦੇਸ਼ ਦਿੱਤੇ ਗਏ, ਕਿਉਂਕਿ ਉਨ੍ਹਾਂ ਤੋਂ ਬਿਨਾਂ ਵਧੇਰੇ ਜਾਨੀ ਨੁਕਸਾਨ ਹੋਣ ਦਾ ਡਰ ਸੀ, ਪਰ ਸਿੱਖਾਂ ਦਾ ਇਹ ਤਰਕ ਸੀ ਕਿ ਉਨ੍ਹਾਂ ਦੇ ਧਰਮ ਵਿੱਚ ਟੋਪ ਜਾਂ ਟੋਪੀ ਪਾਉਣ ਦੀ ਮਨਾਹੀ ਹੈ। ਅੰਗਰੇਜ਼ ਹਕੂਮਤ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਵਧੇਰੇ ਜਾਨੀ ਨੁਕਸਾਨ ਹੋਣ ਦੀ ਸੂਰਤ ਵਿੱਚ ਉਹ ਪੈਨਸ਼ਨ ਦਾ ਬੋਝ ਝੱਲਣ ਦੇ ਯੋਗ ਨਹੀਂ। ਸਿੱਖ ਫ਼ੌਜੀਆਂ ਨੇ ਵੀ ਅੱਗੋਂ ਕਹਿ ਦਿੱਤਾ ਕਿ ਜੇ ਸਿਰ ਵਿੱਚ ਗੋਲੀ ਲੱਗਣ ਨਾਲ ਉਹ ਸ਼ਹੀਦ ਹੋਣਗੇ, ਤਾਂ ਉਹ ਕੋਈ ਪੈਨਸ਼ਨ ਨਹੀਂ ਲੈਣਗੇ। ਇਸ ਦੇ ਸਿੱਟੇ ਵਜੋਂ ਸਿੱਖ ਫ਼ੌਜੀ ਬਿਨਾਂ ਲੋਹ ਟੋਪ ਦੇ ਜੰਗ ਵਿੱਚ ਲੜੇ ਤੇ ਯੁੱਧ ਖੇਤਰ ਵਿੱਚ ਪੱਗ ਨਾਲ ਸਿੱਖਾਂ ਨੇ ਆਪਣੀ ਵਿਸ਼ੇਸ਼ ਪਛਾਣ ਬਣਾਈ। ਅੱਜ ਦੁਨੀਆਂ ਭਰ ਵਿੱਚ ਅਮਰੀਕਾ, ਕੈਨੇਡਾ, ਫਰਾਂਸ, ਇੰਗਲੈਂਡ, ਜਰਮਨੀ, ਇਟਲੀ ਤੇ ਕਈ ਹੋਰ ਦੇਸਾਂ ਵਿੱਚ ਸਿੱਖਾਂ ਨੂੰ ਦਸਤਾਰ ਪਹਿਨਣ ਦੀ ਆਗਿਆ ਮਿਲ ਗਈ ਹੈ ਤੇ ਕਈ ਦੇਸਾਂ ਵਿੱਚ ਸਿੱਖ ਆਪਣੀ ਇਸ ਮੰਗ ਲਈ ਸੰਘਰਸ਼ ਕਰ ਰਹੇ ਹਨ।

ਸਿੱਖਾਂ ਵਿੱਚ ਛੋਟੇ ਬੱਚੇ ਦੀ ਇੱਕ ਨਿਸ਼ਚਿਤ ਉਮਰ ਵਿੱਚ ਦਸਤਾਰਬੰਦੀ ਕੀਤੀ ਜਾਂਦੀ ਹੈ। ਸਿੱਖ ਪੰਥ ਵਿੱਚ ਮਰਨ ਤੋਂ ਬਾਅਦ ਭੋਗ ਵੇਲੇ ਤੇ ਸੰਤ, ਮਹੰਤ, ਡੇਰੇਦਾਰ ਦੇ ਗੁਜ਼ਰਨ ਤੋਂ ਬਾਅਦ ਵੀ ਪੱਗੜੀ ਦੇਣ ਦਾ ਰਿਵਾਜ ਹੈ। ਸੰਤ, ਮਹੰਤ, ਡੇਰਾਦਾਰ ਨੂੰ ਪਗੜੀ ਦੇਣ ਦਾ ਮਤਲਬ ਹੈ ਕਿ ਉਹ ਗੁਜ਼ਰ ਗਏ ਵਿਅਕਤੀ ਦੀ ਗੱਦੀ ਜਾਂ ਡੇਰੇ ਦਾ ਵਾਰਸ ਹੈ। 'ਪਗੜੀ ਸੰਭਾਲ ਜੱਟਾ' ਵਾਲਾ ਗੀਤ ਕੌਮੀ ਜਾਗ੍ਰਿਤੀ ਵੇਲੇ ਲੋਕ ਹੂਕ ਬਣ ਕੇ ਗੂੰਜਿਆ। ਦਸਤਾਰ ਬਾਰੇ ਕਈ ਮੁਹਾਵਰੇ ਤੇ ਅਖਾਣ ਵੀ ਮਿਲਦੇ ਹਨ ਜਿਵੇਂ ਦਸਤਾਰ ਸਜਾਉਣਾ (ਪੱਗ ਬੰਨ੍ਹਣੀ), ਜਦੋਂ ਇਹ ਦੱਸਣਾ ਹੋਵੇ ਕਿ ਹਰ ਬੰਦੇ ਦਾ ਪੱਗ ਬੰਨ੍ਹਣ, ਗੱਲਬਾਤ ਕਰਨ ਤੇ ਚੱਲਣ ਦਾ ਢੰਗ ਤਰੀਕਾ ਵੱਖਰਾ ਹੈ ਤਾਂ ਕਿਹਾ ਜਾਂਦਾ ਹੈ ਕਿ ਦਸਤਾਰ, ਗੁਫ਼ਤਾਰ, ਰਫ਼ਤਾਰ ਆਪਣੀ-ਆਪਣੀ। ਪੱਗ ਤੇ ਪਗੜੀ ਨਾਲ ਵੀ ਅਨੇਕਾਂ ਅਖਾਣ, ਮੁਹਾਵਰੇ ਜੁੜੇ ਹੋਏ ਹਨ ਜਿਵੇਂ ਪੱਗ ਉਤਾਰਨਾ-ਬੇਇੱਜ਼ਤੀ ਕਰਨੀ, ਪੱਗ ਦੀ ਲਾਜ ਰੱਖਣੀ-ਇੱਜ਼ਤ ਰੱਖਣੀ, ਪੱਗ ਨੂੰ ਹੱਥ ਪਾਉਣਾ-ਪੱਤ ਲਾਹੁਣੀ, ਪੱਗ ਪਰਾਏ ਹੱਥ ਦੇਣਾ-ਆਪਣੀ ਇੱਜ਼ਤ ਦੂਸਰੇ ਦੇ ਹਵਾਲੇ ਕਰਨਾ, ਪੱਗ ਪਾਲਣਾ, ਮਿੱਤਰਤਾ ਨਿਭਾਉਣੀ, ਪੱਗ ਪੈਰਾਂ ਵਿੱਚ ਰੁਲਣੀ ਜਾਂ ਰੋਲਣੀ, ਬੇਇੱਜ਼ਤੀ ਹੋਣੀ ਜਾਂ ਕਰਨੀ, ਪੱਗ ਬਚਾਉਣਾ-ਇੱਜ਼ਤ ਬਚਾਉਣੀ, ਪੱਗ ਵੱਟ-ਪੱਗ ਬਦਲਣਾ-ਪੱਕੇ ਯਾਰ ਬਣਨਾ, ਪੱਗ ਵੰਡ-ਜਾਇਦਾਦ ਦੇ ਵੰਡਣ ਦਾ ਇੱਕ ਢੰਗ ਤਰੀਕਾ, ਜਿਸ ਵਿੱਚ ਸਕਿਆਂ ਤੇ ਮਤਰੇਇਆਂ ਵਿੱਚ ਕੋਈ ਵਿਤਕਰਾ ਨਹੀਂ ਹੁੰਦਾ ਤੇ ਸਭ ਨੂੰ ਜਾਇਦਾਦ 'ਚੋਂ ਬਰਾਬਰ ਦਾ ਹਿੱਸਾ ਮਿਲਦਾ ਹੈ। ਪੱਗ ਵਧਾਉਣਾ-ਇੱਜ਼ਤ ਜਾਂ ਸ਼ਾਨ ਵਧਾਉਣੀ, ਪੱਗ ਵੇਚ ਕੇ ਘੀ ਖਾਣਾ-ਹੈਸੀਅਤ ਤੋਂ ਵੱਧ ਖ਼ਰਚਾ ਕਰਨਾ, ਪੱਗੋ-ਪੱਗੀ ਹੋਣਾ-ਇੱਕ ਦੂਜੇ ਦੀ ਪੱਗ ਲਾਹੁਣੀ, ਪੈਰਾਂ 'ਤੇ ਪੱਗ ਰੱਖਣੀ-ਵਾਸਤਾ ਪਾਉਣਾ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਪੱਗ ਜਾਂ ਪਗੜੀ ਇੱਕ ਅਜਿਹਾ ਵਸਤਰ ਹੈ ਜੋ ਹਰ ਭਾਈਚਾਰੇ, ਜਾਤ, ਧਰਮ, ਕੌਮ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਚੱਲਿਤ ਹੈ। ਇਹ ਇੱਜ਼ਤ, ਮਾਣ, ਸਤਿਕਾਰ ਤੇ ਰੋਅਬ ਦਾ ਵੀ ਪ੍ਰਤੀਕ ਹੈ। ਪੁਰਾਣੇ ਸਮੇਂ ਵਿੱਚ ਰਾਜੇ, ਵਜ਼ੀਰ, ਸ਼ਾਹੀ ਹਕੀਮ, ਦਰਬਾਰੀ ਜਰਨੈਲ ਆਦਿ ਪਗੜੀ ਪਹਿਨਦੇ ਸਨ।

**ਪੱਗੜੀ ਦਾ ਆਕਾਰ ਤੇ ਰੂਪ :** ਸਿੱਖ ਜਗਤ ਵਿੱਚ ਦਸਤਾਰ ਲਈ ਕੋਈ ਬੱਝਵੇਂ ਨੇਮ, ਵਿਧੀ ਜਾਂ ਸਰੂਪ ਨਿਸ਼ਚਿਤ ਨਹੀਂ। ਨਿਹੰਗ ਸਿੰਘਾਂ ਦੇ ਉੱਚ ਦਮਾਲੜੇ, ਨਾਮਧਾਰੀ ਕੂਕਿਆਂ ਦੀਆਂ ਗੋਲਾਕਾਰ ਦਸਤਾਰਾਂ, ਪਟਿਆਲਾ ਸ਼ਾਹੀ ਮਹਾਰਾਜੇ ਵਾਲੀ ਵੱਡਅਕਾਰੀ ਫਿਫਟੀਦਾਰ ਪੱਗ, ਸਿੱਖ ਫ਼ੌਜੀਆਂ ਦੀਆਂ ਪੇਚਦਾਰ ਦਸਤਾਰਾਂ, ਭਾਪਿਆਂ ਦੀਆਂ ਮਾਇਆ ਵਾਲੀਆਂ ਪੱਗਾਂ, ਗੁਰਦਾਸਪੁਰੀ ਪੱਗਾਂ ਤੇ ਅੱਜਕੱਲ੍ਹ ਜੱਥੇਦਾਰਾਂ ਦੀਆਂ ਵਿਸ਼ੇਸ਼ ਆਕਾਰ ਦੀਆਂ ਪੱਗਾਂ ਪ੍ਰਸਿੱਧ ਹਨ। ਇਨ੍ਹਾਂ ਦੇ ਨਿਵੇਕਲੇ ਅੰਦਾਜ਼ ਅਤੇ ਸ਼ੈਲੀਆਂ 'ਤੇ ਇਲਾਕਾਈ ਪ੍ਰਭਾਵ ਵੀ ਨਜ਼ਰ ਆਉਂਦੇ ਹਨ ਜਿਵੇਂ ਮਲਵਈਆਂ ਦੀ ਦੂਜਿਆਂ ਦੇ ਮੁਕਾਬਲੇ ਖੱਬੀ ਪੱਗ। ਨਿਹੰਗਾਂ ਵਿੱਚ ਗੋਲ ਤੇ ਵੱਡੇ ਆਕਾਰ ਦੀਆਂ ਪੱਗਾਂ/ਪੱਗੜ ਬੰਨ੍ਹਣ ਦਾ ਰਿਵਾਜ ਹੈ। ਇਂਵ ਹੀ ਨੀਲਧਾਰੀ ਨੀਲ ਦੇ ਰੰਗ ਦੀਆਂ ਪੱਗਾਂ ਬੰਨ੍ਹਦੇ ਹਨ।

## ਹੈਰਾਨ ਕਰਨ ਵਾਲੀ ਹੈ ਦੁਨੀਆ ਦੇ ਸਭ ਤੋਂ ਮੋਟੇ ਸੂਮੋ ਪਹਿਲਵਾਨਾਂ ਦੀ ਜ਼ਿੰਦਗੀ

- **ਜਾਪਾਨ 'ਚ ਬਣਦੇ ਨੇ ਸੂਮੋ**
- **ਬੁੱਧ ਮੱਠ 'ਚ ਰਹਿ ਕੇ ਪਹਿਲਵਾਨੀ ਦੀ ਕਰਦੇ ਨੇ ਤਿਆਰੀ**
- **ਇਕ ਪਹਿਲਵਾਨ ਨੂੰ ਤਿਆਰ ਕਰਨ ਲੱਗਿਆਂ ਲੱਗ ਜਾਂਦੇ ਨੇ 15 ਸਾਲ**
- **ਦਿਨ 'ਚ ਲੈਂਦੇ ਨੇ 10 ਹਜ਼ਾਰ ਕੈਲੋਰੀ ਖਾਣਾ**



**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੂਮੋ ਪਹਿਲਵਾਨ ਜਪਾਨ ਵਿੱਚ ਤਿਆਰ ਕੀਤੇ ਜਾਂਦੇ ਹਨ, ਪਰ ਅਜਿਹਾ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਇੱਕ ਪਹਿਲਵਾਨ ਨੂੰ ਤਿਆਰ ਕਰਨ ਲਈ ਲੱਗਭੱਗ 15 ਸਾਲ ਲੱਗ ਜਾਂਦੇ ਹਨ। ਇੱਥੋਂ ਦੇ ਨਾਗੋਆ ਬੁੱਧ ਮੱਠ ਵਿੱਚ ਰਹਿ ਰਹੇ ਸੂਮੋ ਪਹਿਲਵਾਨ ਦੀਆਂ ਕੁਝ ਅਜਿਹੀਆਂ ਹੈਰਾਨ ਕਰਨ ਵਾਲੀਆਂ ਤਸਵੀਰਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੂੰ ਦੇਖ ਕੇ ਹਰ ਕੋਈ ਹੈਰਾਨ ਰਹਿ ਜਾਣਗੇ।

**ਕਾਫੀ ਹੈਵੀ ਹੁੰਦੀ ਹੈ ਇਨ੍ਹਾਂ ਦੀ ਡਾਈਟ :** ਇੱਕ ਸੂਮੋ ਪਹਿਲਵਾਨ ਦੀ ਡਾਈਟ ਕਾਫੀ ਹੈਵੀ ਹੁੰਦੀ ਹੈ, ਉਂਞ ਤਾਂ ਇਹ ਦਿਨ ਵਿੱਚ ਸਿਰਫ਼ ਦੋ ਹੀ ਵਾਰ ਖਾਣਾ ਖਾਂਦੇ ਹਨ, ਪਰ ਓਨੇ ਵਿੱਚ ਹੀ ਇਹ ਤਕਰੀਬਨ 10 ਹਜ਼ਾਰ ਕੈਲੋਰੀ ਖਾਣਾ ਖਾ ਲੈਂਦੇ ਹਨ। ਇਹ ਡਾਈਟ ਵਿੱਚ ਮਾਸ, ਫਰਾਈ ਮੱਛੀ, ਸਟੀਮ ਰਾਈਸ ਅਤੇ ਹਰੀਆਂ ਸਬਜ਼ੀਆਂ ਦਾ ਸੂਪ ਲੈਂਦੇ ਹਨ। ਏਨਾ ਹੀ ਨਹੀਂ ਉਹ ਰੋਜ਼ 3 ਘੰਟੇ ਪ੍ਰੈਕਟਿਸ ਵੀ ਕਰਦੇ ਹਨ।

**ਸੌਂਦੇ ਵਕਤ ਲੈਂਦੇ ਨੇ ਆਕਸੀਜਨ :** ਇੱਕ ਸੂਮੋ ਪਹਿਲਵਾਨ ਲਈ ਏਨਾ ਸਾਰਾ ਖਾਣਾ ਖਾ ਕੇ ਉਸ ਨੂੰ ਪਚਾਉਣਾ ਤੇ ਸੌਣਾ ਬੜਾ ਮੁਸ਼ਕਲ ਕੰਮ ਹੁੰਦਾ ਹੈ। ਜ਼ਿਆਦਾ ਖਾਣ ਦੀ ਵਜ੍ਹਾ ਨਾਲ ਸੂਮੋ ਪਹਿਲਵਾਨਾਂ ਨੂੰ ਸਾਹ ਲੈਣ ਵਿੱਚ ਦਿੱਕਤ ਹੋਣ ਲੱਗਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਆਕਸੀਜਨ ਮਾਸਕ ਲਗਾ ਕੇ ਸੌਣਾ ਪੈਂਦਾ ਹੈ। ਵੱਡਾ ਸਰੀਰ ਹਣ ਕਾਰਨ ਇਨ੍ਹਾਂ ਦੀ ਉਮਰ ਇੱਕ ਆਮ ਵਿਅਕਤੀ ਤੋਂ 10 ਸਾਲ ਘੱਟ ਹੁੰਦੀ ਹੈ। ਉਹ ਵੱਧ ਤੋਂ ਵੱਧ 65 ਸਾਲ ਤੱਕ ਹੀ ਜਿਉਂਦੇ ਹਨ।

## ਭਾਰਤ ਦੇ ਕੌਮਾਂਤਰੀ ਫ਼ਿਲਮ ਮੇਲੇ 'ਚ ਹੋਵੇਗੀ 212 ਫਿਲਮਾਂ ਦੀ ਐਂਟਰੀ

**ਗੋਆ/ਬਿਊਰੋ ਨਿਊਜ਼ :** ਭਾਰਤ ਦੇ ਸਮੁੰਦਰੀ ਕਿਨਾਰੇ ਉਤੇ ਪੈਂਦੇ ਸੈਲਾਨੀ ਕੇਂਦਰ ਗੋਆ ਰਾਜ ਵਿਚ 20 ਤੋਂ 28 ਨਵੰਬਰ ਤਕ ਹੋ ਰਹੇ ਕੌਮਾਂਤਰੀ ਫਿਲਮ ਮੇਲੇ ਦੀਆਂ ਤਿਆਰੀਆਂ ਲਗਭੱਗ ਮੁਕੰਮਲ ਹੋ ਗਈਆਂ ਹਨ। ਇਸ ਦੌਰਾਨ 68 ਤੋਂ ਵੱਧ ਮੁਲਕਾਂ ਦੀਆਂ 212 ਫ਼ਿਲਮਾਂ ਵਿਖਾਈਆਂ ਜਾਣਗੀਆਂ। ਇਸ ਸਾਲ ਦੇ ਭਾਰਤੀ ਕੌਮਾਂਤਰੀ ਫ਼ਿਲਮ ਮੇਲੇ ਦੇ "ਫੋਕਸ ਕੰਟਰੀ ਸੈਕਸ਼ਨ" 'ਚ ਸਾਰਾ ਧਿਆਨ ਇਜ਼ਰਾਈਲ ਵੱਲ ਰਹੇਗਾ। ਇਸ ਦੌਰਾਨ ਇਜ਼ਰਾਈਲ ਦੇ ਕੌਂਸਲੇਟ ਜਨਰਲ ਦੇ ਸਹਿਯੋਗ ਨਾਲ ਮੁੰਬਈ 'ਚ ਦਸ ਫ਼ਿਲਮਾਂ ਦੀ ਸਕਰੀਨਿੰਗ ਕੀਤੀ ਜਾਵੇਗੀ। ਕੰਟਰੀ ਆਫ਼ ਫੋਕਸ ਸੈਕਸ਼ਨ ਦੀ ਸ਼ੁਰੂਆਤ ਅਵੀ ਨੈਸ਼ਰ ਦੀ ਫ਼ਿਲਮ 'ਦਿ ਅਦਰ ਸਟੋਰੀ' ਨਾਲ ਹੋਵੇਗੀ। ਕੌਮਾਂਤਰੀ ਮੁਕਾਬਲਾ ਸੈਕਸ਼ਨ ਵਿਚ 15 ਫਿਲਮਾਂ ਵਿਖਾਈਆਂ ਜਾਣਗੀਆਂ, ਜਿਨ੍ਹਾਂ ਵਿੱਚੋਂ ਤਿੰਨ ਭਾਰਤੀ ਹੋਣਗੀਆਂ। ਇਸ ਸੈਕਸ਼ਨ ਵਿਚ ਉਨ੍ਹਾਂ ਫਿਲਮਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਦਾ 22 ਮੁਲਕਾਂ ਨੇ ਖੁਦ ਜਾਂ ਫ਼ਿਰ ਸਹਿ ਨਿਰਮਾਣ ਕੀਤਾ ਹੈ। ਮੇਲੇ ਦੇ ਕੈਲੇਡੀਓਸਕੋਪ ਸੈਕਸ਼ਨ ਵਿਚ 20 ਕੌਮਾਂਤਰੀ ਫ਼ਿਲਮਾਂ ਵਿਖਾਈਆਂ ਜਾਣਗੀਆਂ, ਜਿਨ੍ਹਾਂ ਵਿਚ ਵੱਡੀ ਗਿਣਤੀ ਵੱਖ-ਵੱਖ ਫ਼ਿਲਮ ਮੇਲਿਆਂ 'ਚ ਕਈ ਐਵਾਰਡ ਜਿੱਤ ਚੁੱਕੀਆਂ ਹਨ।

# ਟੀਸੀਐਸ ਨਿਊਯਾਰਕ ਸਿਟੀ ਮੈਰਾਥਨ ਨੇ ਆਪਣਾ ਪਿਛਲਾ ਰਿਕਾਰਡ ਤੋੜਿਆ

## *ਸਿੱਖ ਦੌੜਾਕ ਡਾ. ਅਵਤਾਰ ਸਿੰਘ ਟੀਨਾ ਨੇ ਕੇਸਰੀ ਝੰਡੇ ਨਾਲ ਕੀਤੀ ਸ਼ਮੂਲੀਅਤ*

**ਨਿਊਯਾਰਕ/ਬਿਊਰੋ ਨਿਊਜ਼ :** 52,812 ਦੌੜਾਕਾਂ ਨੇ ਟਾਟਾ ਕੰਸਲਟੈਂਸੀ ਸਰਵਿਸਿਜ਼ (TCS) ਨਿਊਯਾਰਕ ਸਿਟੀ ਮੈਰਾਥਨ ਦੌੜ ਕਰ ਕੇ ਦੁਨੀਆ ਭਰ ਦੇ ਕਿਸੇ ਵੀ ਮੈਰਾਥਨ ਨੂੰ ਪੂਰਾ ਕਰਨ ਵਾਲਿਆਂ ਦੀ ਗਿਣਤੀ ਦਾ ਰਿਕਾਰਡ ਤੋੜਿਆ ਹੈ। ਵੱਧ ਤੋਂ ਵੱਧ ਮੈਰਾਥਨ ਪੂਰਾ ਕਰਨ ਵਾਲਿਆਂ ਦਾ ਪਿਛਲਾ ਰਿਕਾਰਡ ਵੀ ਟੀਸੀਐਸ ਨਿਊਯਾਰਕ ਸਿਟੀ ਮੈਰਾਥਨ 2016 ਸੀ, ਜਿਸ ਵਿਚ 51,394 ਦੌੜਾਕਾਂ ਨੇ ਮੈਰਾਥਨ ਪੂਰੀ ਕੀਤੀ ਸੀ।

10 ਲੱਖ ਤੋਂ ਵੱਧ ਦਰਸ਼ਕਾਂ ਨੇ ਸ਼ਹਿਰ ਦੀਆਂ ਸੜਕਾਂ 'ਤੇ ਇਸ ਦੌੜ ਨੂੰ ਦੇਖਿਆ ਅਤੇ ਅੰਤਰਰਾਸ਼ਟਰੀ ਪੱਧਰ 'ਤੇ 30 ਕਰੋੜ ਲੋਕਾਂ ਨੇ ਟੀਵੀ. ਉਤੇ ਅਤੇ ਇੰਟਰਨੈਟ ਰਾਹੀਂ ਦੇਖਿਆ। ਚਾਰੋਂ ਚੈਂਪੀਅਨ, ਇਥੋਪੀਆ ਦਾ ਲੇਲੀਸਾ ਦੇਸੀਸਾ, ਕੀਨੀਆ ਦੀ ਮੈਰੀ ਕਿਤਾਨੀ, ਸੰਯੁਕਤ ਰਾਜ ਦਾ ਦਾਨਿਆਲ ਰੋਮਾਚਕ, ਅਤੇ ਸਵਿਟਜ਼ਰਲੈਂਡ ਦੀ



ਮਨੁਏਲਾ ਸ਼ਾਰ ਨੇ NYPD ਦੇ ਪੁਲਿਸ ਅਫ਼ਸਰਾਂ ਨੂੰ ਸਮਾਪਨ ਰੇਖਾ ਫ਼ੀਤਾ ਭੇਟ ਕੀਤਾ ਅਤੇ ਦੁਨੀਆ ਦਾ ਸਭ ਤੋਂ ਵੱਡਾ ਮੈਰਾਥਨ ਆਯੋਜਿਤ ਕਰਨ ਲਈ ਧੰਨਵਾਦ ਕੀਤਾ।

ਲੇਲੀਸਾ ਦੇਸੀਸਾ ਨੇ ਆਪਣਾ ਪਹਿਲਾ ਟੀਸੀਐਸ ਮੈਰਾਥਨ ਜਿੱਤਿਆ ਅਤੇ ਮੈਰੀ ਕਿਤਾਨੀ ਨੇ ਚੌਥਾ ਮੈਰਾਥਨ ਜਿੱਤਿਆ ਤੇ ਮਰਦ ਅਤੇ ਔਰਤਾਂ ਦੀ ਖੁੱਲ੍ਹੀ

ਸ਼੍ਰੇਣੀ ਵਿੱਚ ਦੂਜੇ ਸਥਾਨ 'ਤੇ ਸਭ ਤੋਂ ਤੇਜ਼ ਸਮੇਂ ਦਾ ਰਿਕਾਰਡ ਵੀ ਕਾਇਮ ਕੀਤਾ। 20 ਸਾਲਾ ਦਾਨਿਆਲ ਰੋਮਾਂਚਕ ਪਹਿਲਾ ਅਮਰੀਕਨ ਅਤੇ ਸਭ ਤੋਂ ਛੋਟੀ ਉਮਰ ਦਾ ਵ੍ਹੀਲ-ਚੇਅਰ ਦਾ ਦੌੜਾਕ ਸੀ ਅਤੇ ਔਰਤਾਂ ਦੀ ਸ਼੍ਰੇਣੀ ਵਿਚ ਸਵਿਟਜ਼ਰਲੈਂਡ ਦੀ ਮਨੁਏਲਾ ਸ਼ਾਰ ਨੇ ਆਪਣਾ ਦੂਜਾ ਲਗਾਤਾਰ ਜੇਤੂ ਦਾ ਖ਼ਿਤਾਬ ਹਾਸਲ ਕੀਤਾ।

ਨਿਊਯਾਰਕ ਸ਼ਹਿਰ ਦੀ ਜਾਣੀ ਪਹਿਚਾਣੀ ਸ਼ਖ਼ਸੀਅਤ ਡਾ. ਅਵਤਾਰ ਸਿੰਘ ਟੀਨਾ ਦਾ ਇਹ 26ਵਾਂ ਮੈਰਾਥਨ ਹੈ ਜਿਸ ਵਿਚ ਉਨ੍ਹਾਂ ਨੇ ਸਿੱਖਾਂ ਦਾ ਪਵਿੱਤਰ

ਝੰਡਾ "ਨਿਸ਼ਾਨ ਸਾਹਿਬ" ਨੂੰ ਪੂਰੀ ਦੌੜ ਦੌਰਾਨ ਚੁੱਕ ਕੇ ਪੂਰਾ ਕੀਤਾ। ਉਨ੍ਹਾਂ ਦੇ ਨਾਲ਼ ਉਨ੍ਹਾਂ ਦੇ ਸਾਥੀ ਸ. ਸਤਿਨਾਮ ਸਿੰਘ ਪਰਿਹਾਰ, ਡਾ. ਅਸ਼ੋਕ ਡੋਗਰਾ ਅਤੇ ਪਿਆਰਾ ਲਾਲ ਨੇ ਵੀ ਮੈਰਾਥਨ ਪੂਰਾ ਕੀਤਾ। ਪਿਛਲੇ 27 ਸਾਲਾ ਤੋਂ ਅਵਤਾਰ ਸਿੰਘ ਟੀਨਾ ਆਪਣੇ ਕਲੱਬ 'Sikhs In America' ਦੀ ਟੀਮ ਨਾਲ਼ 'Proud To Be A Sikh' ਕਮੀਜ਼ ਅਤੇ ਕੇਸਰੀ ਦਸਤਾਰ ਸਜਾ ਕੇ ਨਿਊਯਾਰਕ ਸ਼ਹਿਰ ਦੇ ਪੰਜੋ ਬੋਰੋ ਦੀ ਲੱਖਾਂ ਦੀ ਭੀੜ ਨੂੰ ਆਕਰਿਸ਼ਤ ਕਰਦੇ ਆ ਰਹੇ ਹਨ।

ਡਾ. ਟੀਨਾ ਪੇਸ਼ੇ 'ਤੋਂ ਦੰਦਾਂ ਦੇ ਡਾਕਟਰ ਹਨ ਜੋ ਆਪਣਾ ਦਫ਼ਤਰ ਕੁਈਨਜ਼ ਵਿਚ ਚਲਾਉਂਦੇ ਹਨ। ਉਨ੍ਹਾਂ ਦਾ ਜਨਮ ਪੰਜਾਬ ਵਿਚ ਪਿੰਡ ਸਹਿ ਝੰਗੀ, ਜ਼ਿਲ੍ਹਾ ਜਲੰਧਰ ਵਿਚ ਹੋਇਆ। ਡੀਏਵੀ ਕਾਲਜ ਤੋਂ ਪੜ੍ਹਾਈ ਕਰਕੇ ਪੰਜਾਬ ਗਵਰਨਮੈਂਟ ਡੈਂਟਲ ਕਾਲਜ ਅੰਮ੍ਰਿਤਸਰ ਤੋਂ ਉਨ੍ਹਾਂ ਨੇ ਡਾਕਟਰੀ ਦੀ ਡਿਗਰੀ ਹਾਸਲ ਕੀਤੀ। ਸੰਨ 1980 ਵਿਚ ਉਹ ਨਿਊਯਾਰਕ ਆਏ। ਇੱਥੇ ਉਹ ਆਪਣੀ ਪਤਨੀ ਅਤੇ ਚਾਰ ਬੱਚਿਆਂ ਨਾਲ਼ ਰਹਿੰਦੇ ਹਨ।

107 ਸਾਲਾ ਪ੍ਰਸਿੱਧ ਦੌੜਾਕ ਸ. ਫ਼ੌਜਾ ਸਿੰਘ ਤੋਂ ਉਹ ਪ੍ਰਭਾਵਿਤ ਹਨ। ਡਾ: ਟੀਨਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਦੌੜਨ ਦਾ ਮਕਸਦ ਸਿੱਖ ਪਹਿਚਾਣ ਨੂੰ ਉਜਾਗਰ ਕਰਨਾ ਹੈ ਅਤੇ ਸਭ ਨੂੰ ਆਪਣੀ ਸਿਹਤ-ਸੰਭਾਲ਼ ਲਈ ਜਾਗਰੂਕ ਕਰਨਾ ਹੈ। ਇਸ ਮਕਸਦ ਨੂੰ ਪੂਰਾ ਕਰਨ ਲਈ ਉਹ ਭਰਪੂਰ ਕੋਸ਼ਿਸ਼ ਕਰਦੇ ਹਨ ਅਤੇ ਇਸ ਵਿੱਚ ਉਹ ਬਾਕੀ ਸਭਨਾਂ ਦੀ ਮਦਦ ਦੀ ਆਸ ਰੱਖਦੇ ਹਨ।

## ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ 41 ਪਿੰਡਾਂ ਦੀ ਖੁੱਲ੍ਹੇਗੀ ਕਿਸਮਤ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ 41 ਪਿੰਡਾਂ ਨੂੰ ਮਾਡਰਨ ਗਰਾਮ ਬਣਾਉਣ ਦਾ ਫ਼ੈਸਲਾ ਲਿਆ ਗਿਆ ਹੈ। ਇਨ੍ਹਾਂ ਪਿੰਡਾਂ ਦੀ ਸੂਚੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਰਾਜ ਸਰਕਾਰ ਨੂੰ ਭੇਜੀ ਗਈ ਹੈ। ਰਾਜ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਗੁਰੂ ਮਹਾਰਾਜ ਦੀ ਚਰਨ ਛੋਹ ਵਾਲੇ 41 ਪਿੰਡਾਂ ਵਿਚ 23 ਨਵੰਬਰ ਨੂੰ ਅਖੰਡ ਪਾਠ ਸ਼ੁਰੂ ਕੀਤੇ ਜਾਣਗੇ ਅਤੇ ਉਨ੍ਹਾਂ ਤੋਂ ਬਾਅਦ ਇਨ੍ਹਾਂ ਪਿੰਡਾਂ ਦੇ ਨਵੀਨੀਕਰਨ ਦਾ ਕੰਮ ਸ਼ੁਰੂ ਹੋਵੇਗਾ। ਫ਼ੈਸਲੇ ਅਨੁਸਾਰ ਇਨ੍ਹਾਂ ਸਾਰੇ ਪਿੰਡਾਂ ਵਿਚ ਸੀਵਰੇਜ, ਸੰਪਰਕ ਸੜਕਾਂ, ਗਲੀਆਂ ਵਿਚ ਇੰਟਰ ਲਾਕਿੰਗ ਟਾਇਲਾਂ, ਐਲਈਡੀ ਲਾਈਟਾਂ, ਜਿੰਮ ਅਤੇ ਜਿਨ੍ਹਾਂ ਪਿੰਡਾਂ ਵਿਚ ਜਗ੍ਹਾ ਹੋਵੇਗੀ, ਉਨ੍ਹਾਂ ਵਿਚ ਸਟੇਡੀਅਮ ਆਦਿ ਵੀ ਬਣਾਏ ਜਾਣਗੇ। ਰਾਜ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਵਲੋਂ ਜਿਨ੍ਹਾਂ 41 ਪਿੰਡਾਂ ਦੇ ਨਾਂ ਦਿੱਤੇ ਗਏ ਹਨ ਉਨ੍ਹਾਂ ਵਿਚ ਨਾਨਕ ਸਰ ਸਠਿਆਲਾ, ਉਦੋਕੇ, ਵੈਰੋਕੇ, ਮਹਿਮਾ ਸਰਜਾ, ਲਭਵਲੀ, ਮੁਕਾਰਮਪੁਰ, ਹਰੀਪੁਰ, ਚਲਣ ਕਲਾਂ, ਪੱਖੋਕੇ, ਡੇਰਾ ਬਾਬਾ ਨਾਨਕ, ਵਡਾਲਾ ਗ੍ਰੰਥੀਆਂ, ਹਕੀਮਪੁਰ, ਜਗੇੜਾ, ਠੱਕਰਵਾਲ, ਦੁੱਧ, ਪੱਤੀ ਹਰੀ ਸਿੰਘ, ਤਖ਼ਤਪੁਰ, ਖਮਾਲਪੁਰ, ਅਕੋੜ ਸਾਹਿਬ, ਛਿਤਨਵਾਲਾ, ਗਹਿਲਾਂ, ਮਹਿੰਗਵਾਲ, ਬਹਾਦਰਪੁਰ, ਕਾਂਝਲਾ, ਸਰਾਏਨਾਗਾ, ਅਮੀ ਸਾਹਿਬ, ਫਤਿਹਬਾਦ, ਖ਼ਡੂਰ ਸਾਹਿਬ, ਖਾਲੜਾ, ਗੋਇੰਦਵਾਲ ਸਾਹਿਬ, ਲੋਹਾਰ, ਵੈਰੋਵਾਲ, ਰਾਮਦਾਸ, ਵੇਰਕਾ, ਤਲਵੰਡੀ ਸਾਬੋ, ਸੁਲਤਾਨਪੁਰ ਲੋਧੀ, ਬਠਿੰਡਾ, ਲੁਧਿਆਣਾ, ਗਊ ਘਾਟ, ਸੁਨਾਮ ਅਤੇ ਭੱਟੀ ਸ਼ਾਮਿਲ ਹਨ। ਗੌਰਤਲਬ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖ ਕੇ ਬਹੁਤ ਸਾਰੇ ਖੇਤਰਾਂ ਵਿਚ ਵਿਸ਼ੇਸ਼ ਵਿਕਾਸ ਪ੍ਰਾਜੈਕਟ ਵਿੱਢਣ ਦੀਆਂ ਕਾਰਵਾਈਆਂ ਚੱਲ ਰਹੀਆਂ ਹਨ। ਰਾਜ ਸਰਕਾਰ ਵਲੋਂ ਅਜਿਹੇ ਸਾਰੇ ਪ੍ਰਾਜੈਕਟਾਂ ਦੀ ਸ਼ੁਰੂਆਤ 23 ਨਵੰਬਰ ਤੋਂ ਕੀਤੀ ਜਾਵੇਗੀ ਜੋ ਅਗਲੇ ਇਕ ਸਾਲ ਵਿਚ ਪੂਰੇ ਕੀਤੇ ਜਾਣਗੇ।

### 19 ਸਾਲਾ ਸਿਦਕ ਸਿੰਘ ਨੇ ਕੁੰਬਲੇ ਦਾ ਰਿਕਾਰਡ ਦੁਹਰਾਇਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਿਦਕ ਸਿੰਘ ਨੇ ਪੁਡੂਚੈਰੀ ਤੋਂ ਖੇਡਦੇ ਹੋਏ ਅੰਡਰ-23 ਸੀ ਕੇ ਨਾਇਡੂ ਟਰਾਫ਼ੀ ਵਿਚ ਇਕ ਹੀ ਪਾਰੀ ਵਿਚ 10 ਵਿਕਟਾਂ ਝਟਕਾਈਆਂ। ਸਿਦਕ ਸਿੰਘ ਅਪਣੇ ਇਸ ਪ੍ਰਦਰਸ਼ਨ ਦੇ ਨਾਲ ਹੀ ਦਿੱਗਜ ਲੈੱਗ ਸਪਿਨਰ ਅਨਿਲ ਕੁੰਬਲੇ ਦੇ ਉਸ ਕਲੱਬ ਵਿਚ ਸ਼ਾਮਿਲ ਹੋ ਗਏ ਹਨ ਜਿਨ੍ਹਾਂ ਨੇ ਇਕ ਪਾਰੀ ਵਿਚ 10 ਵਿਕੇਟ ਝਟਕੇ ਹਨ। ਬਨਾਰਸ ਵਿਚ ਜੰਮੇ 19 ਸਾਲ ਦੇ ਸਿਦਕ ਸਿੰਘ ਨੇ 2015 ਵਿਚ ਮੁੰਬਈ ਵਲੋਂ ਸੱਤ ਟੀ-20 ਮੈਚ ਖੇਡੇ ਹਨ। ਤਦ ਉਹ ਮੁੰਬਈ ਲਈ ਡੈਬਿਊ ਕਰਨ ਵਾਲੇ ਦੂਜੇ ਸਭ ਤੋਂ ਘੱਟ ਉਮਰ ਦੇ ਖਿਡਾਰੀ ਬਣੇ ਸਨ। ਸਭ ਤੋਂ ਘੱਟ ਉਮਰ ਵਿਚ ਡੈਬਿਊ ਕਰਨ ਦਾ ਰਿਕਾਰਡ ਸਚਿਨ ਤੇਂਦੁਲਕਰ ਦੇ ਨਾਮ ਹੈ।

## ਹਾਕੀ ਇੰਡੀਆ ਦੀ 18 ਮੈਂਬਰੀ ਟੀਮ 'ਚ ਨੌਂ ਖਿਡਾਰੀ ਪੰਜਾਬ ਦੇ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਇਸ ਮਹੀਨੇ ਦੇ ਆਖਰ ਵਿਚ ਐਫਆਈਐਚ ਵਿਸ਼ਵ ਕੱਪ ਹਾਕੀ ਲਈ ਐਲਾਨੀ ਗਈ ਭਾਰਤ ਦੀ 18 ਮੈਂਬਰੀ ਹਾਕੀ ਟੀਮ ਵਿਚ ਕਪਤਾਨ ਮਨਪ੍ਰੀਤ ਸਿੰਘ ਸਣੇ ਨੌਂ ਮੈਂਬਰ ਪੰਜਾਬ ਤੋਂ ਹਨ। ਇਹ ਟੂਰਨਾਮੈਂਟ 28 ਨਵੰਬਰ ਤੋਂ ਉੜੀਸਾ ਰਾਜ ਦੇ ਭੁਵਨੇਸ਼ਵਰ ਵਿਚ ਸ਼ੁਰੂ ਹੋਣ ਜਾ ਰਿਹਾ ਹੈ। ਪੰਜਾਬ ਦੇ ਖਿਡਾਰੀਆਂ ਵਿਚ ਕਪਤਾਨ ਮਨਪ੍ਰੀਤ ਸਿੰਘ ਸਣੇ ਆਕਾਸ਼ਦੀਪ ਸਿੰਘ, ਮਨਦੀਪ ਸਿੰਘ, ਦਿਲਪ੍ਰੀਤ ਸਿੰਘ, ਸਿਮਰਨਜੀਤ ਸਿੰਘ, ਹਾਰਦਿਕ ਸਿੰਘ, ਵਰੁਨ ਕੁਮਾਰ, ਹਰਮਨਪ੍ਰੀਤ ਸਿੰਘ ਤੇ ਕ੍ਰਿਸ਼ਨ ਬਹਾਦੁਰ ਪਾਠਕ ਹਨ।



ਟੀਮ ਵਿਚ ਪੀਆਰ ਸ੍ਰੀਜੇਸ਼ ਅਤੇ ਕ੍ਰਿਸ਼ਨ ਬਹਾਦੁਰ ਪਾਠਕ ਗੋਲਕੀਪਰ ਹਨ। ਉਪ ਕਪਤਾਨ ਚਿੰਗਲੈਨਸਾਨਾ ਸਿੰਘ ਕਾਂਗੁਜ਼ਮ ਹੋਵੇਗਾ। ਉੜੀਸਾ ਦਾ ਤਜਰਬੇਕਾਰ ਡਿਫੈਂਡਰ ਬੀਰੇਂਦਰ ਲਾਕੜਾ, ਜੋ ਰਿਕਵਰੀ ਕਾਰਨ ਮਸਕਟ ਵਿਚ ਹੋਇਆ ਮੁਕਾਬਲਾ ਨਹੀਂ ਸੀ ਖੇਡ ਸਕਿਆ, ਉਹ ਵੀ ਵਾਪਸੀ ਕਰੇਗਾ। ਉਸ ਦੇ ਨਾਲ ਅਮਿਤ ਰੋਹੀਦਾਸ, ਸੁਰਿੰਦਰ ਕੁਮਾਰ, ਕੋਥਾਜੀਤ ਸਿੰਘ, ਸੰਨ 2016 ਦਾ ਜੂਨੀਅਰ ਵਿਸ਼ਵ ਕੱਪ ਜੇਤੂ ਹਰਮਨਪ੍ਰੀਤ ਸਿੰਘ ਅਤੇ ਵਰੁਨ ਕੁਮਾਰ ਭਾਰਤੀ ਡਿਫੈਂਸ ਦੀ ਜ਼ਿੰਮੇਵਾਰੀ ਸੰਭਾਲਣਗੇ ਜਿਨ੍ਹਾਂ ਵਿਚੋਂ ਤਿੰਨ ਡਰੈਗ ਫਲਿੱਕ ਮਾਹਿਰ ਹਨ।

ਮਿੱਡਫੀਲਡ ਵਿਚ ਮਨਪ੍ਰੀਤ ਸ਼ਾਮਲ ਹੈ ਜਿਸ ਨੇ ਏਸ਼ਿਆਈ ਚੈਂਪੀਅਨਜ਼ ਟਰਾਫੀ ਵਿਚ ਪਿਛਲੇ ਚੈਂਪੀਅਨ ਵਜੋਂ ਭਾਰਤੀ ਚੁਣੌਤੀ 'ਚ ਅਹਿਮ ਭੂਮਿਕ ਅਦਾ ਕੀਤੀ ਸੀ। ਨੌਜਵਾਨ ਖਿਡਾਰ ਸੁਮਿਤ, ਨੀਲਕਾਂਤ ਸ਼ਰਮਾ ਅਤੇ ਹਾਰਦਿਕ ਸਿੰਘ ਦੇ ਨਾਲ ਚਿੰਗਲੈਨਸਾਨਾ ਦੀ ਮੌਜੂਦਗੀ ਨਾਲ ਚੰਗਾ ਤਜਰਬਾ ਹੋਣ ਦੀ ਆਸ ਹੈ। ਫਾਰਵਰਡ ਵਿਚ ਤਜਰਬੇਕਾਰ ਆਕਾਸ਼ਦੀਪ ਸਿੰਘ, ਦਿਲਪ੍ਰੀਤ ਸਿੰਘ, ਲਲਿਤ ਉਪਾਧਿਆਏ ਅਤੇ ਜੂਨੀਅਰ ਵਿਸ਼ਵ ਵਿਸ਼ਵ ਕੱਪ ਜੇਤੂ ਮਨਦੀਪ ਸਿੰਘ, ਸਿਮਰਨਜੀਤ ਸਿੰਘ ਸ਼ਾਮਲ ਹਨ। ਇਸ ਟੀਮ ਵਿਚ ਤਜਰਬੇਕਾਰ ਰੁਪਿੰਦਰ ਪਾਲ ਸਿੰਘ ਅਤੇ ਐਸਵੀ. ਸੁਨੀਲ ਨੂੰ ਜਗ੍ਹਾ ਨਹੀਂ ਨਹੀਂ ਮਿਲ ਸਕੀ ਹੈ। ਸਟਰਾਈਕਰ ਸੁਨੀਲ ਦੇ ਖੇਡਣ 'ਤੇ ਉਦੋਂ ਤੋਂ ਹੀ ਸਵਾਲੀਆ ਨਿਸ਼ਾਨ ਲੱਗ ਗਿਆ ਸੀ ਜਦੋਂ ਕੌਮੀ ਕੈਂਪ ਦੌਰਾਨ ਉਸ ਦੇ ਗੋਡੇ 'ਤੇ ਸੱਟ ਲੱਗ ਗਈ ਸੀ। ਰੁਪਿੰਦਰਪਾਲ ਦੀ ਮੁੜ ਅਣਦੇਖੀ ਕੀਤੀ ਗਈ ਜਿਸ ਨੂੰ ਪਿਛਲੇ ਮਹੀਨੇ ਮਹਾਦੀਪ ਮੁਕਾਬਲੇ ਵਿਚ ਵੀ ਨਹੀਂ ਚੁਣਿਆ ਗਿਆ ਸੀ।

ਹਾਕੀ ਇੰਡੀਆ ਵੱਲੋਂ ਜਾਰੀ ਬਿਆਨ ਅਨੁਸਾਰ ਭਾਰਤੀ ਟੀਮ ਸ਼ੁਰੂਆਤੀ ਦਿਨ ਦੱਖਣੀ ਅਫਰੀਕਾ ਨਾਲ ਖੇਡੇਗੀ। ਭਾਰਤ ਨੂੰ ਪੂਲ 'ਸੀ' ਵਿਚ ਦੁਨੀਆ ਦੀ ਤੀਜੇ ਨੰਬਰ ਦੀ ਟੀਮ ਬੈਲਜੀਅਮ, ਕੈਨੇਡਾ ਤੇ ਦੱਖਣੀ ਅਫਰੀਕਾ ਦੇ ਨਾਲ ਰੱਖਿਆ ਗਿਆ ਹੈ। ਕੁਆਰਟਰ ਫਾਈਨਲ ਵਿਚ ਪਹੁੰਚਣ ਲਈ ਉਸ ਨੂੰ ਪੂਲ 'ਚ ਸਿਖ਼ਰ 'ਤੇ ਰਹਿਣਾ ਹੋਵੇਗਾ। ਮੁੱਖ ਕੋਚ ਹਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਵਿਸ਼ਵ ਕੱਪ ਲਈ ਬਿਹਤਰੀਨ ਕੋਆਰਡੀਨੇਸ਼ਨ ਚੁਣਿਆ ਹੈ।

# ਕੈਨੇਡਾ ਦੇ ਪਹਿਲੇ ਸਿੱਖ ਫੌਜੀ ਨੂੰ ਸਦੀ ਬੀਤਣ 'ਤੇ ਹਾਸਲ ਹੋਇਆ ਸਨਮਾਨ

## *ਬੁੱਕਣ ਸਿੰਘ ਕੈਨੇਡਾ ਵਲੋਂ ਪਹਿਲੀ ਵਿਸ਼ਵ ਜੰਗ ਲਈ ਲੜੇ ਸਿੱਖ ਫੌਜੀਆਂ 'ਚ ਸਨ ਸ਼ਾਮਲ*

**ਕਿਚਨਰ/ਬਿਊਰੋ ਨਿਊਜ਼ :**

ਇੱਥੇ ਬੁੱਕਨ ਸਿੰਘ ਨਾਮ ਦੇ ਸਿੱਖ ਫੌਜੀ ਨੂੰ ਪੂਰੀ ਸਦੀ ਬਾਅਦ ਸ਼ਾਨਦਾਰ ਸਨਮਾਨ ਮਿਲਿਆ ਹੈ। ਉਹ ਕੈਨੇਡਾ ਵੱਲੋਂ ਪਹਿਲੀ ਵਿਸ਼ਵ ਜੰਗ ਵਿੱਚ ਲੜੇ 9 ਸਿੱਖ ਫੌਜੀਆਂ ਵਿੱਚ ਸ਼ਾਮਲ ਸਨ। ਕੁਝ ਸਾਲ ਪਹਿਲਾਂ ਕੈਨੇਡਾ ਦੇ ਇਤਿਹਾਸਕਾਰ ਸੰਦੀਪ ਸਿੰਘ ਬਰਾੜ ਨੂੰ ਇੰਗਲੈਂਡ ਦੀ ਇੱਕ ਦੁਕਾਨ 'ਤੇ ਬੁੱਕਨ ਸਿੰਘ ਦਾ ਮੈਡਲ ਮਿਲਿਆ। ਸੰਦੀਪ ਨੂੰ ਪਤਾ ਲਗਿਆ ਕਿ ਬੁੱਕਣ ਸਿੰਘ ਇੱਕ ਕੈਨੇਡੀਅਨ ਫੌਜੀ ਹੈ ਜਿਸ ਨੇ ਪਹਿਲੀ ਵਿਸ਼ਵ ਜੰਗ ਵਿੱਚ ਹਿੱਸਾ ਲਿਆ ਸੀ। ਉਸ ਮੈਡਲ ਜ਼ਰੀਏ ਕਰੀਬ 100 ਸਾਲ ਪਹਿਲਾਂ ਕੈਨੇਡਾ ਆਏ ਸਿੱਖਾਂ ਵਿੱਚੋਂ ਇੱਕ ਸਿੱਖ ਬੁੱਕਣ ਸਿੰਘ ਬਾਰੇ ਪਤਾ ਲੱਗਿਆ। ਕੈਨੇਡਾ ਵਿੱਚ ਹਰ ਸਾਲ ਸਿੱਖ ਯਾਦਗਾਰੀ ਦਿਹਾੜਾ ਮਨਾਇਆ ਜਾਂਦਾ ਹੈ। ਇਸ ਵਾਰ ਇਹ ਯਾਦਗਾਰੀ ਦਿਹਾੜਾ ਕਿਚਨਰ ਸ਼ਹਿਰ ਦੇ ਮਾਊਂਟ ਹੋਪ ਕਬਰਸਤਾਨ ਵਿੱਚ ਕੈਨੇਡੀਅਨ ਸਿੱਖ ਫੌਜੀ ਬੁੱਕਣ ਸਿੰਘ ਦੀ ਕਬਰ 'ਤੇ ਮਨਾਇਆ ਗਿਆ। ਇਸ ਮੌਕੇ ਸਿੱਖ ਭਾਈਚਾਰੇ ਦੇ ਲੋਕ ਅਤੇ ਕੈਨੇਡੀਅਨ ਫੌਜੀ ਮੌਜੂਦ ਰਹੇ। ਇਸ ਮੌਕੇ ਅਰਦਾਸ ਕੀਤੀ ਗਈ ਅਤੇ ਹੋਰ ਸੱਭਿਆਚਾਰਕ ਸਮਾਗਮ ਹੋਏ।

**ਕੌਣ ਸਨ ਬੁੱਕਣ ਸਿੰਘ? :** ਬੁੱਕਣ ਸਿੰਘ 1907 ਵਿੱਚ ਪੰਜਾਬ ਦੇ ਹੁਸ਼ਿਆਰਪੁਰ ਦੇ ਮਹਿਲਪੁਰ ਤੋਂ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪਹੁੰਚੇ। ਕੁਝ ਸਾਲ ਬਾਅਦ ਬੁੱਕਨ ਸਿੰਘ ਟੋਰਂਟੋ



ਆ ਗਏ। 1915 ਵਿਚ ਉਹ ਕੈਨੇਡੀਅਨ ਐੱਕਸਪੇਡੀਸ਼ਨਰੀ ਫੋਰਸ ਵਿਚ ਸ਼ਾਮਿਲ ਹੋਏ। ਬੁੱਕਣ ਸਿੰਘ ਨੂੰ ਕੈਨੇਡਾ ਦੀ ਫੌਜ ਵਿੱਚ ਸ਼ਾਮਿਲ ਹੋਏ ਪਹਿਲੇ ਸਿੱਖ ਵਜੋਂ ਮੰਨਿਆ ਜਾਂਦਾ ਹੈ। ਕੈਨੇਡਾ ਵੱਲੋਂ ਪਹਿਲੀ ਵਿਸ਼ਵ ਜੰਗ ਵਿੱਚ ਬੁੱਕਣ ਸਿੰਘ ਸਮੇਤ 9 ਸਿੱਖਾਂ ਨੇ ਹਿੱਸਾ ਲਿਆ ਸੀ। ਬੁੱਕਣ ਸਿੰਘ ਪਹਿਲੀ ਵਿਸ਼ਵ ਜੰਗ ਵਿੱਚ ਦੋ ਵਾਰ ਫਰਾਂਸ ਤੇ ਬੈਲਜੀਅਮ ਵਿੱਚ ਜ਼ਖਮੀ ਹੋਏ ਸਨ। ਇੰਗਲੈਂਡ ਵਿੱਚ ਜ਼ਖਮਾਂ ਤੋਂ ਉਭਰਨ ਵੇਲੇ ਬੁੱਕਣ ਸਿੰਘ ਨੂੰ ਟੀਬੀ ਹੋ ਗਈ ਸੀ। ਉਨ੍ਹਾਂ ਨੇ ਆਪਣੇ ਆਖਰੀ ਦਿਨ ਓਨਟਾਰੀਓ ਦੇ ਮਿਲਟਰੀ ਹਸਪਤਾਲ ਵਿੱਚ ਬਿਤਾਏ ਸਨ। 1919 ਵਿੱਚ ਬੁੱਕਣ ਸਿੰਘ ਦਾ ਦੇਹਾਂਤ ਹੋ ਗਿਆ ਸੀ।

**ਕਿਚਨਰ 'ਚ ਹੈ ਬੁੱਕਣ ਸਿੰਘ ਦੀ ਕਬਰ :** ਇਤਿਹਾਸਕਾਰ ਸੰਦੀਪ ਸਿੰਘ ਬਰਾੜ ਆਪਣੀ ਰਿਸਰਚ ਦੌਰਾਨ ਬੁੱਕਣ ਸਿੰਘ ਦੀ ਕਬਰ ਤੱਕ ਪਹੁੰਚੇ।

ਉਨ੍ਹਾਂ ਦੱਸਿਆ, ਕਿ "ਇੰਗਲੈਂਡ ਵਿੱਚ ਬੁੱਕਣ ਸਿੰਘ ਦਾ ਮੈਡਲ ਮਿਲਣ ਤੋਂ ਬਾਅਦ ਮੈਂ ਉਨ੍ਹਾਂ ਬਾਰੇ ਲੱਭਣ ਦੀ ਕੋਸ਼ਿਸ਼ ਕੀਤੀ। ਮੈਨੂੰ ਮਾਊਂਟ ਹੋਪ ਕਬਰਿਸਤਾਨ ਦਾ ਨਕਸ਼ਾ ਮਿਲਿਆ। ਮੈਨੂੰ ਦੱਸਿਆ ਗਿਆ ਕਿ ਇੱਥੇ ਸਿੱਖ ਫੌਜੀਆਂ ਦੀਆਂ ਕਬਰਾਂ ਹਨ। ਮੈਂ ਤੇ ਮੇਰਾ ਬੇਟਾ ਅਰਜਨ ਸਿੰਘ ਕਬਰਸਤਾਨ ਵਿੱਚ ਗਏ। ਅਚਾਨਕ ਮੇਰੇ ਬੇਟੇ ਨੇ ਮੈਨੂੰ ਆਵਾਜ਼ ਮਾਰੀ ਤੇ ਕਿਹਾ ਕਿ ਬੁੱਕਨ ਸਿੰਘ ਦੀ ਕਬਰ ਮਿਲ ਗਈ। ਮੈਂ ਆਪਣੇ ਬੱਚੇ ਨੂੰ ਕਿਹਾ ਕਿ 100 ਸਾਲਾਂ ਵਿੱਚ ਤੂੰ ਪਹਿਲਾ ਸਿੱਖ ਹੈ ਜੋ ਇਸ ਫੌਜੀ ਦੀ ਕਬਰ 'ਤੇ ਪਹੁੰਚਿਆ ਹੈ। ਇਹ ਮੇਰੇ ਲਈ ਇੱਕ ਬੇਹੱਦ ਜਜ਼ਬਾਤੀ ਪਲ਼ ਸੀ।"

ਸਮਾਗਮ ਵਿੱਚ ਪਹੁੰਚੇ ਕੈਨੇਡਾ ਦੀ ਸੰਸਦ ਮੈਂਬਰ ਬਰਦੀਸ਼ ਚੱਘਰ ਨੇ ਕਿਹਾ ਕਿ ਬੁੱਕਨ ਸਿੰਘ ਕੇਵਲ ਉਨ੍ਹਾਂ ਦੀ ਨੁਮਾਇੰਦਗੀ ਨਹੀਂ ਕਰ ਰਹੇ ਜਿਨ੍ਹਾਂ ਨੇ ਪਹਿਲਾਂ ਫੌਜ ਵਿੱਚ ਸੇਵਾਵਾਂ ਦਿੱਤੀਆਂ ਸਗੋਂ ਉਹ ਮੌਜੂਦਾ ਸਿੱਖਾਂ ਦੀ ਵੀ ਨੁਮਾਇੰਦਗੀ ਕਰ ਰਹੇ ਹਨ।

ਚੱਘਰ ਨੇ ਕਿਹਾ, "ਸਮਾਗਮ ਤੋਂ ਪਹਿਲਾਂ ਮੈਨੂੰ ਕਾਲ ਆਇਆ ਤੇ ਪੁੱਛਿਆ ਕਿ ਕੀ ਤੁਹਾਨੂੰ ਪਤਾ ਹੈ ਕਿ ਇੱਥੇ ਇੱਕ ਸਿੱਖ ਫੌਜੀ ਦੀ ਕਬਰ ਹੈ? ਤਾਂ ਮੈਂ ਕਿਹਾ ਇਹ ਕਿਵੇਂ ਹੋ ਸਕਦਾ ਹੈ, ਕਿਉਂਕਿ ਸਾਡੇ ਵੱਲ ਤਾਂ ਸਸਕਾਰ ਕੀਤਾ ਜਾਂਦਾ ਹੈ। ਪਰ ਜਦੋਂ ਰਿਸਰਚ ਹੋਈ ਅਤੇ ਮੈਂ ਕਬਰ 'ਤੇ ਸਿੰਘ ਲਿਖਿਆ ਦੇਖਿਆ ਤਾਂ ਮੈਨੂੰ ਬੁੱਕਣ ਸਿੰਘ ਬਾਰੇ ਪਤਾ ਲਗਿਆ।"

### ਜਾਅਲੀ ਟ੍ਰੈਵਲ ਏਜੰਟਾਂ ਵਿਰੁੱਧ ਪੰਜਾਬ ਸਰਕਾਰ ਨੇ ਹੋਰ ਕਸਿਆ ਸ਼ਿਕੰਜਾ

**ਚੰਡੀਗੜ੍ਹ/ਬਿਊਰੋ ਨਿਊਜ਼ :**

ਜਾਅਲੀ ਟ੍ਰੈਵਲ ਏਜੰਟਾਂ ਅਤੇ ਵਿਦੇਸ਼ਾਂ ਵਿੱਚ ਰੋਜ਼ਗਾਰ ਮੁਹੱਈਆ ਕਰਵਾਉਣ ਵਾਲੀਆਂ ਏਜੰਸੀਆਂ ਵਿਰੁੱਧ ਸਰਕਾਰ ਦੀ ਤਿੱਖੀ ਮੁਹਿੰਮ ਦੇ ਹਿੱਸੇ ਵਜੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੜ੍ਹਾਈ ਜਾਂ ਰੋਜ਼ਗਾਰ ਲਈ ਵਿਦੇਸ਼ ਜਾਣ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਨੂੰ ਸੁਵਿਧਾ ਪ੍ਰਦਾਨ ਕਰਨ ਲਈ ਰੂਪ-ਰੇਖਾ ਤਿਆਰ ਕਰਨ ਵਾਸਤੇ ਅੰਤਰਰਾਸ਼ਟਰੀ ਪੱਧਰ ਦੇ ਸਲਾਹਕਾਰ ਜਾਂ ਏਜੰਸੀ ਦੀਆਂ ਸੇਵਾਵਾਂ ਲੈਣ ਲਈ ਰੋਜ਼ਗਾਰ ਉਤਪਤੀ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ।ਇਥੇ ਪੰਜਾਬ ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ ਮਿਸ਼ਨ (ਪੀ.ਜੀ.ਆਰ.ਕੇ.ਏ.ਐਮ) ਦੀ ਗਵਰਨਿੰਗ ਕੌਂਸਿਲ ਦੀ ਪਹਿਲੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਵਿਭਿੰਨ ਰੋਜ਼ਗਾਰ ਉਤਪਤੀ ਸਕੀਮਾਂ ਨੂੰ ਲਾਗੂ ਕਰਨ ਲਈ ਪ੍ਰਭਾਵੀ ਤਾਲਮੇਲ ਨੂੰ ਯਕੀਨੀ ਬਣਾਉਣ ਵਾਸਤੇ ਪ੍ਰਭਾਵਸ਼ਾਲੀ ਤੇ ਅਸਰਦਾਇਕ ਰੂਪ-ਰੇਖਾ ਤਿਆਰ ਕਰਨ ਦੀ ਜ਼ਰੂਰਤ ਤੇ ਵੀ ਜ਼ੋਰ ਦਿੱਤਾ ਹੈ।

## ਬਾਦਲਕਿਆਂ ਦੇ ਲਾਡਲੇ ਲੌਂਗੋਵਾਲ ਕੋਲ ਹੀ ਰਹੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ

ਕਰਕੇ ਮਾਮਲਾ ਸ਼ਾਂਤ ਰੱਖ ਲਿਆ ਗਿਆ। ਤੀਜਾ ਅਕਾਲੀ ਦਲ ਦੇ ਮੌਜੂਦਾ ਬਗਾਵਤੀ ਸੰਕਟ ਵਿਚ ਲੌਂਗੋਵਾਲ ਵੱਲੋਂ ਚੁਣੌਤੀ ਬਣ ਜਾਣ ਦਾ ਭੋਰਾ ਵੀ ਖਤਰਾ ਨਹੀਂ ਹੈ।

ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿੱਚ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਗੋਬਿੰਦ ਸਿੰਘ ਲੌਂਗੋਵਾਲ ਦਾ ਨਾਂ ਪੇਸ਼ ਕੀਤਾ। ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਸ ਦੀ ਤਾਇਦ ਕੀਤੀ। ਹਾਲਾਂਕਿ ਇਹ ਵੀ ਜਾਪਿਆ ਕਿ ਇਸ ਉਤੇ ਨਾ ਤਾਂ ਬੀਬੀ ਜਗੀਰ ਕੌਰ ਖੁਸ਼ ਸੀ ਤੇ ਨਾ ਜਥੇਦਾਰ ਮੱਕੜ। ਉਹ ਕਾਰਵਾਈ ਪੂਰੀ ਹੋਣ ਤੋਂ ਤੁਰੰਤ ਉਥੋਂ ਚਲੇ ਵੀ ਗਏ।

ਹੋਰ ਅਹੁਦੇਦਾਰ : ਰਘੂਜੀਤ ਸਿੰਘ ਵਿਰਕ ਨੂੰ ਸੀਨੀਅਰ ਮੀਤ ਪ੍ਰਧਾਨ, ਬਿੱਕਰ ਸਿੰਘ ਚੰਨੋ ਨੂੰ ਜੂਨੀਅਰ ਮੀਤ ਪ੍ਰਧਾਨ ਤੇ ਗੁਰਬਚਨ ਸਿੰਘ ਕਰਮੂਵਾਲ ਨੂੰ ਜਨਰਲ ਸਕੱਤਰ ਚੁਣਿਆ ਗਿਆ।

ਕਾਰਜਕਾਰੀ ਮੈਂਬਰਾਂ ਵਿੱਚ ਗੁਰਮੀਤ ਸਿੰਘ ਤ੍ਰਿਲੋਕੇਵਾਲ, ਭੁਪਿੰਦਰ ਸਿੰਘ. ਜਰਨੈਲ ਸਿੰਘ, ਜਗਜੀਤ ਸਿੰਘ ਤਲਵੰਡੀ, ਖੁਸ਼ਵਿੰਦਰ ਸਿੰਘ ਭਾਟੀਆ, ਅਮਰੀਕ ਸਿੰਘ, ਜਸਵੀਰ ਕੌਰ ਜੱਫਰਵਾਲ, ਤਾਰਾ ਸਿੰਘ ਸੱਲਾ, ਅਮਰੀਕ ਸਿੰਘ ਕੋਟਸ਼ਮੀਰ, ਭਾਈ ਮਨਜੀਤ ਸਿੰਘ ਤੇ ਸ਼ਿੰਗਾਰਾ ਸਿੰਘ ਲੋਹੀਆ ਸ਼ਾਮਲ ਹਨ।

**ਬਾਦਲਾਂ ਨੇ ਪਾਰਟੀ, ਐਸਜੀਪੀਸੀ ਤੇ ਦਮਦਮੀ ਟਕਸਾਲ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ :** ਸੁਖਬੀਰ ਬਾਦਲ ਨੇ ਸਿਆਸੀ ਦਾਅ ਖੇਡਦਿਆਂ ਅਕਾਲੀ ਦਲ, ਐਸਜੀਪੀਸੀ ਤੇ ਦਮਦਮੀ ਟਕਸਾਲ ਨੂੰ ਪਤਿਆ ਕੇ ਰੱਖਣ ਲਈ ਨਵੇਂ ਐਸਜੀਪੀਸੀ ਅਹੁਦੇਦਾਰਾਂ ਦੀ ਚੋਣ ਕੀਤੀ ਦਿਖ ਰਹੀ ਹੈ। ਦਮਦਮੀ ਟਕਸਾਲ ਦੇ 13ਵੇਂ ਮੁਖੀ ਗਿਆਨੀ ਕਰਤਾਰ ਸਿੰਘ ਖਾਲਸਾ ਦੇ ਪੁੱਤਰ ਭਾਈ ਮਨਜੀਤ ਸਿੰਘ ਨੂੰ ਬ੍ਰਹਮਪੁਰਾ, ਅਜਨਾਲਾ, ਸੇਖਵਾਂ ਧੜੇ ਨਾਲੋਂ ਤੋੜਨ ਲਈ ਕਾਰਜਕਾਰੀ ਮੈਂਬਰ ਬਣਾਇਆ ਗਿਆ ਹੈ। ਬ੍ਰਹਮਪੁਰਾ ਦੇ ਭਾਣਜੇ ਅਲਵਿੰਦਰਪਾਲ ਸਿੰਘ ਪੱਖੋਕੇ ਨੂੰ ਖਡੂਰ ਸਾਹਿਬ ਦਾ ਹਲਕਾ ਇੰਚਾਰਜ ਲਾ ਕੇ ਅਗਲੀ ਚੋਣ ਲੜਾਉਣ ਦਾ ਭਰੋਸਾ ਦਿੱਤਾ ਤੇ ਰਣਜੀਤ ਸਿੰਘ ਬ੍ਰਹਮਪੁਰਾ ਦੇ ਪ੍ਰਛਾਵੇਂ ਵਾਂਗ ਵਿਚਰਦੇ ਰਹੇ ਗੁਰਬਚਨ ਸਿੰਘ ਕਰਮੂਵਾਲਾ ਨੂੰ ਐਸਜੀਪੀਸੀ ਸੈਕਟਰੀ ਲਾ ਦਿੱਤਾ ਗਿਆ ਹੈ, ਤਾਂ ਜੋ ਉਹ ਬਾਦਲ ਪਰਿਵਾਰ ਨਾਲ ਨਜ਼ਦੀਕੀ ਬਣਾਈ ਰੱਖੇ।

ਦਰਅਸਲ ਸੁਖਬੀਰ ਬਾਦਲ ਨੇ ਪਾਰਟੀ ਅੰਦਰਲੇ ਸਭ ਧੜਿਆਂ ਨੂੰ ਨਾਲ ਲੈ ਕੇ ਚੱਲਣ ਦਾ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਕੁਝ ਨਵੇਂ ਚਿਹਰੇ ਵੀ ਸ਼ਾਮਲ ਕੀਤੇ ਗਏ ਹਨ। ਇਸ ਨਾਲ ਕੁਝ ਪੁਰਾਣੇ ਚਿਹਰਿਆਂ ’ਤੇ ਉਦਾਸੀ ਜ਼ਰੂਰ ਨਜ਼ਰ ਆਈ ਕਿਉਂਕਿ ਉਹ ਮੁੜ ਅਹੁਦਿਆਂ ’ਤੇ ਨਜ਼ਰ ਲਾਈ ਬੈਠੇ ਸੀ।

**ਬੀਬੀ ਕਿਰਨਜੋਤ ਕੌਰ ਨਾਲ ਬਦਸਲੂਕੀ, ਮਾਈਕ ਖੋਹਿਆ :** ਕਮੇਟੀ ਦੇ ਪ੍ਰਧਾਨ ਦੀ ਚੋਣ ਮੌਕੇ ਉਸ ਵੇਲੇ ਹੰਗਾਮਾ ਖੜ੍ਹਾ ਹੋ ਗਿਆ, ਜਦੋਂ ਕਮੇਟੀ ਮੈਂਬਰ ਬੀਬਾ ਕਿਰਨਜੋਤ ਕੌਰ ਹੁਰਾਂ ਤੋਂ ਮਾਈਕ੍ਰੋਫ਼ੋਨ ਖੋਹ ਲਿਆ ਗਿਆ। ਕਿਰਨਜੋਤ ਕੌਰ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ 20 ਤੋਂ ਵੀ ਵੱਧ ਮੈਂਬਰਾਂ ਨੇ ਉਸਦੀ ਖਿੱਚ-ਧੂਹ ਕੀਤੀ। ਦਰਅਸਲ, ਬੀਬਾ ਕਿਰਨਜੋਤ ਕੌਰ ਇਸ ਵੇਲੇ ਉੱਘੇ ਸਿੱਖ ਇਤਿਹਾਸਕਾਰ ਡਾ. ਕ੍ਰਿਪਾਲ ਸਿੰਘ ਦੇ ਹੱਕ ਵਿੱਚ ਡਟੇ ਹੋਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੋ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬੀਬਾ ਕਿਰਨਜੋਤ ਕੌਰ ਨੇ ਆਖਿਆ ਕਿ ਦਰਜਨਾਂ ਮੈਂਬਰਾਂ ਨੇ ਚੀਖ-ਚੀਖ ਕੇ ਮੈਨੂੰ ਚੁੱਪ ਕਰਵਾਉਣ ਦਾ ਯਤਨ ਕੀਤਾ। ਮੇਰਾ ਬੋਲਣਾ ਬੰਦ ਕਰਵਾਉਣ ਲਈ ਇੱਕ ਗ੍ਰੰਥੀ ਨੇ ਸ੍ਰੀ ਆਨੰਦ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ ਤੇ ਮੈਨੂੰ ਉਹ ਮੁੱਦਾ ਵੀ ਉਠਾਉਣ ਨਹੀਂ ਦਿੱਤਾ ਕਿ ਏਅਰ-ਕੈਨੇਡਾ ਦੀ ਕੌਮਾਂਤਰੀ ਉਡਾਣ ਵਿੱਚ ਕੋਈ ਸਿੰਘ ਤੇ ਸਿੰਘਣੀ ਬਹੁਤ ਆਰਾਮ ਨਾਲ ਤੇ ਬਿਨਾ ਕਿਸੇ ਪਾਬੰਦੀ ਦੇ ਕ੍ਰਿਪਾਨ ਆਪਣੇ ਨਾਲ ਲਿਜਾ ਸਕਦੇ ਹਨ ਪਰ ਭਾਰਤ ਵਿਚ ਹੀ ਜੇ ਕਿਤੇ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਜਾਣਾ ਹੋਵੇ, ਤਾਂ ਸਿੱਖ ਹਵਾਈ ਯਾਤਰੀ ਦੀ ਕ੍ਰਿਪਾਨ ਵੀ ਪਹਿਲਾਂ ਹੀ ਲੁਹਾ ਦਿੱਤੀ ਜਾਂਦੀ ਹੈ।

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਨੇ ਆਪਣੇ ਇੱਕ ਪ੍ਰੋਜੈਕਟ ਦੇ ਮੁਖੀ ਦੇ ਅਹੁਦੇ ਤੋਂ ਡਾ ਕ੍ਰਿਪਾਲ ਸਿੰਘ ਨੂੰ ਬਰਤਰਫ਼ ਕਰ ਦਿੱਤਾ ਸੀ ਕਿਉਂਕਿ ਅਕਾਲੀ ਦਲ ਦੋਸ਼ ਲਾਉਂਦਾ ਆ ਰਿਹਾ ਹੈ ਕਿ 12ਵੀਂ ਜਮਾਤ ਦੀ ਇਤਿਹਾਸ ਦੀ ਪੁਸਤਕ ਵਿੱਚ ਸਿੱਖ ਗੁਰੂ ਸਾਹਿਬਾਨ ਬਾਰੇ ਗ਼ਲਤ ਜਾਣਕਾਰੀਆਂ ਦਰਜ ਕੀਤੀਆਂ ਗਈਆਂ ਹਨ ਤੇ ਪਾਠ-ਪੁਸਤਕਾਂ ਤਿਆਰ ਕਰਨ ਵਾਲੀ ਪੰਜਾਬ ਸਰਕਾਰ ਦੀ ਕਮੇਟੀ ਦੇ ਮੁਖੀ ਵੀ ਕ੍ਰਿਪਾਲ ਸਿੰਘ ਹੀ ਸਨ। ਜਦੋਂ ਇਸ ਮੁੱਦੇ ਉੱਤੇ ਬੀਬਾ ਕਿਰਨਜੋਤ ਕੌਰ ਗੱਲ ਕਰਨ ਲੱਗੇ ਤਾਂ ਦਮਦਮੀ ਟਕਸਾਲ ਦੇ ਸਾਬਕਾ ਬੁਲਾਰੇ ਚਰਨਜੀਤ ਸਿੰਘ ਜੱਸੋਵਾਲ ਨੇ ਬੀਬਾ ਕਿਰਨਜੋਤ ਕੌਰ ਤੋਂ ਮਾਈਕ ਖੋਹ ਕੇ ਸਵਿੱਚ ਆਫ਼ ਕਰ ਦਿੱਤਾ ਸੀ।

ਬੈਂਸ ਨੇ ਕੀਤਾ ਹੰਗਾਮਾ : ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵਿੱਚ ਉਸ ਵੇਲੇ ਹੰਗਾਮਾ ਹੋ ਗਿਆ ਜਦੋਂ ਸ਼੍ਰੋਮਣੀ ਕਮੇਟੀ ਮੈਂਬਰ ਤੇ ਲੁਧਿਆਣਾ ਤੋਂ ਵਿਧਾਇਕ ਬਲਵਿੰਦਰ ਸਿੰਘ ਬੈਂਸ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਾਤਲ ਮੁਰਦਾਬਾਦ ਦੇ ਨਾਅਰੇ ਲਾਏ। ਕੁਝ ਮੈਂਬਰਾਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾਅਰੇ ਲਾਉਂਦੇ ਇਜਲਾਸ ਤੋਂ ਬਾਹਰ ਚਲੇ ਗਏ। ਮਹਿੰਦਰ ਸਿੰਘ ਹੁਸੈਨੀਵਾਲਾ ਵੀ ਹਾਊਸ ਦੀ ਕਾਰਵਾਈ ਵਿੱਚ ਹਿੱਸਾ ਲਏ ਬਗੈਰ ਵਾਪਸ ਪਰਤੇ ਤੇ ਨਾਅਰੇਬਾਜ਼ੀ ਕਰਦੇ ਇਜਲਾਸ ਨੂੰ ਵਿੱਚੇ ਛੱਡ ਦਿੱਤਾ। ਸੇਵਾ ਸਿੰਘ ਸੇਖਵਾਂ ਵੀ ਜਨਰਲ ਇਜਲਾਸ ਵਿੱਚੋਂ ਗ਼ੈਰ ਹਾਜ਼ਰ ਰਹੇ।

ਲਿਫਾਫਾ ਕਲਚਰ ਜਾਇਜ਼ ਕਰਾਰ : ਸਿੱਖ ਸੰਸਥਾਵਾਂ ਉੱਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਕਬਜ਼ੇ ਦੇ ਨਾਲ-ਨਾਲ ਇਹ ਗੱਲ ਵੀ ਮਸ਼ਹੂਰ ਹੈ ਕਿ ਸਾਰੇ ਅਹੁਦੇਦਾਰ ਬਾਦਲਾਂ ਦੀ ਜੇਬ ਵਾਲੇ ਲਿਫਾਫੇ ਵਿਚੋਂ ਹੀ ਨਿਕਲਦੇ ਹਨ। ਉਧਰ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਲਈ ‘ਲਿਫਾਫਾ ਕਲਚਰ’ ਨੂੰ ਜਮਹੂਰੀ ਤਰੀਕਾ ਕਰਾਰ ਦਿੱਤਾ ਹੈ। ਅਕਾਲੀ ਦਲ ਕਹਿਣਾ ਹੈ ਕਿ ਪਾਰਟੀ ਪ੍ਰਧਾਨ ਵੱਲੋਂ ਮੈਂਬਰਾਂ ਵੱਲੋਂ ਦਿੱਤੇ ਅਧਿਕਾਰ ਦੀ ਵਰਤੋਂ ਕਰਦਿਆਂ ਆਪਣੀ ਰਾਏ ਇਸ ਢੰਗ ਤਰੀਕੇ ਨਾਲ ਮੈਂਬਰਾਂ ਕੋਲ ਪੁੱਜਦੀ ਕੀਤੀ ਜਾਂਦੀ ਹੈ। ਇਸ ਲਈ ਇਹ ਕੋਈ ਗਲਤ ਤਰੀਕਾ ਨਹੀਂ ਹੈ। ਇਸ ਬਾਰੇ ਪਾਰਟੀ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਉਮੀਦਵਾਰਾਂ ਦੀ ਚੋਣ ਲਈ ਇਹ ਜਮਹੂਰੀ ਤਰੀਕਾ ਹੈ। ਇਸ ਵਿੱਚ ਇੱਕ-ਇੱਕ ਮੈਂਬਰ ਕੋਲੋਂ ਉਸ ਦੇ ਵਿਚਾਰ ਪੁੱਛੇ ਗਏ ਹਨ। ਉਨ੍ਹਾਂ ਕਿਹਾ ਕਿ ‘ਲਿਫਾਫਾ ਕਲਚਰ’ ਵੀ ਜਮਹੂਰੀ ਤਰੀਕਾ ਹੀ ਹੈ।

ਵਿਰੋਧੀ ਧਿਰ ਨੇ ਕੀਤਾ ਵਿਰੋਧ : ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਵਿਰੋਧੀ ਧਿਰ ਨੇ ਬਹੁ ਗਿਣਤੀ ਮੈਂਬਰਾਂ ਉੱਤੇ ‘ਪੰਥ-ਪ੍ਰਸਤ’ ਹੋਣ ਦੀ ਥਾਂ ‘ਬਾਦਲ-ਪ੍ਰਸਤ’ ਹੋਣ ਦਾ ਦੋਸ਼ ਲਾਉਂਦਿਆਂ ਇਜਲਾਸ ਵਿਚ ਸ਼ਾਮਲ ਨਾ ਹੋਣ ਦਾ ਫੈਸਲਾ ਕੀਤਾ। ਲਗਪਗ 15 ਮੈਂਬਰ ਸੁਖਦੇਵ ਸਿੰਘ ਭੌਰ ਦੀ ਅਗਵਾਈ ਹੇਠ ਇਥੇ ਪੁੱਜੇ ਸਨ ਪਰ ਉਨ੍ਹਾਂ ਨੇ ਮੀਟਿੰਗ ਮਗਰੋਂ ਇਜਲਾਸ ਵਿਚ ਸ਼ਾਮਲ ਨਾ ਹੋਣ ਦਾ ਫੈਸਲਾ ਕੀਤਾ। ਭੌਰ ਨੇ ਆਖਿਆ ਕਿ ਬਹੁਗਿਣਤੀ ਮੈਂਬਰ ਪੰਥ-ਪ੍ਰਸਤ ਹੋਣ ਦੀ ਥਾਂ ‘ਬਾਦਲ-ਪ੍ਰਸਤ’ ਹਨ। ਇਸ ਲਈ ਇਜਲਾਸ ਵਿਚ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ। ਅਜਿਹੀ ਸਥਿਤੀ ਵਿਚ ਚੋਣ ਇਜਲਾਸ ਵਿਚ ਜਾਣ ਦਾ ਕੋਈ ਲਾਭ ਨਹੀਂ। ਉਹ ਆਪਣੇ ਪੱਧਰ ’ਤੇ ਹੀ ਸੀਮਤ ਸਾਧਨਾਂ ਰਾਹੀਂ ਪੰਥ-ਪ੍ਰਸਤੀ ਦਾ ਹੋਕਾ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਪਿਛਲੀ ਵਾਰ ਸੰਨ 2017 ਵਿਚ ਜਨਰਲ ਇਜਲਾਸ ਵਿਚ ਵਿਰੋਧੀ ਧਿਰ ਨੇ ਆਪਣੀ ਹੋਂਦ ਦਿਖਾਉਂਦਿਆਂ ਉਮੀਦਵਾਰ ਮੈਦਾਨ ਵਿਚ ਖੜ੍ਹੇ ਕੀਤੇ ਸਨ ਪਰ ਇਸ ਦੇ ਬਾਵਜੂਦ ਬਹੁਗਿਣਤੀ ਮੈਂਬਰਾਂ ਦੀ ਸੋਚ ਵਿਚ ਕੋਈ ਬਦਲਾਅ ਨਹੀਂ ਆਇਆ।

ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਸਿਰਫ 15 ਮਿੰਟ ਦੀ ਕਾਰਵਾਈ ਵਿਚ ਹੀ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਅੰਤ੍ਰਿੰਗ ਕਮੇਟੀ ਦੇ 11 ਮੈਂਬਰਾਂ ਦੀ ਬਿਨਾਂ ਕਿਸੇ ਵਿਰੋਧ ਦੇ ਚੋਣ ਹੋ ਗਈ। ਸਮੁੱਚਾ ਇਜਲਾਸ ਸਿਰਫ ਇਕ ਘੰਟੇ ਵਿਚ ਸਮਾਪਤ ਹੋ ਗਿਆ।

ਲੌਂਗੋਵਾਲ ਨੇ ਕਈ ਵਾਅਦੇ ਤੇ ਮੰਗਾਂ ਦੁਹਰਾਈਆਂ : ਮੁੜ ਪ੍ਰਧਾਨ ਚੁਣੇ ਜਾਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲੌਂਗੋਵਾਲ ਨੇ ਆਖਿਆ ਕਿ ਇਸ ਵਰ੍ਹੇ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਵੱਡੇ ਪੱਧਰ ’ਤੇ ਅਤੇ ਇਕਜੁੱਟਤਾ ਨਾਲ ਮਨਾਉਣ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਉਹ ਪੰਜਾਬ ਸਰਕਾਰ ਅਤੇ ਹੋਰ ਸਿੱਖ ਜਥੇਬੰਦੀਆਂ ਨੂੰ ਅਪੀਲ ਕਰਨਗੇ ਕਿ ਗੁਰਪੁਰਬ ਇਕ ਮੰਚ ਤੋਂ ਹੀ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਮਨਾਇਆ ਜਾਵੇ। ਇਸ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਸੰਗਤ ਵਾਸਤੇ ਖੋਲ੍ਹਣ ਲਈ ਪਾਕਿਸਤਾਨ ਅਤੇ ਭਾਰਤ ਸਰਕਾਰ ਨੂੰ ਅਪੀਲ ਕਰਦਿਆਂ ਆਖਿਆ ਕਿ ਇਹ ਮਾਮਲਾ ਕੇਂਦਰੀ ਕਮੇਟੀ ਦੀ ਮੀਟਿੰਗ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲ ਵੀ ਰੱਖਿਆ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਜਲਦੀ ਹੀ ਇਕ ਵਫਦ ਪਾਕਿਸਤਾਨ ਭੇਜੇਗੀ, ਜਿਥੇ ਪਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਕਾਰ ਨਾਲ ਗੱਲਬਾਤ ਕਰਕੇ ਪਾਕਿਸਤਾਨ ਵਿਚ ਮਨਾਏ ਜਾਣ ਵਾਲੇ ਪ੍ਰੋਗਰਾਮ ਸਾਂਝੇ ਤੌਰ ’ਤੇ ਮਨਾਉਣ ਬਾਰੇ ਗੱਲਬਾਤ ਕੀਤੀ ਜਾਵੇਗੀ। ਬਰਗਾੜੀ ਮੋਰਚੇ ਬਾਰੇ ਉਨ੍ਹਾਂ ਆਖਿਆ ਕਿ ਸਮੁੱਚੇ ਸਦਨ ਵੱਲੋਂ ਬਰਗਾੜੀ ਘਟਨਾ ਅਤੇ ਬੇਅਦਬੀ ਘਟਨਾਵਾਂ ਦੀ ਨਿੰਦਾ ਕੀਤੀ ਗਈ ਹੈ। ਦੋਸ਼ੀਆਂ ਨੂੰ ਸਖਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਦੇ ਖੇਤਰ ਵਿਚ ਵੀ ਵਿਸ਼ੇਸ਼ ਉਪਰਾਲੇ ਕਰੇਗੀ ਤਾਂ ਜੋ ਨਵੀਂ ਪੀੜ੍ਹੀ ਅਤੇ ਪਤਿਤ ਹੋ ਰਹੇ ਸਿੱਖ ਨੌਜਵਾਨਾਂ ਨੂੰ ਮੁੱਖ ਧਾਰਾ ਨਾਲ ਜੋੜਿਆ ਜਾ ਸਕੇ। ਸਿੱਖ ਸੰਸਥਾ ਨਸ਼ਿਆਂ ਦੇ ਰੁਝਾਨ ਨੂੰ ਖਤਮ ਕਰਨ ਲਈ ਵੀ ਗੰਭੀਰਤਾ ਨਾਲ ਉਸਾਰੂ ਯਤਨ ਕਰੇਗੀ। ਉਪਰੰਤ ਉਨ੍ਹਾਂ ਨਵੇਂ ਚੁਣੇ ਗਏ ਨਵੇਂ ਅਹੁਦੇਦਾਰਾਂ ਅਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ।

## ਬਾਗ਼ੀ ਅਕਾਲੀ ਖੋਲ੍ਹਣਗੇ ਜੀਜੇ-ਸਾਲੇ ਦੀਆਂ ਪੋਲਾਂ

ਬੋਨੀ ਅਜਨਾਲਾ ਨੇ ਇਲਜ਼ਾਮ ਲਾਇਆ ਕਿ ਬਿਕਰਮ ਮਜੀਠੀਆ ਦੇ ਘਰ ਹੀ ਨਸ਼ਾ ਤਸਕਰ ਸੱਤਾ ਤੇ ਪਿੰਦੀ ਉਨ੍ਹਾਂ ਨੂੰ ਮਿਲੇ ਸੀ। ਬੋਨੀ ਨੇ ਦੋਸ਼ ਲਾਇਆ ਕਿ ਬਿਕਰਮ ਮਜੀਠੀਆ ਦੀ ਗਰੀਨ ਐਵੇਨਿਊ ਵਾਲੀ ਰਿਹਾਇਸ਼ ’ਤੇ ਚਿੱਟੇ ਦਾ ਕਿੰਗਪਿਨ ਸਤਬੀਰ ਸਿੰਘ ਸੱਤਾ ਅਕਸਰ ਉਨ੍ਹਾਂ ਨੂੰ ਮਿਲਦਾ ਸੀ, ਪਿੰਦੀ ਵੀ ਉੱਥੇ ਹੀ ਮਿਲਦਾ ਸੀ। ਉਨ੍ਹਾਂ ਖੁਲਾਸਾ ਕੀਤਾ ਕਿ ਬਿੱਟੂ ਔਲਖ ਉੱਪਰ ਬਿਕਰਮ ਮਜੀਠੀਆ ਨੇ ਪਟਿਆਲਾ ਵਿੱਚ ਝੂਠਾ ਕੇਸ ਦਰਜ ਕਰਵਾਇਆ ਕਿਉਂਕਿ ਉਸ ਨੇ ਸੱਤਾ ਤੇ ਪਿੰਦੀ ਦੀ ਮੇਰੇ ਸਾਹਮਣੇ ਪੋਲ ਖੋਲ੍ਹੀ ਸੀ। ਬੋਨੀ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਇਸ ਸਬੰਧੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਚਿੱਠੀ ਲਿਖੀ ਸੀ। ਇਹੋ ਚਿੱਠੀ ਉਨ੍ਹਾਂ ਸੀਬੀਆਈ ਅਦਾਲਤ ਨੂੰ ਵੀ ਸੌਂਪੀ ਸੀ। ਬੋਨੀ ਨੇ ਪ੍ਰਕਾਸ਼ ਸਿੰਘ ਬਾਦਲ ਉੱਪਰ ਵੀ ਦੋਸ਼ ਲਾਉਂਦਿਆਂ ਕਿਹਾ ਕਿ ਬਾਦਲ ਨੇ ਚਿੱਠੀ ਕੋਲ ਰੱਖ ਲਈ ਤੇ ਜਵਾਬ ਨਹੀਂ ਦਿੱਤਾ, ਕਿਉਂਕਿ ਬਿਕਰਮ ਮਜੀਠੀਆ ਤੇ ਉਸ ਦੇ ਡਰੱਗ ਕਿੰਗਪਿਨ ਕਮਾਊ ਪੁੱਤ ਸਨ।

ਬੋਨੀ ਨੇ ਕਿਹਾ ਕਿ ਅਕਾਲੀ ਦਲ ਮਜੀਠੀਆ ਦੇ ਪਿਓ ਦੀ ਜਗੀਰ ਨਹੀਂ। ਉਨ੍ਹਾਂ ਦੋਸ਼ ਲਾਇਆ ਕਿ ਮਜੀਠੀਆ ਨੇ ਪੰਜਾਬ ਦੀ ਜਵਾਨੀ ਦੀ ਨਸ਼ੇ ਵੇਚ ਕੇ ਖਰਾਬ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮਜੀਠੀਏ ਨੇ ਚਿੱਟੇ ਦੇ ਡਰ ਤੋਂ ਲੋਕਾਂ ਨੇ ਆਪਣੇ ਬੱਚੇ ਵਿਦੇਸ਼ਾਂ ਵਿਚ ਪੜ੍ਹਨ ਭੇਜ ਦਿੱਤੇ। ਬੋਨੀ ਨੇ ਮਜੀਠੀਆ ਦੇ ਪਰਿਵਾਰ ’ਤੇ ਜੱਲ੍ਹਿਆਂਵਾਲਾ ਬਾਗ਼ ਵਿੱਚ ਹਜ਼ਾਰਾਂ ਲੋਕਾਂ ਦੀ ਜਾਨ ਲੈਣ ਵਾਲੇ ਜਨਰਲ ਡਾਇਰ ਦੇ ਸਾਥੀ ਹੋਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਤੇ ਬਿਕਰਮ ਮਜੀਠੀਆ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦਾ ਘਾਣ ਕੀਤਾ। ਬੋਨੀ ਅਜਨਾਲਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਪਿਤਾ ਅਜਨਾਲਾ, ਬ੍ਰਹਮਪੁਰਾ ਤੇ ਸੇਖਵਾਂ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਕਿਹਾ ਸੀ ਕਿ ਬਿਕਰਮ ਤੇ ਸੁਖਬੀਰ ਨੂੰ ਲਾਂਭੇ ਕੀਤਾ ਜਾਵੇ, ਪਰ ਉਹ ਪੁੱਤਰ ਮੋਹ ਵਿਚ ਫਸੇ ਅਜਿਹਾ ਨਹੀਂ ਕੀਤਾ।

ਦੋਆਬੇ ‘ਚ ਵੀ ਵਧੀ ਹਲਚਲ : ਹੁਣ ਬਾਦਲ ਦਲ ਦੇ ਦੋਆਬਾ ਆਗੂਆਂ ਵਿੱਚ ਵੀ ਹਲਚਲ ਮਚ ਗਈ ਹੈ। ਨਰਾਜ਼ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਹੁਣ ਸਿਰਫ ਪਰਿਵਾਰਕ ਮੈਂਬਰਾਂ ਦਾ ਗਰੁੱਪ ਬਣ ਕੇ ਰਹਿ ਗਈ ਹੈ। ਖਾਸ ਗੱਲ ਇਹ ਹੈ ਕਿ ਇਸ ਸਭ ਕੁਝ ਅਚਾਨਕ ਨਹੀਂ ਹੋਇਆ ਹੈ। ਵਿਰੋਧ ਦੀ ਚੰਗਿਆੜੀ ਚਾਰ ਸਾਲ ਪਹਿਲਾਂ ਹੀ ਜਲੰਧਰ ਤੋਂ ਹੀ ਸੁਲਘੀ ਸੀ। ਦਰਅਸਲ ਸਾਲ 2014 ਵਿਚ ਭੋਲਾ ਡਰੱਗ ਰੈਕੇਟ ਮਾਮਲੇ ਵਿਚ ਵਿਧਾਇਕ ਸਰਵਣ ਸਿੰਘ ਫਿਲੌਰ, ਸੀਪੀਐੱਸ. ਅਵਿਨਾਸ਼ ਚੰਦਰ ਅਤੇ ਕੈਬਨਿਟ ਮੰਤਰੀ ਬਿਕਰਮ ਮਜੀਠੀਆ ਦਾ ਨਾਂ ਆਇਆ ਸੀ। ਇਸ ਦੌਰਾਨ ਅਕਾਲੀ ਦਲ ਨੇ ਆਪਣੀ ਸਾਖ ਬਚਾਉਣ ਲਈ ਸਰਵਣ ਸਿੰਘ ਅਤੇ ਅਵਿਨਾਸ਼ ਚੰਦਰ ਦਾ ਹੀ ਅਸਤੀਫਾ ਲਿਆ। ਪਾਰਟੀ ਵਿਚ ਅੰਦਰ ਖਾਤੇ ਉਦੋਂ ਤੋਂ ਹੀ ਇਹ ਮੁੱਦਾ ਉੱਠਣ ਲੱਗ ਗਿਆ ਸੀ ਕਿ ਸਰਵਣ ਸਿੰਘ ਅਤੇ ਅਵਿਨਾਸ਼ ਦੇ ਖਿਲਾਫ ਹੀ ਕਿਉਂ ਐਕਸ਼ਨ ਲਿਆ ਗਿਆ ? ਮਜੀਠੀਆ ਨੂੰ ਕਿਉਂ ਬਖਸ਼ ਦਿੱਤਾ ਗਿਆ ? ਹੁਣ ਤਿੰਨ ਟਕਸਾਲੀ ਨੇਤਾਵਾਂ ਨੂੰ ਪਾਰਟੀ ਵਿਚੋਂ ਕੱਢਣ ’ਤੇ ਦੋਆਬਾ ਦੇ ਅਕਾਲੀ ਲੀਡਰਾਂ ਵਿਚ ਨਾਰਾਜ਼ਗੀ ਪਾਈ ਜਾ ਰਹੀ ਹੈ।

ਟਕਸਾਲੀ ਪਰਿਵਾਰਾਂ ਨੂੰ ਮਿਲਣੀ ਚਾਹੀਦੈ ਜ਼ਿੰਮੇਵਾਰੀ-ਵਡਾਲਾ : ਅਕਾਲੀ ਦਲ ਦਿਹਾਤੀ ਦੇ ਪ੍ਰਧਾਨ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਟਕਸਾਲੀ ਪਰਿਵਾਰਾਂ ਨੂੰ ਜ਼ਿੰਮੇਵਾਰੀ ਮਿਲਣੀ ਚਾਹੀਦੀ ਹੈ। ਜੇਕਰ ਟਕਸਾਲੀ ਨੇਤਾਵਾਂ ਨੂੰ ਪਾਰਟੀ ਵੱਡੇ ਫੈਸਲਿਆਂ ਵਿਚ ਸ਼ਾਮਲ ਕਰਦੀ ਤਾਂ ਅੱਜ ਇਹ ਨੌਬਤ ਨਾ ਆਉਂਦੀ। ਉਨ੍ਹਾਂ ਨੇ ਕਿਹਾ ਕਿ ਸੁਖਬੀਰ ਬਾਦਲ ਦੇ ਨਾਲ ਟਕਸਾਲੀ ਵਰਕਰ ਅਤੇ ਸੀਨੀਅਰ ਲੀਡਰਸ਼ਿਪ ਦੀ ਇਕ ਸਲਾਹਕਾਰ ਕਮੇਟੀ ਬਣਨੀ ਚਾਹੀਦੀ ਹੈ ਅਤੇ ਇਸ ਦੇ ਲਈ ਪ੍ਰਕਾਸ਼ ਸਿੰਘ ਬਾਦਲਨੂੰ ਪਹਿਲਕਮਦੀ ਕਰਨੀ ਚਾਹੀਦੀ ਹੈ।

ਪਾਰਟੀ ’ਚ ਹੋਏ ਧੱਕੇ ਤੇ ਬੇਅਦਬੀਆਂ ਕਰਾਂਗੇ ਉਜਾਗਰ : ਹਲਕਾ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਬੇਟੇ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਪਾਰਟੀ ਪ੍ਰਧਾਨ ਵੱਲੋਂ ਚੁੱਕੇ ਗਏ ਕਦਮ ਨੂੰ ਮੰਦਭਾਗਾ ਅਤੇ ਆਪਣੇ ਪਿਤਾ ਦੀ ਪਾਰਟੀ ਪ੍ਰਤੀ ਕੁਰਬਾਨੀ ਨਾਲ ਧੱਕਾ ਕਰਾਰ ਦਿੰਦਿਆਂ ਕਿਹਾ ਕਿ ਜਿਸ ਟਕਸਾਲੀ ਆਗੂ ਨੇ ਆਪਣੇ ਜੀਵਨ ਦੇ ਕੀਮਤੀ 60 ਸਾਲ ਪਾਰਟੀ ਦੀ ਸੇਵਾ ਲਈ ਗੁਜ਼ਾਰ ਦਿੱਤੇ, ਉਸ ਨਾਲ ਇਸ ਤਰ੍ਹਾਂ ਦਾ ਵਤੀਰਾ ਉਸ ਦਾ ਨਿਰਾਦਰ ਹੈ। ਰਵਿੰਦਰ ਨੇ ਕਿਹਾ ਕਿ ਹੁਣ ਉਹ ਚੁੱਪ ਨਹੀਂ ਬੈਠਣਗੇ ਤੇ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੇ ਸਮੇਂ ਪਾਰਟੀ ਵਿਚ ਹੋਏ ਧੱਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਲੋਕਾਂ ਸਾਹਮਣੇ ਉਜਾਗਰ ਕਰਨਗੇ।

## ਦੱਖਣੀ ਕੈਲੀਫੋਰਨੀਆ ’ਚ ਅੱਗ ਨਾਲ ਭਾਰੀ ਤਬਾਹੀ

ਸੜ ਗਏ। ਭਿਆਨਕ ਅੱਗ ਨੇ ਲੋਕਾਂ ਦੀ ਸੁਰੱਖਿਅਤ ਥਾਵਾਂ ਵੱਲ ਭੱਜਣ ਦੀ ਕੋਸ਼ਿਸ਼ ਵੀ ਨਾਕਾਮ ਕਰ ਦਿੱਤੀ । ਹੁਣ ਤਕ ਕੁੱਲ 117000 ਏਕੜ ਦੇ ਜੰਗਲ ਤੇ 7177 ਬਿਲਡਿਗਾਂ ਸੜ ਕੇ ਸੁਆਹ ਹੋ ਚੁੱਕੀਆਂ ਹਨ। ਇਹ 117000 ਏਕੜ ਦਾ ਇਲਾਕਾ ਸੁੱਕਿਆ ਹੋਇਆ ਜੰਗਲੀ ਖੇਤਰ ਸੀ। ਕੈਲੇਫੋਰਨੀਆ ਦੇ ਫਾਰੈਸਟਰੀ ਅਤੇ ਫਾਇਰ ਪ੍ਰੋਟੈਕਸ਼ਨ (ਕੈਲਫਾਇਰ) ਵਿਭਾਗ ਅਨੁਸਾਰ, ਅੱਗ ਨੇ ਕਰੀਬ 94,000 ਏਕੜ ਨਸ਼ਟ ਕਰ ਦਿੱਤਾ ਹੈ ।

ਬੂਟੀ ਕਾਊਂਟੀ ਦੇ ਸ਼ੈਰਫ ਹੋਨੀਆ ਨੇ ਨੇੜੇ ਦੇ ਸ਼ਹਿਰ ਚੀਕੋ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਐਲਾਨ ਕੀਤਾ ਕਿ 13 ਹੋਰ ਲੋਕਾਂ ਦੀਆਂ ਲਾਸ਼ਾਂ ਕੈਂਪ ਫਾਇਰ ਦੌਰਾਨ ਬਰਾਮਦ ਕੀਤੀਆਂ ਗਈਆਂ ਹਨ। ਸੰਪਤੀ ਨੁਕਸਾਨ ਦੇ ਮਾਮਲੇ ਵਿਚ ਕੈਲੀਫੋਰਨੀਆ ਵਿਚ ਅੱਗ ਨੂੰ ਪਹਿਲਾਂ ਹੀ ਹੁਣ ਤਕ ਦੀ ਸਭ ਤੋਂ ਵੱਧ ਤਬਾਹਕੁਨ ਮੰਨਿਆ ਜਾ ਰਿਹਾ ਹੈ, ਜਿਸ ਨੇ 7,100 ਤੋਂ ਵੱਧ ਘਰਾਂ ਅਤੇ ਹੋਰ ਬਿਲਡਿਗਾਂ ਨੂੰ ਤਬਾਹ ਕਰ ਦਿੱਤਾ ਹੈ । ਇਹ ਤਬਾਹੀ ਬੂਟੀ ਕਾਉਂਟੀ ਦੇ ਸੀਅਰਾ ਫੁਟਹਿੱਲ, ਜੋ ਸੈਨ ਫ੍ਰਾਂਸਿਸਕੋ ਤੋਂ 175 ਮੀਲ (280 ਕਿਲੋਮੀਟਰ) ਉੱਤਰ ਵੱਲ ਹੈ, ਵਿਚ ਹੋਈ ਹੈ। ਹੁਣ ਤਕ ਸੈਂਕੜੇ ਵਾਹਨਾਂ, ਘਰਾਂ ਅਤੇ ਸਰਕਾਰੀ ਦਫ਼ਤਰਾਂ ਦੇ ਸੜਨ ਸਮੇਤ 44 ਲੋਕ ਮਾਰੇ ਗਏ ਹਨ।

ਕੈਲੀਫੋਰਨੀਆ ਦੇ ਫਾਇਰ ਬ੍ਰਿਗੇਡ ਅਧਿਕਾਰੀਆਂ ਨੇ ਦੱਸਿਆ ਕਿ ਪਹਿਲਾਂ 14 ਲਾਸ਼ਾਂ ਦੀ ਸ਼ਨਾਖਤ ਕੀਤੀ ਗਈ ਸੀ, ਚਾਰ ਵਿਅਕਤੀ ਬੋਕੁਲਿਕ ਟਾਊਨ ਆਫ਼ ਪੈਰਾਡਾਇਜ ‘ਚ ਆਪਣੀਆਂ ਕਾਰਾਂ ਕੋਲ ਮ੍ਰਿਤਕ ਪਾਏ ਗਏ ਸਨ। ਬੂਟੀ ਕਾਉਂਟੀ ਸ਼ੈਰਿਫ ਦੇ ਦਫ਼ਤਰ ਵਲੋਂ ਜਾਰੀ ਬਿਆਨ ‘ਚ ਦੱਸਿਆ ਗਿਆ ਕਿ ਤਿੰਨ ਹੋਰ ਲਾਸ਼ਾਂ ਘਰੋਂ ਬਾਹਰ ਅਤੇ ਇਕ ਹੋਰ ਦੂਸਰੇ ਘਰ ਦੇ ਅੰਦਰ ਲੱਭੀਆਂ ਜਿੱਥੇ ਜੰਗਲ ਦੀ ਅੱਗ ਪਹੁੰਚ ਗਈ ਸੀ। ਅਧਿਕਾਰੀਆਂ ਨੇ ਕਿਹਾ ਕਿ ਕੋਨਕਾਓ ਖੇਤਰ ‘ਚ ਚਾਰ ਹੋਰ ਲਾਸ਼ਾਂ ਲੱਭੀਆਂ ਜਿਨਾਂ ‘ਚ ਦੋ ਕਾਰਾਂ ‘ਚ ਅਤੇ ਦੋ ਘਰਾਂ ਦੇ ਅੰਦਰ ਅਤੇ ਪੈਰਾਡਾਈਜ ਖੇਤਰ ‘ਚ ਦਸ ਹੋਰ ਮ੍ਰਿਤਕ ਸਰੀਰ ਮਿਲੇ ਹਨ। ਲਾਪਤਾ ਦੱਸੇ ਗਏ ਘੱਟ ਤੋਂ ਘੱਟ 70 ਲੋਕ ਮਿਲ ਗਏ ਹਨ ਅਤੇ ਹੁਣ ਸੁਰੱਖਿਅਤ ਹਨ । ਅਧਿਕਾਰੀਆਂ ਨੂੰ ਅੱਗ ਲੱਗਣ ਕਾਰਨ ਹੋਰ ਮੌਤਾਂ ਦੀਆਂ ਰਿਪੋਰਟਾਂ ਮਿਲੀਆਂ ਹਨ, ਜਿਸ ਦੀ ਪੁਸ਼ਟੀ ਕਰਨ ਲਈ ਜਾਂਚ ਕਰਤਾ ਕੰਮ ਕਰ ਰਹੇ ਹਨ ।

ਸ਼ੈਰਿਫ ਦਫ਼ਤਰ ਅਨੁਸਾਰ ਲੋਕਾਂ ਨੂੰ ਸਹਾਇਤਾ ਦੀ ਜ਼ਰੂਰਤ ਦੇ ਲਈ ਘੱਟ ਤੋਂ ਘੱਟ 588 ਕਾਲਾਂ ਮਿਲੀਆਂ, ਜਿਨ੍ਹਾਂ ਦਾ ਜਵਾਬ ਬਚਾਓ ਕਰਮੀਆਂ ਨੇ ਦਿੱਤਾ । ਜਿਨ੍ਹਾਂ ਇਲਾਕਿਆਂ ‘ਚ ਮੌਤਾਂ ਦੀ ਰਿਪੋਰਟ ਕੀਤੀ ਗਈ ਹੈ, ਉੱਥੇ ਬਹੁਤ ਸਾਰੇ ਖ਼ਤਰੇ ਹਨ। ਅਧਿਕਾਰੀਆਂ ਨੇ ਕਿਹਾ ਕਿ ਕੋਕੋਹ ਖੇਤਰ ‘ਚ ਚਾਰ ਹੋਰ ਲਾਸ਼ਾਂ ਲੱਭੀਆਂ ਹਨ।

ਕੈਲੀਫੋਰਨੀਆ ਦੇ ਫੋਰਟਸਟਰੀ ਐਂਡ ਫਾਇਰ ਪ੍ਰੋਟੈਕਸ਼ਨ ਵਿਭਾਗ ਅਨੁਸਾਰ ਕੈਂਪ ਫਾਇਰ ਬੂਟੀ ਕਾਉਂਟੀ ‘ਚ ਲਗਪਗ 105,000 ਏਕੜ ਰਕਬੇ ਨੂੰ ਅੱਗ ਲੱਗੀ ਹੈ। ਉਸ ਦੌਰਾਨ ਫੀਲਡ ਦੇ 4,050 ਅੱਗ ਬੁਝਾਊ ਮਸ਼ੀਨਾਂ ਅੱਗ ‘ਤੇ ਕਾਬੂ ਪਾਉਣ ਵਿਚ ਲੱਗੀਆਂ ਰਹੀਆਂ। ਕੁੱਲ 52,000 ਲੋਕਾਂ ਨੂੰ ਆਪਣੇ ਘਰਾਂ ਤੋਂ ਕੱਢਿਆ ਗਿਆ ਹੈ। ਕੈਲੀਫੋਰਨੀਆ ਦੇ ਫਾਰੈਸਟਰੀ ਅਤੇ ਫਾਇਰ ਪ੍ਰੋਟੈਕਸ਼ਨ ਵਿਭਾਗ ਅਨੁਸਾਰ, ਪੁਲਗਾ, ਕੌਨਕਾਓ, ਮੈਗਾਲਿਯਾ, ਸਟਿਰਲਿੰਗ ਸਿਟੀ ਅਤੇ ਪੈਰਾਡਾਈਜ ਪੂਰਾ ਸ਼ਹਿਰ ਉਨ੍ਹਾਂ ਇਲਾਕਿਆਂ ਵਿਚ ਹੈ ਜਿਨ੍ਹਾਂ ਨੂੰ ਲਾਜ਼ਮੀ ਤੌਰ ‘ਤੇ ਬਾਹਰ ਕੱਢਣ ਦੇ ਅਗ਼ਲੇ ਆਦੇਸ਼ਾਂ ਅਧੀਨ ਰੱਖਿਆ ਗਿਆ ਹੈ।

ਸ਼ੈਰਫ ਹੋਨੀਆ ਨੇ ਕਿਹਾ ਕਿ ਤਬਾਹੀ ਵਿਚ ਅਜੇ ਵੀ 228 ਲੋਕ ਅਧਿਕਾਰਤ ਤੌਰ ‘ਤੇ ਲਾਪਤਾ ਹਨ। ਉਨ੍ਹਾਂ ਦੇ ਦਫਤਰ ਨੂੰ 1,500 ਤੋਂ ਵੱਧ ਲੋਕਾਂ ਦੇ ਰਿਸ਼ਤੇਦਾਰਾਂ ਵਲੋਂ ਉਨਾਂ ਦੇ ਰਿਸ਼ਤੇਦਾਰਾਂ ਨੂੰ ਲੱਭਣ ਲਈ ਬੇਨਤੀਆਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਮਾਮਲਿਆਂ ਵਿਚ 231 ਵਿਅਕਤੀ ਸੁਰੱਖਿਅਤ ਪਾਏ ਗਏ ਹਨ। ਅਥਾਰਟੀਆਂ ਨੇ ਸਪਸ਼ਟ ਕੀਤਾ ਕਿ ਮੌਤਾਂ ਦੀ ਗਿਣਤੀ ਹੋਰ ਵੀ ਵਧ ਸਕਦੀ ਹੈ। ਫਾਇਰ ਜ਼ੋਨ ਵਿਚ ਕੰਮ ਕਰਨ ਵਾਲੇ 13 ਕੋਰੋਨਰ-ਲਿਡ ਖੋਜੀ ਟੀਮਾਂ ਤੋਂ ਇਲਾਵਾ 150 ਖੋਜ ਅਤੇ ਰਿਕਵਰੀ ਕਰਮਚਾਰੀ ਹੋਰ ਪਹੁੰਚ ਗਏ ਹਨ। ਸ਼ੈਰਿਫ਼ ਨੇ ਇਹ ਵੀ ਕਿਹਾ ਕਿ ਉਹ ਯੂਐਸ ਫੌਜ ਦੀਆਂ ਟੀਮਾਂ ਨੂੰ ਖੋਜ ਵਿਚ ਸਹਾਇਤਾ ਕਰਨ ਲਈ ਲਾਸ਼ਾਂ ਲੱਭਣ ਵਾਲੇ ਕੁੱਤਿਆਂ ਦੇ ਯੂਨਿਟਾਂ ਨੂੰ ਭੇਜਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਲਾਸ਼ਾਂ ਦੀ ਪਹਿਚਾਣ ਲਈ ਫੌਰੈਂਸਿਕ ਮਾਹਿਰਾਂ ਦੇ ਤਿੰਨ ਗਰੁੱਪਾਂ ਨੂੰ ਵੀ ਮਦਦ ਲਈ ਬੁਲਾਇਆ ਗਿਆ ਹੈ। ਭਿਆਨਕ ਤਬਾਹੀ ਅਤੇ ਮਨੁੱਖੀ ਜ਼ਿੰਦਗੀ ਦਾ ਵੱਡਾ ਨੁਕਸਾਨ ਪੈਰਾਡਾ□ਜ ਦੇ ਕਸਬੇ ਅਤੇ ਉਸ ਦੇ ਆਲੇ ਦੁਆਲੇ ਜ਼ਿਆਦਾ ਹੋਇਆ ਹੈ, ਜਿੱਥੇ ਅੱਗ ਦੀਆਂ ਲਾਟਾਂ ਨੇ ਬਹੁਤ ਸਾਰੀਆਂ ਇਮਾਰਤਾਂ ਨੂੰ ਸੁਆਹ ਅਤੇ ਮਲਬੇ ਦੇ ਢੇਰਾਂ ਵਿਚ ਬਦਲ ਦਿੱਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਥੇ 435 ਦੇ ਕਰੀਬ ਬਿਲਡਿੰਗਾਂ ਨੂੰ ਅੱਗ ਨੇ ਤਬਾਹ ਕੀਤਾ ਅਤੇ ਲਾਸ ਏਂਜਲਸ ਦੇ ਪੱਛਮ ਵਿਚ ਸਥਿਤ ਦੱਖਣੀ ਕੈਲੀਫੋਰਨੀਆ ਦੇ ਮਲੀਬੂ ਤੱਟ ਦੇ ਨੇੜੇ ਪਹਾੜਾਂ ਅਤੇ ਤਲਹਟੀ ਵਿਚ 200,000 ਲੋਕਾਂ ਨੂੰ ਅੱਗ ਨੇ ਉਜਾੜ ਦਿੱਤਾ ਹੈ।

## ਮੋਦੀ ਮਾਰਕਾ ਰਾਜਨੀਤੀ ਦਾ ਝੂਠੀਆਂ ਖਬਰਾਂ ਨਾਲ ਗਹਿਰਾ ਸਬੰਧ

ਦਾ ਤੜਕਾ ਲੱਗਾ ਹੁੰਦਾ ਹੈ, ਇਸ ਕਰਕੇ ਮਹਿਜ਼ ‘ਰਾਸ਼ਟਰਵਾਦ’ ਦੇ ਆਸ਼ੇ ਨਾਲ ਲੋਕ ਇਨ੍ਹਾਂ ਨੂੰ ਅੱਗੇ ਸਾਂਝਾ ਕਰ ਦਿੰਦੇ ਹਨ। ਅਜਿਹਾ ਕਰਨ ਲੱਗਿਆਂ ਉਹ ਤੱਥਾਂ ਨੂੰ ਘੋਖਣ ਦਾ ਯਤਨ ਨਹੀਂ ਕਰਦੇ।

ਪੀਟੀਆਈ ਵੱਲੋਂ ਬੀਬੀਸੀ ਦੇ ਹਵਾਲੇ ਨਾਲ ਦਿੱਤੀ ਗਈ ਇਸ ਖਬਰ ਮੁਤਾਬਕ ਬੀਬੀਸੀ ਦੀ ਇਹ ਖੋਜ ਰਿਪੋਰਟ ਭਾਰਤ, ਕੀਨੀਆ ਤੇ ਨਾਇਜੀਰੀਆ ਵਿਚ ਕੀਤੇ ਵਿਆਪਕ ਸਰਵੇਖਣ ‘ਤੇ ਅਧਾਰਿਤ ਹੈ।

ਰਿਪੋਰਟ ਮੁਤਾਬਕ ਟਵਿੱਟਰ ‘ਤੇ ਫ਼ਰਜ਼ੀ ਖ਼ਬਰਾਂ ਦੇ ਸਰੋਤ ਇਕ ਦੂਜੇ ਨਾਲ ਰਲਗੱਡ ਹੋ ਚੁੱਕੇ ਹਨ ਤੇ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤਾਣੇ-ਬਾਣੇ ਦੀ ਹਮਾਇਤ ਕਰਦੇ ਹਨ। ਰਿਪੋਰਟ ਵਿਚ ਫ਼ਰਜ਼ੀ ਖ਼ਬਰਾਂ ਦੇ ਪਾਸਾਰ ਦਾ ਆਮ ਨਾਗਰਿਕ ਦੇ ਪਰਿਪੇਖ ਤੋਂ ਵਿਸ਼ਲੇਸ਼ਣ ਕਰਦਿਆਂ ਕਿਹਾ ਗਿਆ ਹੈ ਕਿ ਭਾਰਤ ਵਿਚ ਫਰਜ਼ੀ ਖ਼ਬਰਾਂ ਉਤੇ ਮੋਦੀ-ਪੱਖੀ ਸਿਆਸੀ ਸਰਗਰਮੀਆਂ ਇਕ ਦੂਜੇ ਨਾਲ ਰਲਗੱਡ ਹਨ। ‘ਬੀਬੀਸੀ’ ਨੇ ਕਿਹਾ ਉਸ ਦੀ ਇਸ ਪਹਿਲੀ ਪ੍ਰਕਾਸ਼ਿਤ ਘੋਖ ਵਿਚ ਫ਼ਰਜ਼ੀ ਖ਼ਬਰਾਂ ਦੇ ਪਸਾਰੇ ਦਾ ਧੁਰ ਅੰਦਰ ਤਕ ਜਾ ਕੇ ਅਧਿਐਨ ਕੀਤਾ ਗਿਆ ਹੈ ਕਿ ਕਿਵੇਂ ਝੂਠੀਆਂ ਖ਼ਬਰਾਂ ਤੇ ਅਣਅਧਿਕਾਰਤ ਸੂਚਨਾ ਨੂੰ ਐਨਕ੍ਰਿਪਟਿਡ ਚੈਟ ਐਪਜ਼ ਜ਼ਰੀਏ ਅੱਗੇ ਤੋਂ ਅੱਗੇ ਸ਼ੇਅਰ ਕੀਤਾ ਜਾਂਦਾ ਹੈ। ਬੀਬੀਸੀ ਵਰਲਡ ਸਰਵਿਸ ਦੇ ਡਾਇਰੈਕਟਰ ਜੈਮੀ ਐਂਗਸ ਨੇ ਕਿਹਾ, ਕਿ ਪੱਛਮ ਵਿਚ ਜਿੱਥੇ ਮੀਡੀਆ ਵਿਚ ਬਹੁਤੀ ਚਰਚਾ ਫ਼ਰਜ਼ੀ ਖ਼ਬਰਾਂ ਬਾਰੇ ਹੁੰਦੀ ਹੈ, ਇਹ ਘੋਖ ਇਸ ਗੱਲ ਦਾ ਠੋਸ ਪ੍ਰਮਾਣ ਹੈ ਕਿ ਬਾਕੀ ਰਹਿੰਦੀ ਦੁਨੀਆ ‘ਚ ਗੰਭੀਰ ਮੁਸ਼ਕਲਾਂ ਉਭਰ ਰਹੀਆਂ ਹਨ, ਜਿੱਥੇ ਰਾਸ਼ਟਰ ਨਿਰਮਾਣ ਦੇ ਨਾਂ ‘ਤੇ ਘੜੀਆਂ ਕਹਾਣੀਆਂ ਸੋਸ਼ਲ ਮੀਡੀਆਂ ਰਾਹੀਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਖੋਜ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਭਾਰਤ, ਕੀਨੀਆ ਤੇ ਨਾਇਜੀਰੀਆ ਦੇ ਲੋਕ ਕਿਸੇ ਵੀ ਸੁਨੇਹੇ ਨੂੰ ਇਹ ਸੋਚ ਦੇ ਅੱਗੇ ਸ਼ੇਅਰ ਕਰ ਦਿੰਦੇ ਹਨ ਕਿ ਕੋਈ ਹੋਰ ਇਸ ਸੁਨੇਹੇ ਦੀ ਪ੍ਰਮਾਣਿਕਤਾ ਨੂੰ ਚੈੱਕ ਕਰ ਲਏਗਾ।


Sir Speedy Tustin Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# Classified

## GROOM WANTED

Jatt Sikh Dhaliwal, 23 year old MBBS girl, Height 5' 7" doing Internship, GUANGXI MEDICAL UNIVERSITY, CHINA. Father class one officer serving DSP in Punjab Police, very reputed family. seeking American Citizen boy,
Please contact 559-312-4428 Or
+ 91 9878722332.

## ਗੁਰਦੁਆਰਾ ਸਾਹਿਬ ਪਿਲਪੀਟਸ 'ਚ ਹੋਈ ਸਿੱਖ ਨਸਲਕੁਸ਼ੀ ਤੇ ਪੈਨਸਿਲਵੇਨੀਆ ਸਾਇਨਾਗਾਗ ਕਤਲੇਆਮ ਨੂੰ ਸਮਰਪਿਤ ਵਿਚਾਰ-ਗੋਸ਼ਟੀ

ਜੋ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਐਗਜ਼ੈਕਟਿਵ ਡਾਇਰੈਕਟਰ ਹਨ।

ਸੈਮੀਨਾਰ ਵਿਚ ਨਸਲਘਾਤ ਤੇ ਪੈਨਸਿਲਵੇਨੀਆ ਦੇ ਕਤਲੇਆਮ ਬਾਰੇ ਆਪਣੇ ਵਿਚਾਰ ਦਿੰਦਿਆਂ ਨੌਜਵਾਨ ਬੱਚੀਆਂ ਬੀਬੀ ਅੰਮ੍ਰਿਤ ਕੌਰ ਗਿੱਲ, ਪਲਵਿੰਦਰ ਕੌਰ ਸੁੰਨੜ ਤੇ ਹਰਲੀਨ ਕੌਰ ਮੰਡ ਨੇ ਕਿਹਾ ਕਿ ਘੱਟ ਗਿਣਤੀਆਂ ਨਾਲ ਸਦਾ ਹੀ ਵਿਤਕਰਾ ਤੇ ਨਫਰਤ ਭਰੀ ਕਾਰਵਾਈ ਹੁੰਦੀ ਰਹਿੰਦੀ ਹੈ, ਜੇ ਇਸ ਨੂੰ ਰੋਕਣ ਦਾ ਕਾਨੂੰਨ ਰਾਹੀਂ ਪੱਕਾ ਬੰਦੋਬਸਤ ਨਾ ਕੀਤਾ ਜਾਵੇ। ਨਿਰੇ ਕਾਨੂੰਨ ਬਣਾਉਣ ਦਾ ਫਾਇਦਾ ਵੀ ਤਾਂ ਹੈ ਜੇ ਇਸ ਨੂੰ ਲਾਗੂ ਕਰਨਾ ਹੈ। ਅਮਰੀਕਾ ਵਿਚ ਕਾਨੂੰਨ ਅਮਲ ਵਿਚ ਲਿਆਂਦਾ ਜਾਂਦਾ ਹੈ ਪਰ ਭਾਰਤ ਵਿਚ ਬਹੁਗਿਣਤੀ ਦੇ ਨਫਰਤੀਆਂ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ ਹੈ ਜੋ ਬਾਅਦ ਵਿਚ ਹੋਰ ਕਤਲੇਆਮ ਨੂੰ ਅੰਜਾਮ ਦਿੰਦੇ ਹਨ, ਜਿਸ ਲਈ ਸਰਕਾਰਾਂ ਦੀ ਬੇਈਮਾਨੀ ਜ਼ਿੰਮੇਵਾਰ ਹੁੰਦੀ ਹੈ। ਗੁਰਦੁਆਰਾ ਫਰੀਮਾਂਟ ਦੇ ਸੁਪਰੀਮ ਕੌਂਸਲ ਮੈਂਗਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਵੀ ਆਪਣੇ ਵਿਚਾਰ ਦਿੰਦਿਆਂ ਸਿੱਖ ਨਸਲਘਾਤ ਤੇ ਯਹੂਦੀਆਂ ਦੇ ਮਾਰੇ ਜਾਣ ਉਤੇ ਦੁੱਖ ਦਾ ਇਜ਼ਹਾਰ ਕੀਤਾ।

ਜਨਾਬ ਕੈਨਸਲ ਚੂ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਅਸਾਂ ਸਾਰਿਆਂ ਨੇ ਮਿਲਕੇ ਕੈਲੀਫੋਰਨੀਆਂ ਦੀ ਵਿਧਾਨ ਸਭਾ ਵਿਚ ਸਿੱਖ ਕਤਲੇਆਮ ਨੂੰ ਵੱਡਾ ਕਤਲੇਆਮ ਐਲਾਨਿਆ ਸੀ। ਉਸ ਬਿਲ ਨੂੰ ਪਾਸ ਕਰਨ ਲਈ ਉਨਾਂ ਨੇ ਪੂਰਾ ਸਹਿਯੋਗ ਦਿੱਤਾ ਸੀ। ਹੁਣ ਸਾਡੇ ਯਹੂਦੀ ਸਾਥੀਆਂ ਦਾ ਕਤਲੇਆਮ ਹੋਇਆ ਹੈ, ਜਿਸ ਲਈ ਨਫਰਤ ਜ਼ਿੰਮੇਵਾਰ ਹੈ। ਅਮਰੀਕਾ ਵਿਚ ਨਸਲਪ੍ਰਸਤਾਂ ਲਈ ਕੋਈ ਥਾਂ ਨਹੀਂ ਹੈ ਤੇ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਾਨੂੰਨ ਰਾਹੀਂ ਇਸ ਨੂੰ ਨੱਥ ਪਾਈ ਜਾਵੇਗੀ। ਉਨਾਂ ਕਿਹਾ ਕਿ ਉਹ ਸਦਾ ਹੀ ਸਿੱਖ ਹਿੱਤਾਂ ਦੀ ਰਖਵਾਲੀ ਲਈ ਯਤਨ ਕਰਦੇ ਰਹਿਣਗੇ ਤੇ ਇਸ ਲਈ ਪੂਰਾ ਸਮਰਥਨ ਵੀ ਦੇਣਗੇ।

ਜਨਾਬ ਕੈਨਸਨ ਚੂ ਨੇ ਏਜੀਪੀਸੀ ਦੇ ਪ੍ਰਧਾਨ ਤੇ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦੇ ਆਗੂ ਭਾਈ ਜਸਵੰਤ ਸਿੰਘ ਹੋਠੀ ਨੂੰ ਉਨਾਂ ਦੀਆਂ ਸੇਵਾਵਾਂ ਲਈ ਸਟੇਟ ਅਸੈਂਬਲੀ ਵੱਲੋਂ ਜਾਰੀ ਪਲੈਕ ਦੇ ਕੇ ਸਨਮਾਨਿਆ।

## ਕੈਨੇਟਿਕਟ ਆਗੂਆਂ ਵੱਲੋਂ ਸਿੱਖ ਨਸਲਕੁਸ਼ੀ ਕਨੂੰਨ ਦੀ ਹਮਾਇਤ ਤੇ ਸਿੱਖਾਂ ਦੇ ਹੱਕ ਵਿਚ ਖੜ੍ਹਨ ਦਾ ਫੈਸਲਾ

(ਸਾਰੇ ਮੈਂਬਰ ਵਰਲਡ ਸਿੱਖ ਪਾਰਲੀਮੈਂਟ), ਅਵਤਾਰ ਸਿੰਘ ਪੰਨੂੰ, ਮਨਮੋਹਨ ਸਿੰਘ ਭਰਾੜਾ, ਕੁਲਜੀਤ ਸਿੰਘ ਖਾਲਸਾ ਅਤੇ ਹਰਪ੍ਰੀਤ ਸਿੰਘ ਰਾਣਾ ਦੀਆਂ ਕੋਸ਼ਿਸ਼ਾਂ ਅਤੇ ਸਿੱਖ ਸੰਗਤ ਵਲੋਂ ਬਖਸ਼ੇ ਹੌਂਸਲੇ ਨਾਲ ਨੇਪਰੇ ਚੜ੍ਹਿਆ ਸੀ।ਉਨ੍ਹਾਂ ਕਿਹਾ ਕਿ ਸਿੱਖ ਜੈਨੋਸਾਈਡ ਬਾਰੇ ਸਕੂਲਾਂ ਵਿਚ ਵੀ ਪੜ੍ਹਾਇਆ ਜਾਵੇਗਾ।

ਸਟੇਟ ਕੌਪ ਟਰੌਲਰ,ਕੇਵਿਨ ਲੈਬੋ,ਯੂਐਸਏ ਸੈਨੇਟਰ ਰਿਚਰਡ ਬਲੰਬ ਐਨਥਲ ,ਕਨੈਟੀਕਟ ਸਟੇਟ ਦੇ ਸੈਨੀਟਰ ਕੈਥੀ ਔਸਟਨਨੇ ਨਵੰਬਰ 84 ਨੂੰ ਮਾਨਤਾ ਦੇਂਦਿਆਂ ਦਸਿਆ ਕਿ ਭਾਰਤ ਸਰਕਾਰ ਨੇ ਸਾਨੂੰ ਇਸ ਸਮਾਗਮ ਨੂੰ ਰੁਕਵਾਉਣ ਲਈ ਲਿਖਤੀ ਪਤਰ ਦਿਤਾ ਸੀ ਪਰ ਅਸੀਂ ਨਾਂਹ ਕਰ ਦਿਤੀ ,ਕਿਉਕਿ ਅਸੀਂ ਇਹ ਪਰਖ ਆਪਣੇ ਵਸੀਲਿਆਂ ਰਾਹੀਂ ਕਰਵਾਈ ਹੈ ਕਿ ਉਥੇ ਦਿਲੀ ਤੇ ਹੋਰ ਖੇਤਰਾਂ ਵਿਚ ਨਵੰਬਰ 84 ਦੌਰਾਨ ਸਿਖਾਂ ਨੂੰ ਸਰਕਾਰੀ ਤੌਰ ਤੇ ਨਿਸ਼ਾਨਾ ਬਣਾਇਆ ਗਿਆ ਤੇ ਕਤਲੇਆਮ ਕੀਤਾ ਗਿਆ।ਵੀਆਈਪੀ ਦੋਸ਼ੀਆਂ ਨੂੰ ਬਚਾਉਣ ਲਈ ਇਨਸਾਫ ਵੀ ਨਹੀਂ ਦਿਤਾ ਗਿਆ। ਸਬੂਤ ਮਿਟਾਏ ਗਏ ,ਗਵਾਹ ਧਮਕਾਏ ਗਏ ।ਇਨਸਾਫ ਨਹੀਂ ਮਿਲਿਆ।ਇਹ ਮਨੁਖੀ ਅਧਿਕਾਰਾਂ ਦੀ ਉਲੰਘਣਾ ਹੈ।

ਸਵਰਨਜੀਤ ਸਿੰਘ ਖਾਲਸਾ ਨੇ ਇਸ ਮੌਕੇ ਅਮਰੀਕਾ ਸਰਕਾਰ ਤੇ ਇਸ ਦੇ ਪ੍ਰਤੀਨਿਧੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਸਿੱਖ ਜੈਨੋਸਾਈਡ ਰਿਮੈਂਬਰੈਂਸ ਡੇਅ ਗਵਰਨਰ ਵਲੋਂ ਮਨਾਇਆ ਜਾਵੇਗਾ ਤੇ ਅੱਗੋਂ ਇਸ ਬਾਰੇ ਮੁਹਿੰਮ ਖੜ੍ਹੀ ਕਰਕੇ ਪੂਰੇ ਅਮਰੀਕਾ ਦੇ ਵਿਚ ਇਸ ਨੂੰ ਮਾਨਤਾ ਦੁਵਾਈ ਜਾਵੇਗੀ। ਇਸ ਤੋਂ ਪਹਿਲਾਂ ਵਿਸਾਖੀ ਨੈਸ਼ਨਲ ਸਿੱਖ ਡੇਅ ਵਜੋਂ ਮਾਨਤਾ ਵੀ ਦਿਵਾਈ ਗਈ ਸੀ। ਉਨ੍ਹਾਂ ਨੂੰ ਇਸ ਸੰਬੰਧ ਵਿਚ ਤਿੰਨ ਸਾਲ ਲੱਗ ਗਏ ਸਨ। ਉਨ੍ਹਾਂ ਇਹ ਵੀ ਕਿਹਾ ਕਿ ਨਸਲਕੁਸ਼ੀ ਕਾਂਗਰਸ ਸਰਕਾਰ ਵਲੋਂ ਕੀਤੀ ਗਈ ਹੈ ਤੇ ਇਹ ਹਿੰਦੂ-ਸਿੱਖ ਦੰਗੇ ਨਹੀਂ ਸਨ। ਇਹ ਸਾਜ਼ਿਸ਼ੀ ਕਤਲੇਆਮ ਰਾਜਨੀਤਕ ਲੋਕਾਂ ਨੇ ਸਿਰੇ ਚਾੜ੍ਹਿਆ ਤੇ ਕਿਸੇ ਵੀ ਵੱਡੇ ਦੋਸ਼ੀ ਨੂੰ ਅੱਜ ਤੱਕ ਸਜ਼ਾ ਨਹੀਂ ਮਿਲੀ।31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 6 ਨਵੰਬਰ 1984 ਤਕ ਦਿੱਲੀ ਸਮੇਤ ਦੇਸ਼ ਦੇ 18 ਸੂਬਿਆਂ ਦੇ 110 ਦੇ ਲਗਪਗ ਸ਼ਹਿਰਾਂ ਵਿਚ ਉਪਲਬਧ ਅੰਕੜਿਆਂ ਅਨੁਸਾਰ 7000 ਤੋਂ ਵਧੇਰੇ ਨਿਹੱਥੇ ਤੇ ਬੇਕਸੂਰ ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ। ਕਰੋੜਾਂ ਦੀ ਸੰਪਤੀ ਲੁੱਟੀ ਅਤੇ ਸਾੜ ਦਿਤੀ ਗਈ। ਇਕ ਦਰਜਨ ਦੇ ਕਰੀਬ ਜਾਂਚ ਕਮਿਸ਼ਨ, 3600 ਤੋਂ ਵਧੇਰੇ ਗਵਾਹ, 33 ਸਾਲ ਦਾ ਵਕਫ਼ਾ ਅਤੇ ਅਦਾਲਤਾਂ ਵੀ ਇਨਸਾਫ਼ ਨਾ ਕਰ ਸਕੀਆਂ। ਨਵੀਂ ਦਿੱਲੀ ਵਿਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿਚੋਂ ਸਿਰਫ਼ 11 ਕੁ ਮਾਮਲਿਆਂ ਵਿਚ 30 ਵਿਅਕਤੀਆਂ ਨੂੰ ਹੀ ਉਮਰ ਕੈਦ ਦੀ ਸਜ਼ਾ ਹੋਈ, ਜਿਨ੍ਹਾਂ ਵਿਚ ਕਤਲੇਆਮ ਦੇ ਕਿਸੇ ਵੀ ਮੁੱਖ ਸਾਜਿਸ਼ਕਾਰ ਨੂੰ ਸਜ਼ਾ ਨਹੀਂ ਮਿਲੀ। ਸੰਨ 1990 ਵਿਚ ਬਣੀ ਜੈਨ-ਅਗਰਵਾਲ ਕਮੇਟੀ ਨੇ ਕਾਂਗਰਸੀ ਆਗੂ ਐੱਚ.ਕੇ. ਐੱਲ. ਭਗਤ, ਸੱਜਣ ਕੁਮਾਰ, ਧਰਮ ਦਾਸ ਸ਼ਾਸਤਰੀ ਅਤੇ ਟਾਈਟਲਰ ਦੇ ਖਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ ਸੀ। ਸਭ ਤੋਂ ਅਖ਼ੀਰਲਾ ਕਮਿਸ਼ਨ 'ਨਾਨਾਵਤੀ ਕਮਿਸ਼ਨ' ਸੀ, ਜਿਸ ਦੇ ਮੁਖੀ ਜਸਟਿਸ ਜੀ.ਟੀ. ਨਾਨਾਵਤੀ ਸਨ।ਇਸ ਕਮਿਸ਼ਨ ਦੀ 185 ਸਫ਼ਿਆਂ ਦੀ ਰਿਪੋਰਟ 9 ਫ਼ਰਵਰੀ 2005 ਨੂੰ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਨੂੰ ਦਿੱਤੀ ਗਈ ਅਤੇ 8 ਅਗਸਤ 2005 ਨੂੰ ਸੰਸਦ ਵਿਚ ਪੇਸ਼ ਕੀਤੀ ਗਈ। ਇਸ ਕਮਿਸ਼ਨ ਦਾ ਦੁਖਾਂਤ ਇਹ ਰਿਹਾ ਰਹੀ ਕਿ ਇਸ ਦਾ ਗਠਨ ਵਾਜਪਾਈ ਦੀ ਅਗਵਾਈ ਵਾਲੀ ਸਰਕਾਰ ਨੇ 8 ਮਈ 2000 ਨੂੰ ਰਾਜ ਸਭਾ ਦੇ ਇਕ ਸਰਬਸੰਮਤੀ ਵਾਲੇ ਫ਼ੈਸਲੇ ਨਾਲ ਕੀਤਾ ਸੀ ਪਰ ਜਦੋਂ ਇਸ ਦੀ ਰਿਪੋਰਟ ਪੇਸ਼ ਹੋਈ ਸੀ ਤਾਂ ਉਸ ਵੇਲੇ ਕੇਂਦਰ ਵਿਚ ਕਾਂਗਰਸ ਸਰਕਾਰ ਬਣ ਚੁੱਕੀ ਸੀ। ਕਮਿਸ਼ਨ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ, ਸੱਜਣ ਕੁਮਾਰ ਅਤੇ ਐੱਚ.ਕੇ. ਐੱਲ. ਭਗਤ ਖਿਲਾਫ਼ ਸਿੱਖ ਵਿਰੋਧੀ ਕਤਲੇਆਮ ਵੇਲੇ ਹਿੰਸਾ ਭੜਕਾਉਣ ਦੇ ਪੁਖਤਾ ਸਬੂਤ ਹੋਣ ਦਾ ਦਾਅਵਾ ਕੀਤਾ ਸੀ।

ਇਸ ਦੇ ਨਾਲ ਹੀ ਇਸ ਕਮਿਸ਼ਨ ਨੇ ਦਿੱਲੀ ਪੁਲਿਸ ਦੇ ਤਤਕਾਲੀ ਕਮਿਸ਼ਨਰ ਐੱਸ.ਸੀ. ਟੰਡਨ ਨੂੰ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਇਆ ਸੀ। ਇਸ ਦੇ ਬਾਵਜੂਦ ਅੱਜ ਤੱਕ ਦੋਸ਼ੀਆਂ ਨੂੰ ਨਿਆਂਪਾਲਿਕਾ ਦੇ ਕਟਹਿਰੇ ਵਿਚ ਖੜ੍ਹਾ ਕਰਕੇ ਸਜ਼ਾਵਾਂ ਦੇਣ ਦੀ ਥਾਂ ਕਾਂਗਰਸ ਸਰਕਾਰ ਨੇ ਦੋਸ਼ੀਆਂ ਦੀ ਪੁਸ਼ਤਪਨਾਹੀ ਹੀ ਕੀਤੀ ਹੈ। 2014 ਦੌਰਾਨ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਬਣਨ ਤੋਂ ਬਾਅਦ 12 ਫ਼ਰਵਰੀ 20 15 ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਸੰਬੰਧੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਸੀ, ਜਿਸ ਵਿਚ ਸਾਬਕਾ ਆਈ.ਪੀ.ਐੱਸ. ਅਧਿਕਾਰੀ ਪ੍ਰਮੋਦ ਅਸਥਾਨਾ, ਦਿੱਲੀ ਪੁਲਿਸ ਦੇ ਏ.ਡੀ.ਸੀ. ਕੁਮਾਰ ਗਿਆਨੇਸ਼ ਤੇ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਕੇਸ਼ ਕਪੂਰ ਸ਼ਾਮਲ ਹਨ। ਇਸ ਟੀਮ ਨੂੰ ਛੇ ਮਹੀਨੇ ਦੇ ਅੰਦਰ ਆਪਣੀ ਰਿਪੋਰਟ ਸਰਕਾਰ ਨੂੰ ਸੌਂਪਣ ਲਈ ਆਖਿਆ ਗਿਆ ਸੀ, ਪਰ ਹੁਣ ਤੱਕ ਇਸ ਦੀ ਜਾਂਚ ਮੁਕੰਮਲ ਨਹੀਂ ਹੋ ਸਕੀ। ਇਸ ਮੌਕੇ ਅੱਠ ਸਿਟੀ ਨਾਰਵਿਚ,ਬਰਿਜ ਪੋਰਟ ,ਹੇਮਡਨ ,ਨਾਰਵਾਕ,ਈਸਟ ਹਾਰਡ ਫੋਰਟ ,ਹਾਰਡ ਫੋਰਟ ,ਸਾਊਥ ਵਿੰਡਸਰ ,ਸਾਊਥ ਹਿੰਗਟਨ ਨੇ ਸਿਖ ਨਸਲਕੁਸ਼ੀ ਕਨੂੰਨ ਦੀ ਹਮਾਇਤ ਕੀਤੀ ਤੇ ਸਿਖ ਕੌਮ ਦੇ ਹਕ ਵਿਚ ਖੜਨ ਦਾ ਫੈਸਲਾ ਕੀਤਾ।

ਇਸ ਮੌਕੇ ਕੇਵਿਨ ਰਿਆਨ ਅਸਟੇਟ ਪ੍ਰਤੀਨਿਧ, ਟੋਨੀ ਬਾਊਚਰ ਸਟੇਟ ਸੈਨੀਟਰ,ਪੀਟਰ ਨਾਈਸਟ ਮੇਅਰ ਸਿਟੀ ਆਫ ਨਾਰਵਿਚ , ਸਾਊਦ ਅਨਵਰ ਮੇਅਰ ਸਾਊਥ ਵਿੰਡਸਰ,ਡਾਇਨਾ ਡੈਨੀਅਲ ਐਨਏਏਸੀਪੀ,ਜੈਰੀ ਫਿਸ਼ਰ ,ਜੀਊਸ਼ ਫੈਡਰੇਸ਼ਨ,ਡਾ.ਅਮਰਜੀਤ ਸਿੰਘ ਵਸ਼ਿੰਗਟਨ ਟੀਵੀ 84,ਹਿੰਮਤ ਸਿੰਘ ਮੈਂਬਰ ਵਰਲਡ ਸਿੱਖ ਪਾਰਲੀਮੈਂਟ ਨਿਊਯਾਰਕ, ਗੁਰਨਿੰਦਰ ਸਿੰਘ ਧਾਲੀਵਾਲ, ਕੁਲਜੀਤ ਸਿੰਘ ਖਾਲਸਾ ,ਹਰਗੁਰਪ੍ਰੀਤ ਸਿੰਘ ,ਕੰਵਲਜੀਤ ਸਿੰਘ ,ਕੰਵਲਪ੍ਰੀਤ ਸਿੰਘ ਅਟਵਾਲ ,ਕੁਲਵੰਤ ਸਿੰਘ, ਜਤਿੰਦਰ ਸਿੰਘ ਖਟੜਾ ਗੁਰਦਆਰਾ ਨਿਊ ਜਰਸੀ ,ਪਵਨ ਸਿੰਘ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਰਜੀਨਿਆ ,ਅਵਤਾਰ ਸਿੰਘ ਪੰਨੂ ਸਿਖਸ ਫਾਰ ਜਸਟਿਸ ,ਮਨੋਮਹਨ ਸਿੰਘ ਬੁਰਾੜਾ, ਮਨਿੰਦਰ ਸਿੰਘ ਅਰੋੜਾ, ਬਲਵਿੰਦਰ ਸਿੰਘ ਦੁਆਬਾ ਸਿੱਖ ਐਸੋਸੀਏਸ਼ਨ,ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ,ਗੁਰਦੇਵ ਸਿੰਘ ਕੰਗ ਕਮਿਸ਼ਨਰ ਆਫ ਹਿਊਮਨ ਰਾਈਟਸ ਨਿਊਯਾਰਕ ,ਜਥੇਦਾਰ ਭਗਤ ਸਿੰਘ ,ਕੁਲਵਿੰਦਰ ਸਿੰਘ ਤੇਜੀ ਸ਼ਿਕਾਗੋ ,ਕ੍ਰਿਪਾਲ ਸਿੰਘ ਬਲਿੰਗ ,ਸਿਮਰਨ ਕੌਰ,ਕਾਰਤਿਕ ਨਟਰੰਜਨ ਤਾਮਿਲ ਭਾਈਚਾਰਾ ,ਭਾਈ ਮਹਿੰਦਰ ਸਿੰਘ ਗੁਰਦੁਆਰਾ ਵਿੰਡਨਸਰ ਆਦਿ ਸ਼ਾਮਲ ਸਨ।

## ਭਗਵੇਂਵਾਦੀਆਂ ਲਈ ਇਤਿਹਾਸਕਾਰ ਰਾਮਚੰਦਰ ਗੁਹਾ ਵੀ ਦੇਸ਼ ਵਿਰੋਧੀ

ਕੈਂਪਸਾਂ ਵਿਚ ਖ਼ੁਦ ਨੂੰ 'ਦੇਸਭਗਤ' ਤੇ ਬਾਕੀ ਸਭ ਨੂੰ 'ਦੇਸਧ੍ਰੋਹੀ' ਐਲਾਨ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ।

ਹਿੰਦੂਵਾਦੀ ਦੇਸ਼ਭਗਤੀ : ਦਿੱਲੀ ਦੇ ਰਾਮਜਸ ਕਾਲਜ ਤੇ ਜੇਐਨਯੂ ਤੋਂ ਲੈ ਕੇ, ਇਲਾਹਾਬਾਦ ਤੇ ਹੈਦਰਾਬਾਦ ਤੱਕ ਸਾਰੀਆਂ ਘਟਨਾਵਾਂ ਇੱਕੋ ਜਿਹੀਆਂ ਹਨ ਤੇ ਉਨ੍ਹਾਂ ਨੂੰ ਵੱਖ-ਵੱਖ ਹਾਦਸਿਆਂ ਦੀ ਤਰ੍ਹਾਂ ਨਹੀਂ ਸਗੋਂ ਇੱਕ ਟ੍ਰੈਂਡ ਦੀ ਤਰ੍ਹਾਂ ਦੇਖਿਆ ਜਾਣਾ ਚਾਹੀਦਾ ਹੈ। ਆਰਐਸਐਸ ਦੇ ਹੁਕਮਾਂ ਤਹਿਤ, ਏਬੀਵੀਪੀ ਜੋ ਕੁਝ ਕਰ ਰਹੇ ਹਨ ਉਨ੍ਹਾਂ ਪਿੱਛੇ ਸਰਕਾਰ ਹੈ। ਸਿੱਖਿਅਕ ਸੰਸਥਾਵਾਂ ਦਾ ਭਗਵਾਂਕਰਨ ਦੇਸ ਦੀਆਂ ਸਾਰੀਆਂ ਸੰਸਥਾਵਾਂ 'ਤੇ ਆਰਐਸਐਸ ਦੇ ਕੰਟਰੋਲ ਦੀ ਪਹਿਲੀ ਪੌੜੀ ਹੈ ਤੇ ਇਸ ਪ੍ਰਾਜੈਕਟ 'ਤੇ ਗੰਭੀਰਤਾ ਨਾਲ ਕੰਮ ਜਾਰੀ ਹੈ। ਪੂਰੀ ਕੋਸ਼ਿਸ਼ ਹੈ ਕਿ ਕਿਸੇ ਵੀ ਕੈਂਪਸ ਵਿਚ ਹਿੰਦੂਤਵ ਤੋਂ ਇਲਾਵਾ, ਕਿਸੇ ਦੀ ਆਵਾਜ਼ ਸੁਣਾਈ ਨਾ ਦੇਵੇ। ਜਿਵੇਂ ਕਿ ਦੋ ਸਾਲ ਪਹਿਲਾਂ ਸੀਨੀਅਰ ਪੱਤਰਕਾਰ ਸਿਧਾਰਥ ਵਰਦਰਾਜਨ ਨੂੰ ਇਲਾਹਾਬਾਦ ਯੂਨੀਵਰਸਿਟੀ ਤੋਂ ਪੁਲਿਸ ਦੇ ਘੇਰੇ ਵਿਚ ਵਾਪਸ ਆਉਣਾ ਪਿਆ ਕਿਉਂਕਿ ਏਬੀਵੀਪੀ ਉਨ੍ਹਾਂ ਨੂੰ 'ਦੇਸ਼ਧ੍ਰੋਹੀ' ਐਲਾਨ ਚੁੱਕੀ ਸੀ।

ਹਰ ਥਾਂ ਭਗਵਾਂਵਾਦ : ਇਹ ਸਭ ਵਰਤਾਰਾ ਆਰਐਸਐਸ ਦੇ ਹੁਕਮਾਂ ਤਹਿਤ ਚਲ ਰਿਹਾ ਹੈ। ਆਰ ਐਸ ਐਸ ਹੀ ਭਾਜਪਾ ਜਾਂ ਮੋਦੀ ਸਰਕਾਰ ਨੂੰ ਚਲਾ ਰਹੀ ਹੈ। ਉਹ ਭਾਰਤ ਵਿਚ ਹਿੰਦੂ ਰਾਸ਼ਟਰ ਸਿਰਜਣਾ ਚਾਹੁੰਦੀ ਹੈ। ਉਸ ਦੀ ਸਪੱਸ਼ਟ ਰਾਏ ਹੈ ਕਿ "ਹਿੰਦੂ ਧਰਮ ਵਿੱਚ ਵਿਸ਼ਵ ਦਾ ਪੂਰਾ ਗਿਆਨ ਸ਼ਾਮਲ ਹੈ, ਵਿਦੇਸ਼ੀ ਅਸਰ ਕਾਰਨ ਅਸੀਂ ਆਪਣੇ ਪ੍ਰਾਚੀਨ ਗਿਆਨ 'ਤੇ ਮਾਣ ਕਰਨਾ ਭੁੱਲ ਗਏ ਹਾਂ, ਇਸ ਲਈ ਉਸ ਪ੍ਰਾਚੀਨ ਗਿਆਨ ਨੂੰ ਮੁੜ ਸਥਾਪਿਤ ਕਰਨਾ ਰਾਸ਼ਟਰਹਿੱਤ ਵਿਚ ਹੈ।"

ਇਤਿਹਾਸ ਦੇ ਪਾਠ ਨੂੰ ਵੀ ਹਿੰਦੂਵਾਦੀ ਨਜ਼ਰੀਏ ਨਾਲ ਬਦਲਣ ਦਾ ਕੰਮ ਲਗਾਤਾਰ ਜਾਰੀ ਹੈ, ਭਾਵੇਂ ਹੀ ਤੱਥ ਅਤੇ ਤਰਕ ਕੁਝ ਹੋਰ ਕਹਿੰਦੇ ਹੋਣ। ਰਾਜਸਥਾਨ ਵਿੱਚ ਰਾਣਾ ਪ੍ਰਤਾਪ ਸਦੀਆਂ ਬਾਅਦ ਅਕਬਰ ਖ਼ਿਲਾਫ਼ ਜੇਤੂ ਐਲਾਨੇ ਜਾ ਚੁੱਕੇ ਹਨ। ਜੇਐਨਯੂ ਨੂੰ 'ਥਿੰਕ ਟੈਂਕ' ਬਣਾਉਣ ਦੀ ਥਾਂ, ਸਵਾਲ ਪੁੱਛਣ ਵਾਲਿਆਂ ਦੇ ਸਾਹਮਣੇ ਅਸਲੀ ਟੈਂਕ ਲਿਆਉਣ ਦੀ ਰਣਨੀਤੀ, ਹਰ ਕੇਂਦਰੀ ਯੂਨੀਵਰਸਿਟੀ ਵਿੱਚ ਉੱਚਾ ਤਿਰੰਗਾ ਲਗਾਉਣ ਦਾ ਹੁਕਮ, ਭਾਰਤੀ ਜਨਸੰਚਾਰ ਸੰਸਥਾ ਵਿੱਚ ਹਵਨ ਆਦਿ ਅਜਿਹੇ ਕੰਮ ਹਨ ਜਿਹੜੇ ਸਿਆਸੀ ਤੌਰ 'ਤੇ ਅਸਹਿਮਤ ਲੋਕਾਂ ਨੂੰ ਉਕਸਾਉਣ ਲਈ ਕੀਤੇ ਜਾਂਦੇ ਹਨ। ਜੇਕਰ ਉਹ ਟੈਂਕ ਜਾਂ ਝੰਡਾ ਲਗਾਉਣ ਨਾਲ ਹੋਣ ਵਾਲੇ ਫਾਇਦੇ 'ਤੇ ਸਵਾਲ ਚੁੱਕਣਗੇ ਤਾਂ ਉਨ੍ਹਾਂ ਨੂੰ ਦੇਸ਼ਧ੍ਰੋਹੀ ਐਲਾਨਣਾ ਕਾਫ਼ੀ ਸੌਖਾ ਹੋਵੇਗਾ। ਹੁਣ ਭਾਰਤ ਵਿਚ ਪੇਰੀਆਰ, ਫੂਲੇ ਅਤੇ ਅੰਬੇਦਕਰ ਪੜ੍ਹਾਇਆ ਜਾਣਾ ਵੀ ਗੁਨਾਹ ਤੇ ਦੇਸ਼ਧ੍ਰੋਹ ਹੋ ਗਿਆ ਹੈ, ਕਿਉਂਕਿ ਇਹ ਲੋਕ ਬ੍ਰਾਹਮਣਵਾਦੀ ਵਿਵਸਥਾ ਦੇ ਕੱਟੜ ਆਲੋਚਕ ਰਹੇ ਹਨ ਅਤੇ ਆਰਐਸਐਸ ਦੀ 'ਮਹਾਨ ਹਿੰਦੂ ਸੱਭਿਅਤਾ' ਦੀ ਥਿਊਰੀ 'ਤੇ ਸਵਾਲ ਖੜ੍ਹੇ ਕਰਦੇ ਹਨ ? ਸਪੱਸ਼ਟ ਧਾਰਨਾ ਇਹ ਹੈ ਕਿ ਮੋਦੀ ਰਾਜ ਦੌਰਾਨ ਭਾਰਤੀ ਇਤਿਹਾਸ ਦਾ ਭਗਵਾਂਕਰਨ ਹੋ ਰਿਹਾ ਹੈ। ਨਿਰਪੱਖ ਤੇ ਆਜ਼ਾਦ ਸੋਚਣੀ ਵਾਲੇ ਪ੍ਰੋਫੈਸਰਾਂ, ਅਧਿਆਪਕਾਂ ਤੇ ਵਿਦਿਆਰਥੀਆਂ ਦੀ ਅਜ਼ਾਦ ਸੋਚ ਨੂੰ ਡੰਡੇ ਨਾਲ ਜਾਂ ਕਾਨੂੰਨ ਨਾਲ ਦਬਾਇਆ ਜਾ ਰਿਹਾ ਹੈ। ਯੂਨੀਵਰਸਿਟੀਆਂ ਵਿਚ ਡੰਡੇ ਨਾਲ ਭਗਵੇਂ ਝੰਡੇ ਹੇਠ ਕਬਜ਼ੇ ਦੀਆਂ ਸਾਜ਼ਿਸ਼ਾਂ ਜਾਰੀ ਹਨ।

## ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਨੂੰ ਅਜ਼ਾਦ ਕਿਵੇਂ ਕਰਾਇਆ ਜਾਵੇ ?

* ਪੰਥਕ ਮਾਨਸਿਕਤਾ ਵਿੱਚ ਤਖ਼ਤਾਂ ਦੀ ਸਦਾ ਤਾਜ਼ੀ ਸੁਤੰਤਰ ਹਸਤੀ ਸਥਾਪਿਤ ਨਹੀਂ ਕੀਤੀ ਜਾ ਸਕੇਗੀ।

* ਤਖ਼ਤਾਂ ਦੇ ਮੂਲ ਸਰੋਕਾਰਾਂ ਵਿੱਚ ਇਹ ਗੱਲਾਂ ਸ਼ਾਮਲ ਹਨ:
(ੳ) ਸਰਬੱਤ ਖਾਲਸਾ ਅ. ਗੁਰਮਤਾ ੲ. ਹੁਕਮਨਾਮਾ ਪਰੰਪਰਾ ਅਨੁਸਾਰ ਇਹ ਤਿੰਨੋਂ ਹੀ ਅਕਾਲ ਤਖ਼ਤ ਸਾਹਿਬ ਤੋਂ ਸੰਭਵ ਹੁੰਦੇ ਰਹੇ ਹਨ ਅਤੇ ਇਸ ਨਾਤੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੁਪਰੀਮ ਮੰਨਿਆ ਜਾਂਦਾ ਰਿਹਾ ਹੈ। ਵਰਤਮਾਨ ਵਿੱਚ ਅਕਾਲ ਤਖ਼ਤ ਸਾਹਿਬ ਹੀ ਕਟਹਿਰੇ ਵਿੱਚ ਆ ਗਿਆ ਹੈ ਤਾਂ ਤਖ਼ਤਾਂ ਬਾਰੇ ਗੁਰਦੁਆਰਾ ਐਕਟ ਨੂੰ ਸਪੱਸ਼ਟ ਕਰਕੇ ਅਜਿਹਾ ਫੈਸਲਾ ਲਏ ਜਾਣ ਦੀ ਲੋੜ ਹੈ, ਜਿਹੜਾ ਸਿੱਖ ਸਿਧਾਂਤ, ਸਿੱਖ ਇਤਿਹਾਸ ਅਤੇ ਸਿੱਖ ਪਰੰਪਰਾਵਾਂ ਨਾਲ ਮੇਲ ਖਾਂਦਾ ਹੋਵੇ।

* ਕਿਹਾ ਇਹ ਜਾ ਰਿਹਾ ਹੈ ਕਿ 'ਮਨਿਸਟਰ' ਜਾਂ 'ਹੈੱਡ ਮਨਿਸਟਰ' ਦਾ ਸੰਬੰਧ ਨੋਟੀਫਾਈਡ ਗੁਰਦੁਵਾਰੇ ਨਾਲ ਹੈ ਅਤੇ ਕੋਈ ਵੀ ਤਖ਼ਤ ਨੋਟੀਫਾਈਡ ਗੁਰਦੁਆਰਾ ਨਹੀਂ ਹੈ ਅਤੇ ਨਾ ਹੀ ਤਖ਼ਤਾਂ ਦੇ ਜਥੇਦਾਰ, ਗ੍ਰੰਥੀ ਦੀ ਭੂਮਿਕਾ ਨਿਭਾਉਂਦੇ ਹਨ। ਸਾਰੇ ਹੀ ਤਖ਼ਤਾਂ ਕੋਲ ਗ੍ਰੰਥੀ ਵੱਖਰੇ ਤੌਰ 'ਤੇ ਹਨ ਅਤੇ ਉਹ ਗੁਰਦੁਆਰਾ ਕਮੇਟੀਆਂ ਦੇ ਤਨਖਾਹਦਾਰ ਮੁਲਾਜ਼ਮ ਹਨ। ਇਨ੍ਹਾਂ ਤਨਖਾਹਦਾਰ ਮੁਲਾਜ਼ਮਾਂ ਦਾ ਢਾਂਚਾ ਸਿੱਧੇ ਤੌਰ 'ਤੇ ਜਥੇਦਾਰਾਂ 'ਤੇ ਲਾਗੂ ਕਰਨ ਨਾਲ ਤਖ਼ਤ ਸਾਹਿਬਾਨ ਦੀ ਸੁਤੰਤਰਤਾ ਬਾਰੇ ਕਿੰਤੂ ਪ੍ਰੰਤੂ ਪੈਦਾ ਹੋ ਜਾਣਗੇ। ਇਸ ਵੇਲੇ ਦਾ ਵਰਤਾਰਾ ਵੀ ਇਹੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਾ ਹੁਕਮ ਤਾਂ ਪੰਜਾਬ (ਵਰਤਮਾਨ), ਹਰਿਆਣਾ ਅਤੇ ਹਿਮਾਚਲ ਵਿੱਚ ਹੀ ਚਲਦਾ ਹੈ, ਪਰ ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਹੁਕਮ ਉਨ੍ਹਾਂ ਸਾਰੇ ਸਿੱਖਾਂ 'ਤੇ ਲਾਗੂ ਹੁੰਦਾ ਹੈ, ਜਿਨ੍ਹਾਂ ਦਾ ਵਿਸ਼ਵਾਸ ਸਿੱਖ ਧਰਮ ਵਿੱਚ ਬਣਿਆ ਹੋਇਆ ਹੈ। ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਰਹਿ ਰਹੇ ਹਨ। ਇਸ ਤਰ੍ਹਾਂ ਗੁਰਦੁਆਰਾ ਐਕਟ ਅਧੀਨ ਬਣੀ ਹੋਈ ਸ਼੍ਰੋਮਣੀ ਕਮੇਟੀ, ਜਥੇਦਾਰ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਲੈ ਕੇ, ਸਿੱਖ ਸਿਧਾਂਤ ਅਤੇ ਪਰੰਪਰਾਵਾਂ ਨੂੰ ਸੰਗੋੜਨ ਵਿੱਚ ਤਾਂ ਹਿੱਸਾ ਪਾ ਸਕਦੀ ਹੈ ਪਰ ਵਿਸਥਾਰਨ ਦੇ ਕਾਰਜ ਵਿੱਚ ਹਿੱਸਾ ਨਹੀਂ ਪਾ ਸਕਦੀ। ਐਕਟ ੧੯੨੫ ਦੇ ਘਾੜਿਆਂ ਨੂੰ ਇਸ ਗੱਲ ਦਾ ਅਹਿਸਾਸ ਸੀ ਅਤੇ ਇਸੇ ਲਈ ਜਥੇਦਾਰੀ ਦੀ ਸੰਸਥਾ ਨੂੰ ਐਕਟ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ, ਜਿਸ ਦਾ ਮੈਂ ਵੀ ਮੈਂਬਰ ਸੀ, ਆਪਣੀ ਫਤਿਹਗੜ੍ਹ ਸਾਹਿਬ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਹੇਠ ਆਖਰੀ ਮੀਟਿੰਗ (ਲੜਾਈ ਤੋਂ ਪਹਿਲਾਂ) ਮਤਾ ਪਾਸ ਕੀਤਾ ਸੀ ਕਿ ਜਥੇਦਾਰੀ ਦੀ ਸੰਸਥਾ ਐਕਟ ਦੇ ਘੇਰੇ ਵਿੱਚ ਨਹੀਂ ਹੈ। ਇਸ ਦੀ ਕਾਰਵਾਈ ਦੀ ਪੁਸ਼ਟੀ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਦਫ਼ਤਰ ਵਿੱਚ ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਵਿੱਚ ਹੋ ਗਈ ਸੀ।

* ਨੁਕਤਿਆਂ ਵਿੱਚ ਵਿਚਾਰਯੋਗ ਮਸਲੇ ਇਹ ਹੋ ਸਕਦੇ ਹਨ :

* ਜਥੇਦਾਰੀ ਦੀ ਸੰਸਥਾ ਨਾਲ ਜੁੜੇ ਹੋਏ ਨੁਕਤਿਆਂ ਵਿੱਚੋਂ ਸਭ ਤੋਂ ਪਹਿਲਾਂ ਇਹ ਵਿਚਾਰੇ ਜਾਣ ਦੀ ਲੋੜ ਹੈ ਕਿ ਵਿਰਾਸਤ ਵਿੱਚ ਪ੍ਰਾਪਤ ਕੀ ਹੈ, ਇਸ ਵਿੱਚੋਂ ਲਿਆ ਕੀ ਹੈ ਅਤੇ ਛੱਡਿਆ ਕੀ ਹੈ ? ਵਿਰਾਸਤ ਵਿੱਚ ਅਕਾਲ ਤਖ਼ਤ ਸਾਹਿਬ ਸਿੱਖ ਸੰਘਰਸ਼ ਅਤੇ ਪ੍ਰੇਰਨਾ ਦਾ ਸਰੋਤ ਹੈ। ਮਿਲ ਗਿਆ ਹੈ ਗੁਰਦੁਆਰਾ ਐਕਟ ੧੯੨੫ ਅਤੇ ਛੱਡ ਲਿਆ ਹੈ ਪਰੰਪਰਾ ਦੀ ਨੈਤਿਕਤਾ ਨੂੰ।

* ਜਥੇਦਾਰਾਂ ਦੀਆਂ ਨਿਯੁਕਤੀਆਂ ਦੇ ਪੈਟਰਨ, ਪੈਂਤੜੇ ਅਤੇ ਸਾਖ ਨਾਲ ਸੰਤੁਸ਼ਟ ਹੋਣਾ ਦਿਨੋਂ-ਦਿਨ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਹੁਣ ਤੱਕ ਅਕਾਲੀ ਪਿਛੋਕੜ ਵਾਲੇ ਜਥੇਦਾਰ ਅਤੇ ਗ੍ਰੰਥੀ ਪਿਛੋਕੜ ਵਾਲੇ ਜਥੇਦਾਰ ਲੋੜੀਂਦੀ ਭੂਮਿਕਾ ਨਿਭਾਉਂਦੇ ਰਹੇ ਹਨ। ਪਰ ਹਾਲਾਤ ਸੁਧਰਨ ਦੀ ਥਾਂ ਵਿਗੜੇ ਹੀ ਹਨ।

* ਅਕਾਲ ਤਖ਼ਤ ਸਾਹਿਬ ਨੂੰ ਸਿਆਸੀ ਮੋਹਰੇ ਵਜੋਂ ਵਰਤੇ ਜਾਣ ਦੀ ਸਿਆਸਤ ਨਾਲ ਆਮ ਸਿੱਖ ਲਈ ਪੈਦਾ ਹੋ ਗਏ ਬੰਧੂਆ ਸਰੋਕਾਰ, ਸਿੱਖਾਂ ਅਤੇ ਸਿੱਖ ਸੰਸਥਾਵਾਂ ਵਿਚਕਾਰ ਤਣਾਉ ਪੈਦਾ ਕਰ ਰਹੇ ਹਨ।

* ਅਰਥਾਂ ਦੀ ਰਾਜਨੀਤੀ ਦੇ ਬੋਲਬਾਲੇ ਨਾਲ ਕੋਮਲ ਸਿੱਖ ਮਾਨਸਿਕਤਾ ਭਰਮ ਮੂਲਕ ਕਰਮਾਂ ਅਤੇ ਅਗਿਆਨ ਕਲਪਿਤ ਬੰਧਨਾ ਵੱਲ ਤੁਰ ਪਈ ਹੈ। ਅਰਥਾਂ ਦੀ ਰਾਜਨੀਤੀ ਵਿੱਚ ਵੋਟ-ਬੈਂਕ ਦੀ ਰਾਜਨੀਤੀ ਵਾਂਗ ਹੀ, ਧਰਮ ਦੀ ਆੜ ਵਿੱਚ ਸਿਮਰਨ, ਕੀਰਤਨ ਅਤੇ ਅੰਮ੍ਰਿਤ ਦੀ ਰਾਜਨੀਤੀ ਵੀ ਸ਼ਾਮਲ ਹੋ ਗਈ ਹੈ। ਇਸ ਨਾਲ-ਨਾਲ ਜਲਸੇ-ਜਲੂਸਾਂ ਦੀ ਰਾਜਨੀਤੀ ਨੇ ਪਵਿੱਤਰ ਸਰੋਕਾਰਾਂ ਦੇ ਮੰਡੀਕਰਨ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ।

* ਕੁੱਝ ਕਰ ਸਕਣ ਦੀ ਇੱਛਾ ਅਤੇ ਕੁੱਝ ਕਰ ਗੁਜ਼ਰਨ ਦੀ ਮਾਨਸਿਕਤਾ ਪੈਦਾ ਕਰਨ ਲਈ ਇਹ ਮੁੱਢਲੀਆਂ ਲੋੜਾਂ ਹੋ ਸਕਦੀਆਂ ਹਨ:

* ਆਮ ਆਦਮੀ ਦੇ ਵਰਤਮਾਨ ਯੁੱਗ ਵਿੱਚ, ਆਮ ਸਿੱਖ ਤੱਕ ਧਰਮ ਦੇ ਮਾਧਿਅਮ ਰਾਹੀਂ ਪਹੁੰਚਿਆ ਜਾਵੇ ਅਤੇ ਇਹ ਚੇਤਨਤ ਪ੍ਰਚੰਡ ਕੀਤਾ ਜਾਵੇ ਕਿ ਧਰਮ ਅਤੇ ਸਿਆਸਤ ਵਿੱਚੋਂ ਕਿਸੇ ਇੱਕ ਨਾਲ ਹੀ ਨਿਭਿਆ ਜਾ ਸਕਦਾ ਹੈ।

* ਭਾਸ਼ਣ ਕਲਾ ਨਾਲ ਜਜ਼ਬਾਤੀ ਸ਼ੋਸ਼ਣ ਦੇ ਤਲਿੱਸਮੀ ਸਰੋਕਾਰਾਂ, ਸਮਾਜ ਦੇ ਸਿਆਸੀਕਰਨ ਅਤੇ ਧਰਮ ਦੇ ਵਿਉਪਾਰੀਕਰਨ ਤੋਂ ਆਪ ਬਚਿਆ ਜਾਵੇ ਅਤੇ ਹੋਰਨਾਂ ਨੂੰ ਬਚਾਉਣ ਦੀ ਲਹਿਰ ਪੈਦਾ ਕੀਤੀ ਜਾਵੇ।

* ਇਹ ਸਚਾਈ ਆਮ ਸਿੱਖ ਦੀ ਸੋਚ ਦਾ ਹਿੱਸਾ ਬਣਾਈ ਜਾਵੇ ਕਿ ਸਿੱਖੀ ਵਿੱਚ ਅਹੁਦਿਆਂ ਦੇ ਅਧਿਕਾਰ ਨੂੰ ਮਾਨਤਾ ਨਹੀਂ ਦਿੱਤੀ ਗਈ ਅਤੇ ਇਸ ਦੀ ਥਾਂ ਜ਼ਿੰਮੇਵਾਰੀਆਂ ਦੀ ਨੈਤਿਕਤਾ ਨੂੰ ਹੀ ਮਾਨਤਾ ਦਿੱਤੀ ਗਈ ਹੈ।

* ਰਾਏ ਦੇ ਵਿਰੋਧ ਨੂੰ ਨਾਲ ਲੈ ਕੇ ਤੁਰਨ ਦੀ ਸਿੱਖ ਸਹਿਜ ਵਿਧੀ ਅਪਣਾਈ ਜਾਵੇ।

* ਸਿਆਸੀ ਮੁੱਦਿਆਂ ਅਤੇ ਧਾਰਮਿਕ ਮੁੱਦਿਆਂ ਵਿੱਚ ਨਿਖੇੜਾ ਕਰ ਸਕਣ ਲਈ ਸੰਵਾਦ ਰਚਾਉਣ ਦੇ ਅਵਸਰ ਪੈਦਾ ਕੀਤੇ ਜਾਣ।

* ਸਿੱਖਾਂ ਨੂੰ ਸਿੱਖਾਂ ਤੋਂ ਬਚਾਉਣ ਲਈ ਸਹਿਮਤੀ ਪੈਦਾ ਕਰਨ ਦੇ ਯਤਨ ਕੀਤੇ ਜਾਣ ਅਤੇ ਉਲਾਰ ਰਾਜਨੀਤੀ ਨਾਲ ਪੈਦਾ ਹੋਣ ਵਾਲੇ ਹੰਕਾਰੀ ਸਰੋਕਾਰਾਂ ਤੋਂ ਬਚਣ ਦੇ ਯਤਨ ਕੀਤੇ ਜਾਣ।

* ਤਖ਼ਤਾਂ ਦੇ ਜਥੇਦਾਰਾਂ ਦੀ ਚੋਣ ਵਿਧੀ, ਅਵਧੀ ਅਤੇ ਸੇਵਾ ਸ਼ਰਤਾਂ ਬਾਰੇ ਪਹਿਲਾਂ ਕਮੇਟੀ ਬਣਾਕੇ ਸਹਿਮਤੀ ਦਸਤਾਵੇਜ਼ ਤਿਆਰ ਕੀਤਾ ਜਾਵੇ ਅਤੇ ਫਿਰ ਚੋਣਵੇਂ ਚੇਤੰਨ ਸਿੱਖ ਇਸ ਬਾਰੇ ਇਕੱਠੇ ਵਿਚਾਰ ਕਰਨ। ਪਰਵਾਨ ਕੀਤੇ ਦਸਤਾਵੇਜ਼ ਬਾਰੇ ਪਹਿਲਾਂ ਖੁੱਲ੍ਹੀ ਬਹਿਸ ਕਰਵਾਈ ਜਾਵੇ ਅਤੇ ਫਿਰ ਅਕਾਲ ਤਖ਼ਤ ਸਾਹਿਬ 'ਤੇ ਇਕੱਠਿਆਂ ਬੈਠ ਕੇ ਗੁਰਮਤੇ ਵਜੋਂ ਪਰਵਾਨ ਕੀਤਾ ਜਾਵੇ।

* ਮੀਡੀਆ ਤ੍ਰਿਸ਼ਨਾ ਤੋਂ ਬਚੇ ਬਗ਼ੈਰ, ਇਸ ਸਭ ਕਾਸੇ ਲਈ ਲੋੜੀਂਦਾ ਸਬਰ, ਸੰਤੋਖ ਅਤੇ ਸਹਿਜ ਬਣਾਈ ਰੱਖਣਾ ਔਖਾ ਲੱਗਦਾ ਹੈ।

* ਸਾਰੀਆਂ ਕੋਸ਼ਿਸ਼ਾਂ ਸਮੇਂ ਦੇ ਹਾਣ ਦਾ ਜਥੇਦਾਰ ਤਲਾਸ਼ਣ ਲਈ ਹੀ ਹੋਣੀਆਂ ਚਾਹੀਦੀਆਂ ਹਨ। ਜਥੇਦਾਰ ਨੂੰ ਨੈਤਿਕ ਸਰਪ੍ਰਸਤੀ ਅਧੀਨ, ਹਰ ਉਸ ਸਿੱਖ ਦੀਆਂ ਧਾਰਮਿਕ ਲੋੜਾਂ ਦਾ ਖ਼ਿਆਲ ਰੱਖਣਾ ਹੋਵੇਗਾ ਜਿਨ੍ਹਾਂ ਦਾ ਅਕਾਲ ਤਖ਼ਤ ਸਾਹਿਬ ਵਿੱਚ ਵਿਸ਼ਵਾਸ ਹੈ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



# KHALSA
## INSURANCE AGENCY, INC.

Khalsa Insurance Agency is among TOP 50 agencies of Blue Cross in USA.

Anthem BlueCross
2014 ACE INDIVIDUAL
CHAMPION LEVEL
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ,
ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ
ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ
ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ
Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com

SUNPREME
Premium Bifacial Thin Film Solar

Satnam Singh Khalsa
510-706-1300


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
DCODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM